@Qpatrika
@qaumipatrikapunjabi
instagram.com/qaumipatrika
Largest Circulated

विश्व भर में सबसे ज्यादा पढ़ा जाने वाला

# ਕੌਮੀ ਪਤ੍ਰਿਕਾ

Qaumi Patrika NO.1

Punjabi National Daily

ਦਿੱਲੀ, ਹਿਮਾਚਲ, ਹਰਿਆਣਾ, ਪੰਜਾਬ, ਉੱਤਰ ਪ੍ਰਦੇਸ਼, ਉੱਤਰਾਖੰਡ ਸੇ ਪ੍ਰਸਾਰਿਤ।

Thursday, 29 August 2024

VISIT: www.qaumipatrika.org
Email: qpatrika@gmail.com

ਨਵੀਂ ਦਿੱਲੀ: ਵੀਰਵਾਰ 29 ਅਗਸਤ 2024, 13 ਭਾਦੋਂ ਨਾਨਕਸ਼ਾਹੀ ਸੰਮਤ 555 (ਸਫ਼ੇ-12) ਮੁੱਲ 3.00 ਰੁਪਏ

R.N.I. No. 39272/81– ਸੰਪਾਦਕ – ਗੁਰਚਰਨ ਸਿੰਘ ਬੱਬਰ – ਸਾਲ – 42, ਅੰਕ 293, qpatrika@gmail.com ਫੋਨ : 9971359517 www.qaumipatrika.org

## ਕਿਸਾਨਾਂ ਬਾਰੇ ਮਰਿਆਦਾ 'ਚ ਰਹਿ ਕੇ ਦਿਓ ਬਿਆਨ: ਅਭੈ ਚੌਟਾਲਾ

ਸਿਰਸਾ 28 ਅਗਸਤ। ਇਨੈਲੋ ਵਿਧਾਇਕ ਅਭੈ ਚੌਟਾਲਾ ਨੇ ਭਾਜਪਾ ਸੰਸਦ ਮੈਂਬਰ ਅਤੇ ਅਦਾਕਾਰਾ ਕੰਗਨਾ ਰਣੌਤ ਵਲੋਂ ਕਿਸਾਨਾਂ ਨੂੰ ਬਲਾਤਕਾਰੀ ਕਹਿਣ ਦੇ ਬਿਆਨ 'ਤੇ ਸਖਤ ਇਤਰਾਜ ਜਤਾਇਆ ਹੈ। ਉਨ੍ਹਾਂ ਕਿਹਾ ਕਿ ਕੰਗਨਾ ਇਕ ਔਰਤ ਹੈ, ਇਸ ਲਈ ਉਹ ਉਸ ਬਾਰੇ ਜ਼ਿਆਦਾ ਬੋਲਣਾ ਨਹੀਂ ਚਾਹੁੰਦੇ ਪਰ ਇਕ ਔਰਤ ਨੂੰ ਮਰਿਆਦਾ 'ਚ ਰਹਿਣਾ ਚਾਹੀਦਾ ਹੈ। ਕਿਸਾਨ ਬਲਾਤਕਾਰੀ ਨਹੀਂ ਸਗੋਂ ਕਿਸਾਨ ਦੇਸ਼ ਦਾ ਅੰਨਦਾਤਾ ਹੈ। ਇਸ ਦੇ ਨਾਲ ਹੀ ਅਭੈ ਚੌਟਾਲਾ ਨੇ ਭਾਜਪਾ 'ਤੇ ਪਲਟਵਾਰ ਕਰਦਿਆਂ ਕਿਹਾ ਕਿ ਭਾਜਪਾ ਹਮੇਸ਼ਾ ਤੋਂ ਹੀ ਕਿਸਾਨ ਵਿਰੋਧੀ ਰਹੀ ਹੈ। ਜੇਕਰ ਭਾਜਪਾ ਕਿਸਾਨਾਂ ਦੀ ਹਿਤੈਸ਼ੀ ਹੁੰਦੀ ਹੈ ਤਾਂ ਕੰਗਨਾ ਦੀ ਹਿੰਮਤ



ਨਹੀਂ ਸੀ ਕਿ ਇਸ ਤਰ੍ਹਾਂ ਦਾ ਬਿਆਨ ਕਿਸਾਨਾਂ ਬਾਰੇ ਦੇ ਸਕੇ। ਅਭੈ ਨੇ ਕਿਹਾ ਕਿ ਕਿਸੇ ਨੂੰ ਵੀ ਗੰਦੀ ਭਾਸ਼ਾ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ। ਦੱਸਣਯੋਗ ਹੈ ਕਿ ਕੰਗਨਾ ਨੇ ਦੋਸ਼ ਲਾਇਆ ਸੀ ਕਿ ਤਿੰਨ ਖੇਤੀ ਕਾਨੂੰਨਾਂ ਖਿਲਾਫ ਕਿਸਾਨਾਂ ਦੇ ਅੰਦੋਲਨ ਦੌਰਾਨ ਲਾਸ਼ਾਂ ਲਟਕਦੀਆਂ ਵੇਖੀਆਂ ਗਈਆਂ ਅਤੇ ਬਲਾਤਕਾਰ ਹੁੰਦੇ ਸਨ। ਕੰਗਨਾ ਨੇ ਕਿਹਾ ਕਿ ਖੇਤੀ ਕਾਨੂੰਨਾਂ ਨੂੰ ਵਾਪਸ ਲਏ ਜਾਣ ਮਗਰੋਂ ਵੀ ਵਿਰੋਧ ਪ੍ਰਦਰਸ਼ਨ ਜਾਰੀ ਰਹਿਣ ਲਈ ਸਵਾਰਥੀ ਹਿੱਤਾਂ ਅਤੇ ਵਿਦੇਸ਼ੀ ਸ਼ਕਤੀਆਂ ਨੂੰ ਦੋਸ਼ੀ ਠਹਿਰਾਇਆ। ਉਨ੍ਹਾਂ ਇਹ ਵੀ ਕਿਹਾ ਕਿ ਬੰਗਲਾਦੇਸ਼ ਵਿਚ ਜੋ ਹੋਇਆ, ਉਹ ਇੱਥੇ ਵੀ ਆਸਾਨੀ ਨਾਲ ਹੋ ਸਕਦਾ ਸੀ। ਵਿਦੇਸ਼ੀ ਤਾਕਤਾਂ ਵਲੋਂ ਸਾਜ਼ਿਸ਼ ਰਚੀ ਜਾ ਰਹੀ ਹੈ। ਕੰਗਨਾ ਦੀ ਟਿੱਪਣੀ ਭਾਜਪਾ ਲਈ ਅਜਿਹੇ ਸਮੇਂ ਆਈ ਹੈ, ਜਦੋਂ ਹਰਿਆਣਾ ਵਿਚ ਵਿਧਾਨ ਸਭਾ ਚੋਣਾਂ ਕੁਝ ਹੀ ਹਫਤੇ ਦੂਰ ਹਨ। ਕੰਗਨਾ ਦੀ ਟਿੱਪਣੀ ਨਾਲ ਭਾਜਪਾ ਖਿਲਾਫ ਕਿਸਾਨਾਂ ਦਾ ਗੁੱਸਾ ਹੋਰ ਭੜਕ ਸਕਦਾ ਹੈ, ਜਿਸ ਨਾਲ ਖੇਤੀ ਕੇਂਦਰਿਤ ਖੇਤਰਾਂ ਵਿਚ ਪਾਰਟੀ ਦੀ ਚੋਣਾਵੀ ਸੰਭਾਵਨਾਵਾਂ 'ਤੇ ਅਸਰ ਪੈ ਸਕਦਾ ਹੈ।

## ਉਮਰ ਅਬਦੁੱਲਾ ਗਾਂਦੇਰਬਲ ਤੋਂ ਲੜਨਗੇ ਚੋਣ, ਨੈਕਾਂ ਨੇ ਦੂਜੀ ਲਿਸਟ ਕੀਤੀ ਜਾਰੀ

ਸ਼੍ਰੀਨਗਰ 28 ਅਗਸਤ। ਨੈਸਨਲ ਕਾਨਫਰੰਸ (ਨੈਕਾਂ) ਦੇ ਉਪ ਪ੍ਰਧਾਨ ਉਮਰ ਅਬਦੁੱਲਾ ਜੰਮੂ-ਕਸਮੀਰ ਵਿਧਾਨ ਸਭਾ ਚੋਣਾਂ 'ਚ ਗੰਦੇਰਬਲ ਵਿਧਾਨ ਸਭਾ ਹਲਕੇ ਤੋਂ ਆਪਣੀ ਕਿਸਮਤ ਅਜਮਾਉਣਗੇ। ਪਾਰਟੀ ਨੇ ਮੰਗਲਵਾਰ ਨੂੰ ਇਹ ਜਾਣਕਾਰੀ ਦਿੱਤੀ। ਇਹ ਸਾਬਕਾ ਮੁੱਖ ਮੰਤਰੀ ਲਈ ਯੂ-ਟਰਨ ਹੈ, ਜਿਨ੍ਹਾਂ ਨੇ ਕੇਂਦਰ ਸਾਸਿਤ ਪ੍ਰਦੇਸ ਵਿਧਾਨ ਸਭਾ ਸੀਟ ਤੋਂ ਚੋਣ ਨਾ ਲੜਨ ਦੀ ਸਹੁੰ ਖਾਧੀ ਸੀ। ਨੈਕਾਂ ਨੇ ਪਾਰਟੀ ਦੇ 32 ਉਮੀਦਵਾਰਾਂ ਦੀ ਦੂਜੀ ਸੂਚੀ ਜਾਰੀ ਕੀਤੀ, ਜਿਸ 'ਚ ਗੰਦੇਰਬਲ ਵਿਧਾਨ ਸਭਾ ਸੀਟ ਲਈ ਉਮਰ ਅਬਦੁੱਲਾ ਦਾ ਨਾਮ ਵੀ ਸਾਮਲ ਹੈ। ਅਬਦੁੱਲਾ ਇਸ ਚੋਣ ਖੇਤਰ ਦਾ ਵਿਧਾਨ ਸਭਾ 'ਚ 2009 ਤੋਂ 2014 ਤੱਕ ਪ੍ਰਤੀਨਿਧੀਤੱਵ ਕਰ ਚੁੱਕੇ ਹਨ। ਉਹ ਉਦੋਂ ਐਨਸੀ-ਕਾਂਗਰਸ ਗੱਠਜੋੜ ਸਰਕਾਰ ਦੇ ਮੁੱਖ ਮੰਤਰੀ ਸਨ। ਉਮਰ ਨੇ ਸੋਮਵਾਰ ਨੂੰ ਸੰਕੇਤ ਦਿੱਤਾ ਸੀ ਕਿ ਉਹ ਚੋਣ ਨਾ



ਲੜਨ ਦੇ ਆਪਣੇ ਫੈਸਲੇ 'ਤੇ ਮੁੜ ਵਿਚਾਰ ਕਰ ਸਕਦੇ ਹਨ। ਇਸ ਤੋਂ ਬਾਅਦ ਸੋਮਵਾਰ ਨੂੰ ਨੈਸ਼ਨਲ ਕਾਨਫਰੰਸ ਨੇ 18 ਉਮੀਦਵਾਰਾਂ ਦੀ ਪਹਿਲੀ ਸੂਚੀ ਜਾਰੀ ਕੀਤੀ ਸੀ। ਨੈਕਾਂ ਅਤੇ ਕਾਂਗਰਸ ਵਲੋਂ ਸੋਮਵਾਰ ਨੂੰ ਸੀਟ ਵੰਡ ਦੇ ਐਲਾਨ ਤੋਂ ਬਾਅਦ ਮੀਡੀਆ ਨਾਲ ਗੱਲ ਕਰਦੇ ਹੋਏ ਉਮਰ ਨੇ ਕਿਹਾ ਸੀ ਕਿ ਉਹ ਆਪਣੀ ਪਾਰਟੀ ਦੇ ਸਹਿਯੋਗੀਆਂ ਤੋਂ ਚੋਣ ਲੜਨ ਅਤੇ ਲੋਕਾਂ ਤੋਂ ਇਕ ਅਜਿਹੀ ਵਿਧਾਨ ਸਭਾ ਲਈ ਵੋਟ ਦੇਣ ਨੂੰ ਕਹਿ ਕੇ 'ਗਲਤ ਸੰਕੇਤ' ਨਹੀ ਦੇਣਾ ਚਾਹੁੰਦੇ, ਜਿਸ ਨੂੰ ਉਹ ਸ਼ਾਇਦ ਮਾਮੂਲੀ ਮੰਨਦੇ ਹਨ। ਜੰਮੂ ਕਸ਼ਮੀਰ ਦੇ ਮੁੱਖ ਮੰਤਰੀ ਰਹਿ ਚੁੱਕੇ ਉਮਰ ਨੇ ਕਿਹਾ,"ਮੈਨੂੰ ਇਸ ਗੱਲ ਦਾ ਅਹਿਸਾਸ ਹੈ, ਜਿਸ ਬਾਰੇ ਮੈਂ ਪੂਰੀ ਤਰ੍ਹਾਂ ਨਹੀਂ ਸੋਚਿਆ ਸੀ ਅਤੇ ਉਹ ਮੇਰੀ ਗਲਤੀ ਹੈ। ਜੇਕਰ ਮੈਂ ਵਿਧਾਨ ਸਭਾ ਲਈ ਚੋਣ ਲੜਨ ਲਈ ਤਿਆਰ ਨਹੀਂ ਸੀ ਤਾਂ ਮੈਂ ਲੋਕਾਂ ਨੂੰ ਉਸ ਵਿਧਾਨ ਸਭਾ ਲਈ ਵੋਟ ਦੇਣ ਲਈ ਕਿਵੇਂ ਤਿਆਰ ਕਰ ਸਕਦਾ ਹਾਂ।" ਨੈਕਾਂ ਉੱਪ ਪ੍ਰਧਾਨ ਨੇ ਕਿਹਾ,"ਮੈਂ ਕਿਵੇਂ ਉਮੀਦ ਕਰ ਸਕਦਾ ਹਾਂ ਕਿ ਮੇਰੇ ਸਾਥੀ ਉਸ ਵਿਧਾਨ ਸਭਾ ਲਈ ਵੋਟ ਮੰਗਣਗੇ, ਜਿਸ ਨੂੰ ਮੈਂ ਸਵੀਕਾਰ ਕਰਨ ਲਈ ਤਿਆਰ ਨਹੀਂ ਹਾਂ, ਇਸ ਨੇ ਮੇਰੇ 'ਤੇ ਦਬਾਅ ਪਾਇਆ ਹੈ ਅਤੇ ਮੈਂ ਲੋਕਾਂ ਨੂੰ ਗਲਤ ਸੰਕੇਤ ਨਹੀਂ ਦੇਣਾ ਚਾਹੁੰਦਾ।"

## ਜੰਮੂ ਕਸ਼ਮੀਰ ਚੋਣਾਂ : ਭਾਜਪਾ ਨੇ 29 ਹੋਰ ਉਮੀਦਵਾਰਾਂ ਦੀ ਲਿਸਟ ਕੀਤੀ ਜਾਰੀ

ਨਵੀਂ ਦਿੱਲੀ 28 ਅਗਸਤ। ਭਾਰਤੀ ਜਨਤਾ ਪਾਰਟੀ (ਭਾਜਪਾ) ਨੇ ਜੰਮੂ ਕਸ਼ਮੀਰ ਵਿਧਾਨ ਸਭਾ ਚੋਣਾਂ ਲਈ ਮੰਗਲਵਾਰ ਨੂੰ 29 ਹੋਰ ਉਮੀਦਵਾਰਾਂ ਦੀ ਸੂਚੀ ਜਾਰੀ ਕੀਤੀ। ਇਸ ਦੇ ਨਾਲ ਹੀ ਪਾਰਟੀ ਹੁਣ ਤੱਕ 45 ਸੀਟਾਂ ਲਈ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਭਾਜਪਾ ਨੇ ਦੇਵੇਂਦਰ ਸਿੰਘ ਰਾਣਾ ਨੂੰ ਨਗਰੋਟਾ ਵਿਧਾਨ ਸਭਾ ਸੀਟ ਤੋਂ ਅਤੇ ਸਤੀਸ਼ ਸ਼ਰਮਾ ਨੂੰ ਬਿਲਾਵਰ ਵਿਧਾਨ ਸਭਾ ਸੀਟ ਤੋਂ ਉਮੀਦਵਾਰ ਬਣਾਇਆ ਹੈ। ਬਿਲਾਵਰ ਦਾ ਪ੍ਰਤੀਨਿਧੀਤੱਵ 2014 'ਚ ਹੋਈਆਂ ਆਖਰੀ ਵਿਧਾਨ ਸਭਾ ਚੋਣਾਂ 'ਚ ਸਾਬਕਾ ਉੱਪ ਮੁੱਖ ਮੰਤਰੀ ਨਿਰਮਲ ਸਿੰਘ ਨੇ ਕੀਤਾ ਸੀ। ਪਾਰਟੀ ਨੇ ਸੋਮਵਾਰ ਨੂੰ ਜਾਰੀ ਕੀਤੀ ਸੂਚੀ 'ਚ ਇਕ ਤਬਦੀਲੀ ਕੀਤੀ ਹੈ। ਉਸ ਨੇ ਸ਼੍ਰੀ ਮਾਤਾ ਵੈਸ਼ਣੋ ਦੇਵੀ ਸੀਟ ਤੋਂ ਰੋਹਿਤ ਦੂਬੇ ਦੇ ਸਥਾਨ 'ਤੇ ਬਲਦੇਵ ਰਾਜ ਸ਼ਰਮਾ ਨੂੰ ਮੈਦਾਨ 'ਚ ਉਤਾਰਿਆ ਹੈ। ਬਾਕੀ ਉਮੀਦਵਾਰਾਂ 'ਚ ਕੋਈ ਤਬਦੀਲੀ ਨਹੀਂ ਹੈ। ਭਾਜਪਾ ਦੀ ਤਾਜਾ ਸੂਚੀ 'ਚ ਦੂਜੇ ਪੜਾਅ ਲਈ 10 ਉਮੀਦਵਾਰ ਅਤੇ ਤੀਜੇ ਪੜਾਅ ਲਈ 19 ਉਮੀਦਵਾਰ ਹਨ। ਭਾਜਪਾ ਨੇ ਹੁਣ ਤੱਕ ਨੌਸ਼ਹਿਰਾ ਲਈ ਕੋਈ ਉਮੀਦਵਾਰ ਨਹੀਂ ਉਤਾਰਿਆ ਹੈ, ਜਿਸ ਦਾ ਪ੍ਰਤੀਨਿਧੀਤੱਵ 2014 'ਚ ਉਸ ਦੇ ਮੌਜੂਦਾ ਪ੍ਰਦੇਸ਼ ਪ੍ਰਧਾਨ ਰਵਿੰਦਰ ਰੈਨਾ ਨੇ ਕੀਤਾ ਸੀ। ਉਸ ਨੇ ਗਾਂਧੀਨਗਰ ਤੋਂ ਵੀ ਕੋਈ ਉਮੀਦਵਾਰ ਨਹੀਂ ਉਤਾਰਿਆ ਹੈ, ਜਿੱਥੋਂ ਪਿਛਲੀਆਂ ਚੋਣਾਂ 'ਚ ਉਸ ਦੇ ਸੀਨੀਅਰ ਨੇਤਾ ਅਤੇ ਸਾਬਕਾ ਉੱਪ ਮੁੱਖ ਮੰਤਰੀ ਕਵਿੰਦਰ ਗੁਪਤਾ ਚੁਣੇ ਗਏ ਸਨ। ਕੇਂਦਰ ਸ਼ਾਸਿਤ ਪ੍ਰਦੇਸ਼ ਜੰਮੂ ਕਸ਼ਮੀਰ 'ਚ 90 ਮੈਂਬਰੀ ਵਿਧਾਨ ਸਭਾ ਲਈ ਤਿੰਨ ਪੜਾਵਾਂ 'ਚ 18 ਸਤੰਬਰ, 25 ਸਤੰਬਰ ਅਤੇ ਇਕ ਅਕਤੂਬਰ ਨੂੰ ਵੋਟਿੰਗ ਹੋਵੇਗੀ। ਵੋਟਾਂ ਦੀ ਗਿਣਤੀ 4 ਅਕਤੂਬਰ ਨੂੰ ਹੋਵੇਗੀ।

# ਸਰਕਾਰ ਬਲਾਤਕਾਰੀਆਂ ਨੂੰ ਮੌਤ ਦੀ ਸਜਾ ਦੇਣ ਲਈ ਮੌਜੂਦਾ ਕਾਨੂੰਨਾਂ 'ਚ ਕਰੇਗੀ ਸੋਧ : ਮਮਤਾ

ਸਿੰਮੀ ਕੌਰ ਬੱਬਰ

ਕੋਲਕਾਤਾ 28 ਅਗਸਤ। ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਬੁੱਧਵਾਰ ਨੂੰ ਕਿਹਾ ਕਿ ਉਨ੍ਹਾਂ ਦੀ ਸਰਕਾਰ ਦੀ ਨੀਤੀ 'ਬਲਾਤਕਾਰ ਨਾਲ ਸਬੰਧਤ ਘਟਨਾਵਾਂ ਲਈ ਜੀਰੋ ਟੌਲਰੈਂਸ' ਹੈ ਅਗਲੇ ਹਫਤੇ ਰਾਜ ਵਿਧਾਨ ਸਭਾ ਵਿੱਚ ਇਨ੍ਹਾਂ ਮਾਮਲਿਆਂ ਨਾਲ ਸਬੰਧਤ ਮੌਜੂਦਾ ਕਾਨੂੰਨਾਂ ਵਿੱਚ ਸੋਧ ਕਰਨ ਲਈ ਇਕ ਬਿੱਲ ਪਾਸ ਕੀਤਾ ਜਾਵੇਗਾ ਤਾਂ ਜੋ ਬਲਾਤਕਾਰ ਦੇ ਦੋਸੀਆਂ ਲਈ ਮੌਤ ਦੀ ਸਜਾ ਨੂੰ ਯਕੀਨੀ ਬਣਾਇਆ ਜਾ ਸਕੇ। ਬੈਨਰਜੀ ਨੇ ਕਿਹਾ ਕਿ ਜੇਕਰ ਰਾਜਪਾਲ ਸੋਧੇ ਹੋਏ ਬਿੱਲ ਨੂੰ ਮਨਜੂਰੀ ਦੇਣ ਵਿਚ ਦੇਰੀ ਕਰਦੇ ਹਨ ਜਾਂ ਰਾਸਟਰਪਤੀ ਨੂੰ ਮਨਜੂਰੀ ਲਈ ਭੇਜਦੇ ਹਨ ਤਾਂ ਉਹ ਰਾਜ ਭਵਨ ਦੇ ਬਾਹਰ ਵਿਰੋਧ ਪ੍ਰਦਰਸਨ 'ਚ ਬੈਠਣਗੇ। ਮੁੱਖ ਮੰਤਰੀ ਨੇ ਕਿਹਾ ਕਿ ਤ੍ਰਿਣਮੂਲ ਕਾਂਗਰਸ ਬਲਾਤਕਾਰ ਦੇ ਦੋਸੀਆਂ ਨੂੰ ਮੌਤ ਦੀ ਸਜਾ ਦੇਣ ਵਾਲਾ ਕਾਨੂੰਨ ਪਾਸ ਕਰਨ ਲਈ ਕੇਂਦਰ 'ਤੇ ਦਬਾਅ ਬਣਾਉਣ ਲਈ ਸਨੀਵਾਰ ਤੋਂ ਸੂਬੇ 'ਚ ਜਮੀਨੀ ਪੱਧਰ 'ਤੇ ਅੰਦੋਲਨ ਸੁਰੂ ਕਰੇਗੀ। ਤ੍ਰਿਣਮੂਲ ਕਾਂਗਰਸ ਵਿਦਿਆਰਥੀ ਪ੍ਰੀਸਦ ਦੇ ਸਥਾਪਨਾ ਦਿਵਸ 'ਤੇ ਆਯੋਜਿਤ ਇਕ ਰੈਲੀ 'ਚ ਉਨ੍ਹਾਂ ਕਿਹਾ ਕਿ ਅਸੀਂ ਅਗਲੇ ਹਫਤੇ ਵਿਧਾਨ ਸਭਾ ਦੇ ਵਿਸੇਸ ਸੈਸਨ 'ਚ ਸੋਧ ਬਿੱਲ ਪਾਸ ਕਰ ਦੇਵਾਂਗੇ। ਫਿਰ ਅਸੀਂ ਇਸ ਨੂੰ ਮਨਜੂਰੀ ਲਈ ਰਾਜਪਾਲ ਕੋਲ ਭੇਜਾਂਗੇ। ਜੇਕਰ ਉਹ ਬਿੱਲ ਨੂੰ ਪੈਂਡਿੰਗ ਰੱਖਦੇ ਹਨ ਤਾਂ ਅਸੀਂ ਰਾਜ ਭਵਨ ਦੇ ਬਾਹਰ ਧਰਨਾ ਦੇਵਾਂਗੇ। ਬੈਨਰਜੀ ਨੇ ਬੰਗਾਲ ਦੇ ਜੂਨੀਅਰ ਡਾਕਟਰਾਂ ਨੂੰ ਕੰਮ 'ਤੇ ਵਾਪਸ ਆਉਣ ਦੀ ਅਪੀਲ ਕੀਤੀ। ਇਹ ਡਾਕਟਰ 20 ਦਿਨਾਂ ਤੋਂ ਹੜਤਾਲ 'ਤੇ ਹਨ। ਉਨ੍ਹਾਂ ਕਿਹਾ ਕਿ ਮੈਂ ਸੁਰੂ ਤੋਂ ਹੀ ਡਾਕਟਰਾਂ ਦੇ ਇਸ ਮੁੱਦੇ



ਪ੍ਰਤੀ ਹਮਦਰਦੀ ਰੱਖਦਾ ਹਾਂ, ਕਿਉਂਕਿ ਉਹ ਆਪਣੇ ਸਾਥੀ ਲਈ ਇਨਸਾਫ ਦੀ ਮੰਗ ਕਰ ਰਹੇ ਹਨ। ਘਟਨਾ ਨੂੰ ਇੰਨੇ ਦਿਨ ਬੀਤ ਜਾਣ ਦੇ ਬਾਵਜੂਦ ਵੀ ਉਨ੍ਹਾਂ ਖਿਲਾਫ ਕੋਈ ਕਾਰਵਾਈ ਨਹੀਂ ਹੋਈ। ਅਸੀਂ ਤੁਹਾਡੇ ਦਰਦ ਨੂੰ ਸਮਝਦੇ ਹਾਂ, ਪਰ ਕਿਰਪਾ ਕਰਕੇ ਹੁਣੇ ਕੰਮ 'ਤੇ ਪਰਤ ਜਾਓ ਕਿਉਂਕਿ ਮਰੀਜ ਦੁਖੀ ਹਨ। ਬੈਨਰਜੀ ਨੇ 12 ਘੰਟੇ ਦੇ ਬੰਦ ਦੇ ਸੱਦੇ 'ਤੇ ਭਾਜਪਾ 'ਤੇ ਤਿੱਖਾ ਹਮਲਾ ਕਰਦੇ ਹੋਏ ਕਿਹਾ ਕਿ ਉਨ੍ਹਾਂ (ਭਾਜਪਾ) ਨੇ ਬੰਦ ਦਾ ਸੱਦਾ ਦਿੱਤਾ, ਕਿਉਂਕਿ ਉਹ ਇੱਕ ਲਾਸ ਤੋਂ ਸਿਆਸੀ ਲਾਭ ਚਾਹੁੰਦੇ ਸਨ। ਭਾਜਪਾ ਨੌਜਵਾਨ ਔਰਤ ਦੀ ਮੌਤ ਦੇ ਮੱਦੇਨਜਰ ਆਮ ਲੋਕਾਂ ਦੀਆਂ ਭਾਵਨਾਵਾਂ ਦਾ ਫਾਇਦਾ ਉਠਾਉਣ ਦੀ ਕੋਸ਼ਿਸ਼ ਕਰ ਰਹੀ ਹੈ। ਉਹ ਬੰਗਾਲ ਨੂੰ ਬਦਨਾਮ ਕਰਨਾ ਚਾਹੁੰਦੇ ਹਨ ਅਤੇ ਡਾਕਟਰ ਦੀ ਮੌਤ ਦੀ ਜਾਂਚ ਨੂੰ ਪਟੜੀ ਤੋਂ ਉਤਾਰਨ ਦੀ ਸਾਜ਼ਿਸ਼ ਰਚ ਰਹੇ ਹਨ ਤਾਂ ਜੋ ਪੀੜਤ ਅਤੇ ਉਸ ਦੇ ਪਰਿਵਾਰ ਨੂੰ ਨਿਆਂ ਨਾ ਮਿਲੇ। ਪੁਲਸ ਕਾਰਵਾਈ ਦੇ ਵਿਰੋਧ 'ਚ ਬੁੱਧਵਾਰ ਨੂੰ 'ਬੰਗਾਲ ਬੰਦ' ਦਾ ਸੱਦਾ ਦਿੱਤਾ ਗਿਆ। ਕੋਲਕਾਤਾ ਦੇ ਆਰਜੀ ਕਰ ਹਸਪਤਾਲ ਵਿੱਚ ਇੱਕ ਡਾਕਟਰ ਨਾਲ ਕਥਿਤ ਬਲਾਤਕਾਰ ਅਤੇ ਹੱਤਿਆ ਦੇ ਮਾਮਲੇ ਵਿੱਚ ਮੁੱਖ ਮੰਤਰੀ ਮਮਤਾ ਬੈਨਰਜੀ ਦੇ ਅਸਤੀਫੇ ਦੀ ਮੰਗ ਕਰਨ ਲਈ ਰਾਜ ਸਕੱਤਰੇਤ (ਨਬੰਨਾ) ਤੱਕ ਇੱਕ ਮਾਰਚ ਕੱਢਿਆ ਗਿਆ। ਇਹ ਮਾਰਚ ਇੱਕ ਨਵੇਂ ਬਣੇ ਵਿਦਿਆਰਥੀ ਗਰੁੱਪ 'ਵਿਦਿਆਰਥੀ ਸਮਾਜ' ਵੱਲੋਂ ਕੀਤਾ ਗਿਆ।

# ਕੋਲਕਾਤਾ ਜਬਰ-ਜਿਨਾਹ ਤੇ ਕਤਲ ਕੇਸ 'ਤੇ ਰਾਸ਼ਟਰਪਤੀ ਨੇ ਕਿਹਾ 'ਬਸ ਹੁਣ ਬਹੁਤ ਹੋ ਗਿਆ'

ਏਜੰਸੀਆਂ

ਨਵੀਂ ਦਿੱਲੀ 28 ਅਗਸਤ। ਪੱਛਮੀ ਬੰਗਾਲ ਦੇ ਕੋਲਕਾਤਾ 'ਚ ਮਹਿਲਾ ਡਾਕਟਰ ਨਾਲ ਜਬਰ-ਜ਼ਿਨਾਹ ਅਤੇ ਕਤਲ ਮਾਮਲੇ 'ਚ ਲਗਾਤਾਰ ਵਿਰੋਧ ਪ੍ਰਦਰਸ਼ਨ ਹੋ ਰਹੇ ਹਨ। ਇਸ ਮਾਮਲੇ 'ਚ ਭਾਰਤ ਦੀ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵੱਡਾ ਬਿਆਨ ਦਿੱਤਾ ਹੈ। ਰਾਸ਼ਟਰਪਤੀ ਨੇ ਕਿਹਾ ਕਿ ਇਸ ਘਟਨਾ ਤੋਂ ਉਹ ਨਿਰਾਸ਼ ਅਤੇ ਡਰੀ ਹੋਈ ਹੈ। ਰਾਸ਼ਟਰਪਤੀ ਨੇ ਇਸ ਮਾਮਲੇ 'ਤੇ ਸਖਤ ਟਿੱਪਣੀ ਕਰਦਿਆਂ ਕਿਹਾ ਕਿ ਬਸ ਹੁਣ ਬਹੁਤ ਹੋ ਗਿਆ। ਔਰਤਾਂ ਖਿਲਾਫ ਅਪਰਾਧਾਂ 'ਤੇ ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਸਮਾਜ ਨੂੰ ਈਮਾਨਦਾਰ, ਨਿਰਪੱਖ ਆਤਮ ਨਿਰੀਖਣ' ਅਤੇ ਆਪਣੇ ਆਪ ਨੂੰ ਕੁਝ ਸਖਤ ਸਵਾਲ ਪੁੱਛਣ ਦੀ ਲੋੜ ਹੈ। ਰਾਸਟਰਪਤੀ ਨੇ ਕਿਹਾ ਹੈ ਕਿ ਕੋਈ ਵੀ ਸੱਭਿਅਕ ਸਮਾਜ ਧੀਆਂ-ਭੈਣਾਂ 'ਤੇ ਅਜਿਹੇ ਅੱਤਿਆਚਾਰ ਦੀ ਇਜਾਜਤ ਨਹੀਂ ਦੇ ਸਕਦਾ। ਰਾਸ਼ਟਰਪਤੀ ਮੁਰਮੂ ਨੇ ਪੱਛਮੀ ਬੰਗਾਲ ਦੀ ਰਾਜਧਾਨੀ ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ



ਕਾਲਜ ਹਸਪਤਾਲ ਵਿਚ ਮਹਿਲਾ ਡਾਕਟਰ ਨਾਲ ਜਬਰ-ਜ਼ਿਨਾਹ ਅਤੇ ਕਤਲ ਮਾਮਲੇ ਵਿਚ ਹੋ ਰਹੇ ਵਿਰੋਧ ਪ੍ਰਦਰਸ਼ਨ 'ਤੇ ਵੀ ਟਿੱਪਣੀ ਕੀਤੀ ਹੈ। ਰਾਸ਼ਟਰਪਤੀ ਨੇ ਕਿਹਾ ਕਿ ਜਦੋਂ ਵਿਦਿਆਰਥੀ, ਡਾਕਟਰ ਅਤੇ ਨਾਗਰਿਕ ਕੋਲਕਾਤਾ ਵਿਚ ਵਿਰੋਧ ਪ੍ਰਦਰਸ਼ਨ ਕਰ ਰਹੇ ਹਨ, ਉਸ ਸਮੇਂ ਵੀ ਅਪਰਾਧੀ ਪੀੜਤਾਂ ਦੀ ਭਾਲ ਵਿਚ ਕਿਤੇ ਹੋਰ ਲੁਕੇ ਹੋਏ ਹਨ। ਰਾਸ਼ਟਰਪਤੀ ਮੁਰਮੂ ਨੇ ਕਿਹਾ ਕਿ ਨਿਰਭਿਆ ਕਾਂਡ ਦੇ 12 ਸਾਲਾਂ ਵਿਚ ਸਮਾਜ ਵਲੋਂ ਅਣਗਿਣਤ ਜਬਰ-ਜ਼ਿਨਾਹ ਦੀਆਂ ਘਟਨਾਵਾਂ ਨੂੰ ਭੁੱਲਾ ਦਿੱਤਾ ਗਿਆ। ਰਾਸਟਰਪਤੀ ਨੇ ਕਿਹਾ ਕਿ ਇਤਿਹਾਸ ਦਾ ਸਾਹਮਣਾ ਕਰਨ ਤੋਂ ਡਰਨ ਵਾਲੇ ਸਮਾਜ ਸਮੂਹਿਕ ਭੁੱਲਣ ਦੀ ਬੀਮਾਰੀ ਦਾ ਸਹਾਰਾ ਲੈਂਦੇ ਹਨ। ਹੁਣ ਸਮਾਂ ਆ ਗਿਆ ਹੈ ਕਿ ਭਾਰਤ ਇਤਿਹਾਸ ਦਾ ਸਾਹਮਣਾ ਕਰੇ। ਰਾਸਟਰਪਤੀ ਨੇ ਕਿਹਾ ਕਿ ਸਾਨੂੰ ਇਸ ਸੰਕਟ ਨਾਲ ਵਿਆਪਕ ਢੰਗ ਨਾਲ ਨਜਿੱਠਣਾ ਚਾਹੀਦਾ ਹੈ ਤਾਂ ਜੋ ਇਸ ਨੂੰ ਨੱਥ ਪਾਈ ਜਾ ਸਕੇ।

## ਮੁੱਖ ਮੰਤਰੀ ਭਗਵੰਤ ਮਾਨ ਦਾ ਇਕ ਹੋਰ ਵੱਡਾ ਕਦਮ

ਚੰਡੀਗੜ੍ਹ 28 ਅਗਸਤ। ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਹੋਰ ਅਹਿਮ ਕਦਮ ਚੁੱਕਿਆ ਗਿਆ ਹੈ। ਦੱਸ ਦੇਈਏ ਕਿ ਨਸ਼ਿਆਂ ਵਿਰੁੱਧ ਮੁਹਿੰਮ ਤੇਜ ਕਰਨ ਲਈ ਹੁਣ ਨਵੀਂ ਐਂਟੀ ਨਾਰਕੋਟਿਕ ਟਾਸਕ ਫੋਰਸ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ



ਕੱਸਿਆ ਜਾਵੇਗਾ। ਐਂਟੀ ਨਾਰਕੋਟਿਕ ਟਾਸਕ ਫੋਰਸ ਦਾ ਟੀਚਾ ਪੰਜਾਬ ਵਿੱਚ ਨਸ਼ਿਆਂ ਨੂੰ ਖਤਮ ਕਰਨਾ ਹੋਵੇਗਾ। ਮੁੱਖ ਮੰਤਰੀ ਭਗਵੰਤ ਮਾਨ ਮੁਹਾਲੀ 'ਚ ਐਂਟੀ ਨਾਰਕੋਟਿਕ ਟਾਸਕ ਫੋਰਸ ਦੀ ਨਵੀਂ ਇਮਾਰਤ ਦਾ ਕੱਲ੍ਹ ਸਵੇਰੇ 11 ਵਜੇ ਉਦਘਾਟਨ ਕਰਨਗੇ। ਪੰਜਾਬ ਸਰਕਾਰ ਐਂਟੀ ਨਾਰਕੋਟਿਕ ਟਾਸਕ ਫੋਰਸ ਦਾ ਵਟਸਐਪ ਨੰਬਰ ਵੀ ਜਾਰੀ ਕਰਨਗੇ, ਜਿਸ ਰਾਹੀਂ ਪੰਜਾਬ ਦੇ ਲੋਕ ਵਟਸਐਪ 'ਤੇ ਨਸਾ ਤਸਕਰੀ ਦੀ ਜਾਣਕਾਰੀ ਦੇ ਸਕਣਗੇ। ਇਸ ਤੋਂ ਇਲਾਵਾ ਐਂਟੀ ਨਾਰਕੋਟਿਕ ਟਾਸਕ ਫੋਰਸ ਦੀ ਨਵੀਂ ਇਮਾਰਤ 'ਚ ਬਣਾਈ ਗਈ ਅਤਿ ਆਧੁਨਿਕ ਕੰਪਿਊਟਰ ਲੈਬ ਨਾਲ ਪੰਜਾਬ 'ਚ ਨਸਾ ਤਸਕਰਾਂ 'ਤੇ ਤਿੱਖੀ ਨਜਰ ਰੱਖੀ ਜਾਵੇਗੀ।

# ਜੇ.ਜੇ.ਪੀ 2 ਸਤੰਬਰ ਨੂੰ ਤੈਅ ਕਰੇਗਾ ਜਿਆਦਾਤਰ ਉਮੀਦਵਾਰਾਂ ਦੇ ਨਾਂ : ਦੁਸ਼ਯੰਤ ਚੌਟਾਲਾ

ਨਵਦੀਪ ਸਿੰਘ ਸਾਹਨੀ

ਸਿਰਸਾ 28 ਅਗਸਤ। ਹਰਿਆਣਾ ਦੇ ਸਾਬਕਾ ਉੱਪ ਮੁੱਖ ਮੰਤਰੀ ਅਤੇ ਜਨਨਾਇਕ ਜਨਤਾ ਪਾਰਟੀ (ਜੇ.ਜੇ.ਪੀ.) ਦੇ ਨੇਤਾ ਦੁਸ਼ਯੰਤ ਚੌਟਾਲਾ ਨੇ ਕਿਹਾ ਹੈ ਕਿ ਜੇ.ਜੇ.ਪੀ. ਪੂਰੀ ਤਰ੍ਹਾਂ ਨਾਲ ਚੋਣ ਮੋਡ 'ਚ ਹੈ ਅਤੇ ਇਸ ਦੀ ਤਿਆਰੀ ਜੰਗੀ ਪੱਧਰ 'ਤੇ ਜਾਰੀ ਹੈ। ਇਸੇ ਸੰਦਰਭ 'ਚ ਆਉਣ ਵਾਲੀ 2 ਸਤੰਬਰ ਨੂੰ ਜੇ.ਜੇ.ਪੀ. ਦੀ ਪ੍ਰਦੇਸ਼ ਐਡਵਾਇਜਰੀ ਕਮੇਟੀ ਦੀ ਇਕ ਮਹੱਤਵਪੂਰਨ ਬੈਠਕ ਬੁਲਾਈ ਗਈ ਹੈ, ਜਿਸ 'ਚ ਜ਼ਿਆਦਾਤਰ ਸੀਟਾਂ 'ਤੇ ਉਮੀਦਵਾਰਾਂ ਦੀ ਚੋਣ ਕਰ ਲਈ ਜਾਵੇਗੀ। ਦੱਸਣਯੋਗ ਹੈ ਕਿ ਆਜਾਦ ਸਮਾਜ ਪਾਰਟੀ ਨਾਲ ਗਠਜੋੜ ਤੋਂ ਬਾਅਦ ਜੇ.ਜੇ.ਪੀ. ਪ੍ਰਦੇਸ਼ 'ਚ 70 ਸੀਟਾਂ 'ਤੇ ਹੀ ਆਪਣੇ ਉਮੀਦਵਾਰ ਉਤਾਰੇਗਾ। ਸ਼੍ਰੀ ਚੌਟਾਲਾ ਨੇ ਬੁੱਧਵਾਰ ਨੂੰ ਇੱਥੇ ਪੱਤਰਕਾਰਾਂ ਨਾਲ ਗੱਲਬਾਤ 'ਚ ਕਿਹਾ ਕਿ ਗਠਜੋੜ ਹੀ ਭਵਿੱਖ ਤੈਅ ਕਰਦੇ ਹਨ ਕਿ ਕਿਹੜੀ ਸਥਿਤੀ 'ਚ ਪਾਰਟੀਆਂ ਚੋਣ ਮੈਦਾਨ 'ਚ ਉਤਰਨਗੀਆਂ। ਉਨ੍ਹਾਂ ਕਿਹਾ ਕਿ ਜੇ.ਜੇ.ਪੀ. ਅਤੇ ਆਜਾਦ ਸਮਾਜ ਪਾਰਟੀ ਦਾ ਗਠਜੋੜ ਹਰਿਆਣਾ ਨੂੰ ਤਰੱਕ ਦੇ ਰਾਹ 'ਤੇ ਲਿਜਾਏਗਾ। ਨਾਲ ਹੀ ਪ੍ਰਦੇਸ਼ ਦੇ ਕਿਸਾਨ, ਕਮੇਰੇ ਦੀ ਲੜਾਈ ਨੂੰ ਵੀ ਦੋਵੇਂ ਪਾਰਟੀਆਂ ਲੜਨਗੀਆਂ। ਸਾਬਕਾ ਉੱਪ ਮੁੱਖ ਮੰਤਰੀ ਨੇ



ਕਿਹਾ ਕਿ 2 ਨੌਜਵਾਨ ਮਿਲ ਕੇ ਪ੍ਰਦੇਸ਼ ਨੂੰ ਨੌਜਵਾਨ ਲੀਡਰਸ਼ਿਪ ਦੇਣਗੇ। ਉਨ੍ਹਾਂ ਕਿਹਾ ਕਿ ਸਾਬਕਾ ਉੱਪ ਮੁੱਖ ਮੰਤਰੀ ਚੌਧਰੀ ਦੇਵੀਲਾਲ ਅਤੇ ਮਾਨਯੋਗ ਕਾਂਸ਼ੀਰਾਮ ਨੇ ਆਪਣੇ ਜੀਵਨਕਾਲ ਦੌਰਾਨ ਹਮੇਸ਼ਾ ਸ਼ੋਸ਼ਿਤ ਸਮਾਜ ਨੂੰ ਸਨਮਾਨ ਦਿਵਾਉਣ ਲਈ ਸੰਘਰਸ਼ ਕੀਤਾ। ਉਨ੍ਹਾਂ ਦੀ ਸੋਚ ਸੀ ਕਿ ਹਰੇਕ ਕਿਸਾਨ, ਕਮੇਰੇ ਅਤੇ ਹੋਰ ਸਮਾਜ ਦੇ ਦੱਬੇ ਹੋਏ ਵਰਗਾਂ ਨੂੰ ਚੰਗੀ ਸਿੱਖਿਆ, ਮਕਾਨ, ਸਿਹਤ ਸੇਵਾਵਾਂ ਅਤੇ ਰੁਜਗਾਰ ਦੇ ਮੌਕੇ ਮਿਲਣ। ਉਨ੍ਹਾਂ ਕਿਹਾ ਕਿ ਇਸ ਗਠਜੋੜ ਨਾਲ ਪ੍ਰਦੇਸ਼ ਭਰ ਦੇ ਨੌਜਵਾਨਾਂ 'ਚ ਜੋਸ਼ ਹੈ। ਇਕ ਸਵਾਲ ਦੇ ਜਵਾਬ 'ਚ ਸ਼੍ਰੀ ਚੌਟਾਲਾ ਨੇ ਕਿਹਾ ਕਿ ਹਰਿਆਣਾ 'ਚ 15ਵੀਂ ਵਿਧਾਨ ਸਭਾ 'ਚ ਤ੍ਰਿਕੋਣੀ ਮੁਕਾਬਲਾ ਹੋਵੇਗਾ, ਜਿਸ 'ਚ ਸਭ ਤੋਂ ਮਹੱਤਵਪੂਰਨ ਰੋਲ ਉਨ੍ਹਾਂ ਦਾ ਗਠਜੋੜ ਦਾ ਹੋਵੇਗਾ। ਹਰਿਆਣਾ 'ਚ ਕਿਸੇ ਵੀ ਦਲ ਨੂੰ ਸਪੱਸ਼ਟ ਬਹੁਮਤ ਨਾ ਮਿਲਣ ਦੀ ਸੂਰਤ 'ਚ ਜੇ.ਜੇ.ਪੀ. ਦੀ ਭੂਮਿਕਾ 'ਤੇ ਉਨ੍ਹਾਂ ਕਿਹਾ ਕਿ ਪਾਰਟੀ ਇਸ ਸਥਿਤੀ 'ਚ ਰਾਜਗ ਜਾਂ ਇੰਡੀਆ ਗਠਜੋੜ ਦੇ ਪਿੱਛੇ ਨਹੀਂ ਜਾਵੇਗੀ ਸਗੋਂ ਉਨ੍ਹਾਂ ਦੀ ਵਿਚਾਰਧਾਰਾ ਅਤੇ ਸਿਧਾਂਤਾਂ ਦੇ ਆਧਾਰ 'ਤੇ ਉਨ੍ਹਾਂ ਨਾਲ ਜੁੜਾਵ ਰੱਖਣ ਵਾਲੇ ਸਿਆਸੀ ਸੰਗਠਨ ਦੇ ਅੱਗੇ ਖੜ੍ਹੀ ਨਜਰ ਆਏਗੀ। ਖੁਦ ਦੇ ਵਿਧਾਨ ਸਭਾ ਚੋਣ ਲੜਨ ਦੇ ਸਵਾਲ 'ਤੇ ਉਨ੍ਹਾਂ ਕਿਹਾ ਕਿ ਪਾਰਟੀ ਦੀ ਸੀਨੀਅਰ ਲੀਡਰਸ਼ਿਪ ਜਿੱਥੋਂ ਚਾਹੇਗਾ ਉਹ ਉਸੇ ਵਿਧਾਨ ਸਭਾ ਖੇਤਰ ਤੋਂ ਚੋਣ ਲੜਨਗੇ।

## ਦਿੱਲੀ 'ਚ ਡੇਂਗੂ ਦਾ ਪ੍ਰਸਾਰ, ਸਿਹਤ ਮੰਤਰੀ ਨੇ ਡੇਂਗੂ ਦੀ ਰੋਕਥਾਮ ਦੇ ਦਿੱਤੇ ਨਿਰਦੇਸ਼

ਨਵੀਂ ਦਿੱਲੀ 28 ਅਗਸਤ। ਦਿੱਲੀ ਦੇ ਸਿਹਤ ਮੰਤਰੀ ਸੌਰਭ ਭਾਰਦਵਾਜ ਨੇ ਮੰਗਲਵਾਰ ਨੂੰ ਕਿਹਾ ਕਿ ਉਨ੍ਹਾਂ ਨੇ ਰਾਸਟਰੀ ਰਾਜਧਾਨੀ ਵਿੱਚ ਡੇਂਗੂ ਦੇ ਫੈਲਣ ਨਾਲ ਨਜਿੱਠਣ ਲਈ ਕਈ ਉਪਾਅ ਕਰਨ ਦੇ ਨਿਰਦੇਸ ਦਿੱਤੇ ਹਨ। ਮੰਤਰੀ ਨੇ ਕਿਹਾ, "ਅਸੀਂ ਲੋਕਾਂ ਨੂੰ ਡੇਂਗੂ ਦੀ ਰੋਕਥਾਮ ਬਾਰੇ ਜਾਣਕਾਰੀ ਦੇਣ ਲਈ ਸਾਰੇ ਮੈਟਰੋ ਸਟੇਸ਼ਨਾਂ, ਬੱਸ ਅੱਡੇ ਅਤੇ ਹੋਰ ਜਨਤਕ ਟਰਾਂਸਪੋਰਟ ਹੱਬਾਂ 'ਤੇ ਜਾਗਰੂਕਤਾ ਘੋਸ਼ਣਾਵਾਂ ਕਰਨ ਲਈ ਕਿਹਾ ਹੈ।" ਉਨ੍ਹਾਂ ਨੇ ਇਸ ਗੱਲ 'ਤੇ ਜੋਰ ਦੇ ਕੇ ਕਿਹਾ ਕਿ ਇਹ ਬਹੁਤ ਮਹੱਤਵਪੂਰਨ ਹੈ ਕਿ ਸਹਿਰ ਦੇ ਸਾਰੇ ਸਰਕਾਰੀ ਹਸਪਤਾਲ ਡੇਂਗੂ ਦੇ ਮਾਮਲਿਆਂ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਰਹਿਣ। ਭਾਰਦਵਾਜ ਨੇ ਕਿਹਾ ਕਿ ਉਨ੍ਹਾਂ ਨੇ ਸਿਹਤ ਸਕੱਤਰ ਨੂੰ ਕਈ ਕਦਮ ਚੁੱਕਣ ਦੇ ਨਿਰਦੇਸ ਦਿੱਤੇ ਹਨ ਪਰ ਉਹ ਇਸ ਗੱਲ ਨੂੰ ਲੈ ਕੇ ਪੂਰੀ ਤਰ੍ਹਾਂ ਯਕੀਨ ਨਹੀਂ ਹੈ ਕਿ ਉਨ੍ਹਾਂ ਕਦਮਾਂ ਨੂੰ ਲਾਗੂ ਕੀਤਾ ਗਿਆ ਹੈ। ਮੰਤਰੀ ਨੇ ਕਿਹਾ, "ਮੈਂ ਸਿਹਤ ਸਕੱਤਰ ਨੂੰ ਹਦਾਇਤ ਕੀਤੀ ਹੈ ਕਿ ਉਹ ਹਰ ਰੋਜ ਸਰਕਾਰੀ ਹਸਪਤਾਲ ਦਾ ਦੌਰਾ ਕਰਨ ਤਾਂ ਜੋ ਡੇਂਗੂ ਨਾਲ ਸਬੰਧਤ ਸਾਰੇ ਲੋੜੀਂਦੇ ਉਪਕਰਨ ਉਪਲਬਧ ਹਨ ਜਾਂ ਨਹੀਂ। ਹਾਲਾਂਕਿ, ਮੈਨੂੰ ਨਹੀਂ ਪਤਾ ਕਿ ਇਹ ਦੌਰੇ ਸੁਰੂ ਹੋਏ ਹਨ ਜਾਂ ਨਹੀਂ। ਜੇਕਰ ਇਹ (ਮੁਲਾਕਾਤਾਂ) ਸੁਰੂ ਨਹੀਂ ਹੋਈਆਂ ਹਨ, ਤਾਂ ਮੈਂ ਨਿੱਜੀ ਤੌਰ 'ਤੇ ਹਸਪਤਾਲਾਂ ਦਾ ਦੌਰਾ ਕਰਾਂਗਾ ਅਤੇ ਪਾਲਣਾ ਨੂੰ ਯਕੀਨੀ ਬਣਾਵਾਂਗਾ।" ਭਾਰਦਵਾਜ ਨੇ ਦੋਸ਼ ਲਾਇਆ ਕਿ ਜਦੋਂ ਵੀ ਦਿੱਲੀ ਵਿਚ ਕੋਈ ਵੱਡਾ ਸੰਕਟ ਆਉਂਦਾ ਹੈ ਤਾਂ ਦਸਤਾਵੇਜਾਂ ਤੋਂ ਪਤਾ ਲੱਗਦਾ ਹੈ ਕਿ ਇਸ ਦੇ ਪਿੱਛੇ ਉਪਰਾਜਪਾਲ ਵੀ.ਕੇ.ਸਕਸੈਨਾ ਦਾ ਹੱਥ ਹੁੰਦਾ ਹੈ। ਆਸਾ ਕਿਰਨ ਸੈਲਟਰ ਹੋਮ ਕੇਸ ਨੂੰ ਉਜਾਗਰ ਕਰਦੇ ਹੋਏ ਜਿੱਥੇ ਜੁਲਾਈ ਵਿੱਚ 14 ਕੈਦੀਆਂ ਦੀ ਮੌਤ ਹੋ ਗਈ ਸੀ

# ਜੰਮੂ-ਕਸਮੀਰ ਵਿਧਾਨ ਸਭਾ ਚੋਣਾਂ ਨਹੀਂ ਲੜੇਗੀ ਮਹਿਬੂਬਾ ਮੁਫਤੀ

ਤੇਜਿੰਦਰ ਕੌਰ ਬੱਬਰ

ਸ੍ਰੀਨਗਰ 28 ਅਗਸਤ। ਪੀਡੀਪੀ ਪ੍ਰਧਾਨ ਮਹਿਬੂਬਾ ਮੁਫਤੀ ਨੇ ਬੁੱਧਵਾਰ ਨੂੰ ਕਿਹਾ ਕਿ ਉਹ ਜੰਮੂ-ਕਸਮੀਰ ਵਿੱਚ ਵਿਧਾਨ ਸਭਾ ਚੋਣਾਂ ਨਹੀਂ ਲੜੇਗੀ। ਉਨ੍ਹਾਂ ਕਿਹਾ ਕਿ ਜੇਕਰ ਉਹ ਮੁੱਖ ਮੰਤਰੀ ਬਣ ਗਏ ਤਾਂ ਵੀ ਉਹ ਕੇਂਦਰ ਸਾਸਤ ਪ੍ਰਦੇਸ ਵਿੱਚ ਆਪਣੀ ਪਾਰਟੀ ਦੇ ਏਜੰਡੇ ਨੂੰ ਪੂਰਾ ਨਹੀਂ ਕਰ ਸਕਣਗੇ। ਉਹਨਾਂ ਨੇ ਕਿਹਾ, 'ਮੈਂ ਭਾਜਪਾ ਵਾਲੀ ਸਰਕਾਰ ਦੀ ਮੁੱਖ ਮੰਤਰੀ ਰਹੀ ਹਾਂ, ਜਿਸ ਨੇ (2016 ਵਿੱਚ) 12,000 ਲੋਕਾਂ ਵਿਰੁੱਧ ਐੱਫਆਈਆਰ ਵਾਪਸ ਲੈ ਲਈ ਸੀ। ਕੀ ਅਸੀਂ ਹੁਣ ਇਹ ਕਰ ਸਕਦੇ ਹਾਂ? ਮੈਂ ਸਰਕਾਰ ਦੇ ਮੁੱਖ ਮੰਤਰੀ ਵਜੋਂ (ਪ੍ਰਧਾਨ ਮੰਤਰੀ) ਮੋਦੀ ਨੂੰ ਵੱਖਵਾਦੀਆਂ ਨੂੰ ਗੱਲਬਾਤ ਲਈ ਸੱਦਾ ਦੇਣ ਲਈ ਪੱਤਰ ਲਿਖਿਆ ਸੀ। ਕੀ ਤੁਸੀਂ ਅੱਜ ਇਹ ਕਰ ਸਕਦੇ ਹੋ? ਮੈਂ ਜਮੀਨੀ ਪੱਧਰ 'ਤੇ ਜੰਗਬੰਦੀ (ਲਾਗੂ) ਕਰਵਾਈ। ਕੀ ਤੁਸੀਂ ਅੱਜ ਇਹ ਕਰ ਸਕਦੇ ਹੋ? ਜੇਕਰ ਤੁਸੀਂ ਮੁੱਖ ਮੰਤਰੀ ਵਜੋਂ ਐੱਫਆਈਆਰ ਵਾਪਸ ਨਹੀਂ ਲੈ ਸਕਦੇ ਤਾਂ ਅਜਿਹੇ ਅਹੁਦੇ ਦਾ ਕੀ ਮਤਲਬ ਹੈ?" ਪੀਡੀਪੀ ਪ੍ਰਧਾਨ ਤੋਂ ਪੁੱਛਿਆ ਗਿਆ ਸੀ ਕਿ ਕੀ ਚੋਣ ਲੜਨ ਨੂੰ ਲੈ ਕੇ ਉਹਨਾਂ ਦਾ ਇਰਾਦਾ ਬਦਲ ਗਿਆ ਹੈ, ਉਨ੍ਹਾਂ ਦੇ ਕੱਟੜ ਵਿਰੋਧੀ ਨੈਸਨਲ ਕਾਨਫਰੰਸ ਦੇ ਉਪ ਪ੍ਰਧਾਨ ਉਮਰ ਅਬਦੁੱਲਾ ਨੇ ਜੰਮੂ-ਕਸਮੀਰ ਦੇ ਕੇਂਦਰ ਸਾਸਿਤ ਪ੍ਰਦੇਸ ਬਣੇ ਰਹਿਣ ਤੱਕ ਚੋਣਾਂ ਵਿੱਚ ਹਿੱਸਾ ਨਾ ਲੈਣ ਦੇ ਆਪਣੇ ਰੁਖ ਨੂੰ ਉਲਟਾ ਦਿੱਤਾ ਹੈ। ਸਾਬਕਾ ਮੁੱਖ ਮੰਤਰੀ ਨੇ ਕਿਹਾ, "ਉਮਰ ਨੇ ਖੁਦ ਕਿਹਾ ਹੈ ਕਿ ਚਪੜਾਸੀ ਦੀ ਬਦਲੀ ਲਈ ਉਨ੍ਹਾਂ ਨੂੰ (ਉਪ-



ਰਾਜਪਾਲ) ਦੇ ਦਰਵਾਜੇ 'ਤੇ ਜਾਣਾ ਪਵੇਗਾ। ਮੈਂ ਚਪੜਾਸੀ ਦੇ ਤਬਾਦਲੇ ਨੂੰ ਲੈ ਕੇ ਚਿੰਤਤ ਨਹੀਂ ਹਾਂ, ਪਰ ਕੀ ਅਸੀਂ ਆਪਣਾ ਏਜੰਡਾ ਲਾਗੂ ਕਰ ਸਕਦੇ ਹਾਂ? ਉਮਰ ਅਬਦੁੱਲਾ ਨੇ ਜੰਮੂ-ਕਸਮੀਰ ਦੇ ਕੇਂਦਰ ਸਾਸਤ ਪ੍ਰਦੇਸ ਬਣੇ ਰਹਿਣ ਤੱਕ ਵਿਧਾਨ ਸਭਾ ਚੋਣਾਂ ਨਾ ਲੜਨ ਦਾ ਸੰਕਲਪ ਜਾਹਰ ਕੀਤਾ ਸੀ ਪਰ ਪਾਰਟੀ ਵੱਲੋਂ ਮੰਗਲਵਾਰ ਨੂੰ ਐਲਾਨੀ ਗਈ 32 ਉਮੀਦਵਾਰਾਂ ਦੀ ਸੂਚੀ 'ਚ ਉਨ੍ਹਾਂ ਦਾ ਨਾਂ ਸਾਮਲ ਕੀਤਾ ਗਿਆ ਸੀ। ਸਾਬਕਾ ਮੁੱਖ ਮੰਤਰੀ ਗੰਦਰਬਲ ਤੋਂ ਚੋਣ ਲੜਨਗੇ, ਜਿੱਥੋਂ ਉਹ 2008 ਵਿੱਚ ਜਿੱਤੇ ਸਨ। ਜੰਮੂ-ਕਸਮੀਰ ਚੋਣਾਂ ਲਈ ਨੈਸਨਲ ਕਾਨਫਰੰਸ ਅਤੇ ਕਾਂਗਰਸ ਵਿਚਾਲੇ ਗਠਜੋੜ 'ਤੇ ਪੀਡੀਪੀ ਪ੍ਰਧਾਨ ਨੇ ਕਿਹਾ ਕਿ ਦੋਵੇਂ ਪਾਰਟੀਆਂ ਹਮੇਸਾ ਸੱਤਾ ਲਈ ਇਕੱਠੇ ਹੁੰਦੀਆਂ ਹਨ। ਉਨ੍ਹਾਂ ਕਿਹਾ ਕਿ ਜਦੋਂ ਅਸੀਂ 2002 'ਚ ਕਾਂਗਰਸ ਨਾਲ ਗਠਜੋੜ ਕੀਤਾ ਸੀ ਤਾਂ ਸਾਡਾ ਇਕ ਏਜੰਡਾ ਸੀ। ਅਸੀਂ ਸਈਅਦ ਅਲੀ ਗਿਲਾਨੀ ਨੂੰ ਜੇਲ੍ਹ ਤੋਂ ਰਿਹਾਅ ਕਰਵਾ ਦਿੱਤਾ ਸੀ। ਕੀ ਤੁਸੀਂ ਅੱਜ ਅਜਿਹਾ ਕਰਨ ਬਾਰੇ ਸੋਚ ਸਕਦੇ ਹੋ? ਜਦੋਂ ਅਸੀਂ 2014 ਵਿਚ ਭਾਜਪਾ ਸਰਕਾਰ ਨਾਲ ਗਠਜੋੜ ਕੀਤਾ ਸੀ, ਤਾਂ ਸਾਡੇ ਕੋਲ ਗਠਜੋੜ ਦਾ ਇਕ ਏਜੰਡਾ ਸੀ, ਜਿਸ ਵਿਚ ਅਸੀਂ ਲਿਖਤੀ ਤੌਰ 'ਤੇ ਕਿਹਾ ਸੀ ਕਿ ਧਾਰਾ 370 ਨੂੰ ਛੂਹਿਆ ਨਹੀਂ ਜਾਵੇਗਾ, ਅਫਸਪਾ ਨੂੰ ਰੱਦ ਕੀਤਾ ਜਾਵੇਗਾ, ਪਾਕਿਸਤਾਨ ਅਤੇ ਹੁਰੀਅਤ ਨਾਲ ਗੱਲਬਾਤ ਕੀਤੀ ਜਾਵੇਗੀ, ਬਿਜਲੀ ਪ੍ਰਾਜੈਕਟਾਂ ਨੂੰ ਵਾਪਸ ਲਿਆਂਦਾ ਜਾਵੇਗਾ, ਆਦਿ। ਸਾਡਾ ਏਜੰਡਾ ਸੀ। ਬਾਰਾਮੂਲਾ ਤੋਂ ਲੋਕ ਸਭਾ ਮੈਂਬਰ ਸੇਖ ਅਬਦੁਲ ਰਸੀਦ ਅਤੇ ਸੀਨੀਅਰ ਵੱਖਵਾਦੀ ਨੇਤਾ ਸਬੀਰ ਅਹਿਮਦ ਸਾਹ ਨੂੰ ਚੋਣਾਂ ਤੋਂ ਪਹਿਲਾਂ ਜੇਲ੍ਹ ਤੋਂ ਰਿਹਾਅ ਕੀਤੇ ਜਾਣ ਦੀ ਸੰਭਾਵਨਾ 'ਤੇ ਉਨ੍ਹਾਂ ਕਿਹਾ ਕਿ ਇਹ ਚੰਗੀ ਗੱਲ ਹੋਵੇਗੀ।

## ਕੋਲਕਾਤਾ ਕਤਲਕਾਂਡ 'ਚ ਵੱਡਾ ਖੁਲਾਸਾ; ਪੁਲਸ ਕਮਿਸ਼ਨਰ ਦੇ ਨਾਂ 'ਤੇ ਰਜਿਸਟਰਡ ਹੈ ਦੋਸ਼ੀ ਸੰਜੇ ਦੀ ਬਾਈਕ

ਕੋਲਕਾਤਾ 28 ਅਗਸਤ। ਕੋਲਕਾਤਾ 'ਚ ਟ੍ਰੇਨੀ ਮਹਿਲਾ ਨਾਲ ਜਬਰ-ਜਨਾਹ ਅਤੇ ਕਤਲ ਮਾਮਲੇ ਵਿਚ ਹੈਰਾਨ ਕਰ ਦੇਣ ਵਾਲਾ ਖੁਲਾਸਾ ਹੋਇਆ ਹੈ। ਦਰਅਸਲ ਵਾਰਦਾਤ ਦੀ ਰਾਤ ਯਾਨੀ ਕਿ 9 ਅਗਸਤ ਨੂੰ ਦੋਸ਼ੀ ਸੰਜੇ ਰਾਏ ਵਲੋਂ ਇਸਤੇਮਾਲ ਕੀਤੀ ਗਈ ਬਾਈਕ ਕੋਲਕਾਤਾ ਪੁਲਸ ਕਮਿਸ਼ਨਰ ਦੇ ਨਾਂ 'ਤੇ ਰਜਿਸਟਰਡ ਸੀ। ਸੀ. ਬੀ. ਆਈ. ਨੇ ਦੋ ਦਿਨ ਪਹਿਲਾਂ ਹੀ ਦੋਸ਼ੀ ਦੀ ਬਾਈਕ ਨੂੰ ਜਬਤ ਕੀਤਾ ਸੀ। ਸੀ. ਬੀ. ਆਈ. ਮੁਤਾਬਕ ਦੋਸ਼ੀ ਸੰਜੇ ਦੀ ਇਹ ਬਾਈਕ ਮਈ 2024 ਵਿਚ



ਰਜਿਸਟਰਡ ਕਰਵਾਈ ਗਈ ਸੀ। ਪੁਲਸ ਕਮਿਸ਼ਨਰ ਦੇ ਨਾਂ 'ਤੇ ਰਜਿਸਟਰਡ ਬਾਈਕ ਤੋਂ ਦੋਸ਼ੀ ਨੇ ਨਸ਼ੇ ਦੀ ਹਾਲਤ ਵਿਚ 15 ਕਿਲੋਮੀਟਰ ਦਾ ਸਫਰ ਤੈਅ ਕੀਤਾ ਸੀ। ਇਹ ਵੱਡੀ ਜਾਣਕਾਰੀ ਸਾਹਮਣੇ ਆਉਣ ਮਗਰੋਂ ਮਾਮਲੇ ਨੇ ਹੁਣ ਨਵਾਂ ਮੋੜ ਲੈ ਲਿਆ ਹੈ। ਮੁੱਖ ਦੋਸ਼ੀ ਸੰਜੇ ਰਾਏ ਅਤੇ ਪੁਲਸ ਦੇ ਤਾਰ ਕਿਤੇ ਨਾ ਕਿਤੇ ਆਪਸ ਵਿਚ ਜੁੜੇ ਹੋਏ ਹਨ। ਸੀ. ਬੀ. ਆਈ. ਵਲੋਂ ਜਬਤ ਕੀਤੀ ਗਈ ਬਾਈਕ ਜਿਸ ਨੂੰ ਦੋਸ਼ੀ ਵਾਰਦਾਤ ਦੀ ਰਾਤ ਨਸ਼ੇ ਦੀ ਹਾਲਤ ਵਿਚ ਚੱਲਾ ਰਿਹਾ ਸੀ। ਇਸ ਬਾਈਕ ਨੂੰ ਪਹਿਲਾਂ ਕੋਲਕਾਤਾ ਪੁਲਸ ਨੇ ਜਬਤ ਕਰ ਲਿਆ ਸੀ, ਜੋ ਕਿ ਕੋਲਕਾਤਾ ਪੁਲਸ ਕਮਿਸ਼ਨਰ ਦੇ ਨਾਂ 'ਤੇ ਰਜਿਸਟਰਡ ਸੀ। ਹੁਣ ਸੀ. ਬੀ. ਆਈ. ਇਹ ਪਤਾ ਲਾਉਣ ਦੀ ਕੋਸ਼ਿਸ਼ ਕਰ ਰਹੀ ਹੈ ਕਿ ਦੋਸ਼ੀ ਕੋਲ ਇਹ ਬਾਈਕ ਕਿੱਥੋਂ ਆਈ ਸੀ। ਕੀ ਇਹ ਬਾਈਕ ਉਸ ਦੀ ਸੀ ਜਾਂ ਕਿਸੇ ਹੋਰ ਦੀ ਸੀ ਕਿਉਂਕਿ ਇਕ ਆਮ ਨਾਗਰਿਕ ਹੋਣ ਦੇ ਨਾਅਤੇ ਪੁਲਸ ਦੇ ਨਾਂ 'ਤੇ ਰਜਿਸਟਰਡ ਬਾਈਕ ਚਲਾਉਣ ਦਾ ਸੰਜੇ ਰਾਏ ਦਾ ਕੋਈ ਅਧਿਕਾਰ ਨਹੀਂ ਸੀ। ਹਾਲਾਂਕਿ ਇਹ ਵੀ ਦੱਸ ਦੇਈਏ ਕਿ ਜੇਕਰ ਕੋਈ ਵਿਅਕਤੀ ਪੁਲਸ ਦੀ ਬਾਈਕ ਦਾ ਇਸਤੇਮਾਲ ਕਰਦਾ ਹੈ ਤਾਂ ਉਕਤ ਵਿਅਕਤੀ ਨੂੰ ਕਿਸੇ ਵੀ ਨਾਕਾਬੰਦੀ, ਬੈਰੀਕੇਡਜ ਜਾਂ ਕਿਸੇ ਚੈਕਿੰਗ ਦੌਰਾਨ ਨਹੀਂ ਰੋਕਿਆ ਜਾਂਦਾ ਹੈ। ਦੱਸਣਯੋਗ ਹੈ ਕਿ 9 ਅਗਸਤ ਨੂੰ ਕੋਲਕਾਤਾ ਦੇ ਆਰ. ਜੀ. ਕਰ ਮੈਡੀਕਲ ਕਾਲਜ ਹਸਪਤਾਲ ਦੇ ਸੈਮੀਨਾਰ ਹਾਲ ਵਿਚ ਇਕ ਮਹਿਲਾ ਡਾਕਟਰ ਨਾਲ ਦਰਿੰਦਗੀ ਹੋਈ ਸੀ। ਡਿਊਟੀ 'ਤੇ ਤਾਇਨਾਤ 31 ਸਾਲਾ ਪੋਸਟ ਗਰੈਜੂਏਟ ਰੈਜੀਡੈਂਟ ਡਾਕਟਰ ਦਾ 9 ਅਗਸਤ ਦੀ ਰਾਤ ਨੂੰ ਜਬਰ-ਜਨਾਹ ਕੀਤਾ ਗਿਆ।

# ਜਹਿਰੀਲੀ ਸਰਾਬ ਨਾਲ ਹੋਈ ਲੋਕਾਂ ਦੀ ਮੌਤ, ਵਿਰੋਧੀ ਧਿਰ ਨੇ ਆਬਕਾਰੀ ਮੰਤਰੀ ਦਾ ਮੰਗਿਆ ਅਸਤੀਫਾ

ਭੁਵਨੇਸਵਰ 28 ਅਗਸਤ। ਓਡੀਸਾ ਵਿਧਾਨ ਸਭਾ ਵਿੱਚ ਸੁੱਕਰਵਾਰ ਨੂੰ ਲਗਾਤਾਰ ਚੌਥੇ ਦਿਨ ਹੰਗਾਮਾ ਹੋਇਆ ਅਤੇ ਇਸ ਵਿਰੋਧੀ ਧਿਰ ਬੀਜੂ ਜਨਤਾ ਦਲ (ਬੀਜਦ) ਅਤੇ ਕਾਂਗਰਸ ਦੋਵਾਂ ਨੇ ਗੰਜਮ ਜ਼ਿਲ੍ਹੇ ਵਿੱਚ ਸੱਕੀ ਜਹਿਰੀਲੀ ਸਰਾਬ ਪੀਣ ਕਾਰਨ ਦੋ ਲੋਕਾਂ ਦੀ ਮੌਤ ਦੀ ਘਟਨਾ ਨੂੰ ਲੈ ਕੇ ਆਬਕਾਰੀ ਮੰਤਰੀ ਪ੍ਰਿਥਵੀਰਾਜ ਹਰੀਚੰਦਨ ਦੇ ਅਸਤੀਫੇ ਦੀ ਮੰਗ ਕੀਤੀ। ਸਵੇਰੇ 10.30 ਵਜੇ ਜਿਵੇਂ ਸਦਨ ਵਿੱਚ ਪ੍ਰਸਨ ਕਾਲ ਦੀ ਕਾਰਵਾਈ ਸੁਰੂ ਹੋਈ ਤਾਂ ਬੀਜਦ ਅਤੇ ਕਾਂਗਰਸ ਦੇ ਵਿਧਾਇਕ ਮੰਚ ਦੇ ਨੇੜੇ ਆ ਗਏ ਅਤੇ ਆਬਕਾਰੀ ਮੰਤਰੀ ਦੇ ਅਸਤੀਫੇ ਦੀ ਮੰਗ ਕਰਦੇ ਨਾਅਰੇਬਾਜੀ ਕਰਨ ਲੱਗੇ। ਉਨ੍ਹਾਂ ਨੇ ਗੰਜਾਮ ਅਤੇ ਰਾਜ ਦੇ ਹੋਰ ਹਿੱਸਿਆਂ ਵਿੱਚ ਨਕਲੀ ਸਰਾਬ ਦੀ ਗੈਰ-ਕਾਨੂੰਨੀ ਵਿਕਰੀ ਲਈ ਭਾਰਤੀ ਜਨਤਾ ਪਾਰਟੀ (ਭਾਜਪਾ) ਸਰਕਾਰ ਨੂੰ ਜ਼ਿੰਮੇਵਾਰ ਠਹਿਰਾਇਆ। ਬੀਜਦ ਦੀ ਮੰਗ 'ਤੇ ਸੂਬਾ ਸਰਕਾਰ ਪਹਿਲਾਂ ਹੀ ਗੰਜਾਮ ਜ਼ਿਲ੍ਹੇ 'ਚ ਸਰਾਬ ਪੀਣ ਨਾਲ ਹੋਈ ਦੋ ਲੋਕਾਂ ਦੀ ਮੌਤ ਦੀ ਘਟਨਾ ਦੀ ਡਵੀਜਨਲ ਰੈਵੇਨਿਊ ਕਮਿਸਨਰ (ਆਰ.ਡੀ.ਸੀ.) ਤੋਂ ਜਾਂਚ ਕਰਵਾਉਣ ਦਾ ਐਲਾਨ ਕਰ ਚੁੱਕੀ ਹੈ ਪਰ ਖੇਤਰੀ ਪਾਰਟੀ (ਬੀਜਦ) ਨੇ ਨੈਤਿਕ ਆਧਾਰ 'ਤੇ ਆਬਕਾਰੀ ਮੰਤਰੀ ਹਟਾਉਣ ਦੀ ਮੰਗ ਕੀਤੀ। ਗੰਜਮ ਜ਼ਿਲ੍ਹੇ ਦੇ ਚਿਕਿਤੀ ਖੇਤਰ 'ਚ ਸੋਮਵਾਰ ਰਾਤ ਨੂੰ ਕਥਿਤ ਤੌਰ 'ਤੇ ਨਕਲੀ ਸਰਾਬ ਪੀਣ ਨਾਲ ਘੱਟੋ-ਘੱਟ ਦੋ ਲੋਕਾਂ ਦੀ ਮੌਤ ਹੋ ਗਈ ਅਤੇ 13 ਹੋਰਾਂ ਦਾ ਬਰਹਮਪੁਰ ਦੇ ਮੈਡੀਕਲ ਕਾਲਜ ਅਤੇ ਹਸਪਤਾਲ 'ਚ ਇਲਾਜ ਕੀਤਾ ਜਾ



ਰਿਹਾ ਹੈ। ਜਦੋਂ ਵਿਰੋਧੀ ਧਿਰ ਦੇ ਮੈਂਬਰ ਸਦਨ 'ਚ ਪ੍ਰਦਰਸਨ ਕਰ ਰਹੇ ਸਨ ਤਾਂ ਬੀਜਦ ਦੇ ਦੋ ਵਿਧਾਇਕਾਂ ਨੇ ਮੰਚ 'ਤੇ ਚੜ੍ਹਨ ਦੀ ਕੋਸ਼ਿਸ ਕੀਤੀ, ਜਿਸ ਕਾਰਨ ਉਨ੍ਹਾਂ ਨੂੰ ਸਦਨ ਦੀ ਕਾਰਵਾਈ 11.30 ਵਜੇ ਤੱਕ ਮੁਲਤਵੀ ਕਰਨੀ ਪਈ। ਵਿਰੋਧੀ ਪਾਰਟੀ ਦੀਆਂ ਮਹਿਲਾ ਵਿਧਾਇਕਾਂ ਨੇ ਪੌੜੀਆਂ ਰਾਹੀਂ ਜਬਰਦਸਤੀ ਸਪੀਕਰ ਦੀ ਸੀਟ ਤੱਕ ਪਹੁੰਚਣ ਦੀ ਕੋਸ਼ਿਸ ਕੀਤੀ। ਸਦਨ ਦੀ ਕਾਰਵਾਈ ਸਵੇਰੇ 11.30 ਵਜੇ ਮੁੜ ਸੁਰੂ ਹੋਈ ਅਤੇ ਸਰਕਾਰ ਅਤੇ ਵਿਰੋਧੀ ਧਿਰ ਦੋਵੇਂ ਇਸ ਮੁੱਦੇ 'ਤੇ ਚਰਚਾ ਕਰਨ ਲਈ ਸਹਿਮਤ ਹੋ ਗਏ। ਵਿਰੋਧੀ ਧਿਰ ਦੀ ਚੀਫ ਵ੍ਹਿਪ ਪ੍ਰਮਿਲਾ ਮਲਿਕ ਨੇ ਮੌਜੂਦਾ ਸਰਕਾਰ ਅਤੇ ਸਰਾਬ ਮਾਫੀਆ ਵਿਚਕਾਰ ਗਠਜੋੜ ਦਾ ਦੋਸ ਲਾਉਂਦਿਆਂ ਕਿਹਾ ਕਿ ਸਰਕਾਰ ਸਰਾਬ ਮਾਫੀਆ ਖ਼ਿਲਾਫ ਕਾਰਵਾਈ ਸਮੇਤ ਕਈ ਕਦਮ ਚੁੱਕਣ ਦੇ ਦਾਅਵੇ ਕਰ ਰਹੀ ਹੈ ਪਰ ਅਸਲ ਵਿਚ ਮੌਜੂਦਾ ਸਰਕਾਰ ਪਿਛਲੀ ਸਰਕਾਰ ਦੀਆਂ ਸਕੀਮਾਂ ਦੇ ਨਾਂ ਬਦਲਣ ਤੋਂ ਸਿਵਾਏ ਕੁਝ ਨਹੀਂ ਕਰ ਸਕਦੀ। ਕਾਂਗਰਸ ਵਿਧਾਇਕ ਦਲ ਦੇ ਨੇਤਾ ਰਾਮਚੰਦਰ ਕਦਮ ਨੇ ਕਿਹਾ, "ਸਰਾਬ ਨਾਲ ਸਬੰਧਤ ਘਟਨਾ 'ਚ ਦੋ ਲੋਕਾਂ ਦੀ ਮੌਤ ਤੋਂ ਬਾਅਦ ਆਬਕਾਰੀ ਮੰਤਰੀ ਨੂੰ ਨੈਤਿਕ ਆਧਾਰ 'ਤੇ ਅਸਤੀਫਾ ਦੇਣਾ ਚਾਹੀਦਾ ਹੈ।" ਭਾਜਪਾ ਵਿਧਾਇਕ ਪੂਰਨ ਸੇਠੀ ਨੇ ਮੰਗਲਵਾਰ ਨੂੰ ਸੈਸਨ ਦੇ ਦੂਜੇ ਭਾਗ ਦੀ ਸੁਰੂਆਤ ਤੋਂ ਹੀ ਵਿਘਨ ਪੈਦਾ ਕਰਨ ਲਈ ਵਿਰੋਧੀ ਧਿਰ ਦੀ ਆਲੋਚਨਾ ਕੀਤੀ। ਆਬਕਾਰੀ ਮੰਤਰੀ ਦਾ ਬਚਾਅ ਕਰਦਿਆਂ ਸੱਤਾਧਾਰੀ ਪਾਰਟੀ ਦੇ ਮੈਂਬਰਾਂ ਨੇ ਕਿਹਾ ਕਿ ਹਰੀਚੰਦਨ ਨੇ ਹਸਪਤਾਲ ਜਾ ਕੇ ਪ੍ਰਭਾਵਿਤ ਲੋਕਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦੇ ਢੁੱਕਵੇਂ ਇਲਾਜ ਦਾ ਪ੍ਰਬੰਧ ਕੀਤਾ। ਸਰਕਾਰ ਨੇ ਆਬਕਾਰੀ ਵਿਭਾਗ ਦੇ ਦੋ ਅਧਿਕਾਰੀਆਂ ਨੂੰ ਮੁਅੱਤਲ ਕਰ ਦਿੱਤਾ ਹੈ ਅਤੇ ਬਹਿਰਾਮਪੁਰ ਦੇ ਆਬਕਾਰੀ ਸੁਪਰਡੈਂਟ ਦਾ ਵੀ ਤਬਾਦਲਾ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਸੂਬਾ ਸਰਕਾਰ ਵੱਲੋਂ ਸਰਾਬ ਦੀ ਗੈਰ-ਕਾਨੂੰਨੀ ਵਿਕਰੀ ਵਿਰੁੱਧ ਮੁਹਿੰਮ ਸੁਰੂ ਕੀਤੀ ਗਈ ਹੈ, ਜਿਸ ਤਹਿਤ 100 ਤੋਂ ਵੱਧ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਜਾ ਚੁੱਕਿਆ ਹੈ।

## 7 ਸਾਲਾ ਮਾਸੂਮ ਨਾਲ ਟਿਊਸ਼ਨ ਟੀਚਰ ਨੇ ਕੀਤਾ ਜਿਨਸੀ ਸ਼ੋਸ਼ਣ, ਦੋਸ਼ੀ ਗ੍ਰਿਫਤਾਰ

ਰਾਮਪੁਰ 28 ਅਗਸਤ। ਉੱਤਰ ਪ੍ਰਦੇਸ਼ ਦੇ ਰਾਮਪੁਰ ਜ਼ਿਲ੍ਹੇ ਦੇ ਗੰਜ ਥਾਣਾ ਖੇਤਰ 'ਚ ਟਿਊਸ਼ਨ ਪੜ੍ਹਾਉਣ ਵਾਲੇ ਇਕ ਅਧਿਆਪਕ ਨੇ 7 ਸਾਲਾ ਬੱਚੀ ਦਾ ਜਿਨਸੀ ਸ਼ੋਸ਼ਣ ਕੀਤਾ। ਪੁਲਸ ਨੇ ਸ਼ਨੀਵਾਰ ਨੂੰ ਇਹ ਜਾਣਕਾਰੀ ਦਿੱਤੀ। ਇਕ ਪੁਲਸ ਅਧਿਕਾਰੀ ਨੇ ਦੱਸਿਆ ਕਿ ਦੋਸ਼ੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ। ਰਾਮਪੁਰ ਦੇ ਪੁਲਸ ਸੁਪਰਡੈਂਟ (ਐੱਸ.ਪੀ.) ਵਿਦਿਆਸਾਗਰ ਮਿਸ਼ਰ ਨੇ ਦੱਸਿਆ ਕਿ ਇਸ ਸੰਬੰਧ 'ਚ ਪ੍ਰਾਪਤ ਸ਼ਿਕਾਇਤ ਦੇ ਆਧਾਰ 'ਤੇ ਸ਼ੁੱਕਰਵਾਰ ਦੇਰ ਰਾਤ ਸੰਬੰਧਤ ਕਾਨੂੰਨਾਂ ਦੀਆਂ ਧਾਰਾਵਾਂ 'ਚ ਮਾਮਲਾ ਦਰਜ ਕਰ ਕੇ ਦੋਸ਼ੀ ਸਈਅਦ ਵਾਸਿਕ ਅਲੀ ਨੂੰ ਗ੍ਰਿਫਤਾਰ ਕਰ ਲਿਆ ਗਿਆ, ਜੋ ਰਾਮਪੁਰ ਦੇ ਕੋਤਵਾਲੀ ਦੇ ਕੁੰਡਾ ਦਾ



ਵਾਸੀ ਹੈ। ਉਨ੍ਹਾਂ ਕਿਹਾ ਕਿ ਬੱਚੀ ਦੀ ਮੈਡੀਕਲ ਜਾਂਚ ਕਰਵਾਈ ਜਾ ਚੁੱਕੀ ਹੈ। ਪੁਲਸ ਅਨੁਸਾਰ ਪਰਿਵਾਰ ਵਾਲਿਆਂ ਨੇ ਸ਼ਿਕਾਇਤ 'ਚ ਦੋਸ਼ ਲਗਾਇਆ ਹੈ ਕਿ ਸ਼ੁੱਕਰਵਾਰ ਸ਼ਾਮ ਕਰੀਬ 7 ਵਜੇ ਅਲੀ ਬੱਚੀ ਨੂੰ ਟਿਊਸ਼ਨ ਪੜ੍ਹਾਉਣ ਆਇਆ ਸੀ ਅਤੇ ਜਦੋਂ ਉਸ ਦਾ ਜਿਨਸੀ ਸ਼ੋਸ਼ਣ ਕਰ ਰਿਹਾ ਸੀ, ਉਦੋਂ ਬੱਚੀ ਦੇ ਰੌਲਾ ਪਾਉਣ ਤੇ ਘਰ ਦੇ ਹੋਰ ਮੈਂਬਰ ਕਮਰੇ 'ਚ ਪਹੁੰਚ ਗਏ। ਬੱਚੀ ਨੇ ਰੌਂਦੇ ਹੋਏ ਦੱਸਿਆ ਕਿ ਅਲੀ ਇਸ ਤਰ੍ਹਾਂ ਦੀ ਹਰਕਤ ਹਮੇਸ਼ਾ ਕਰਦਾ ਹੈ ਅਤੇ ਉਸ ਨੇ ਕਿਸੇ ਨੂੰ ਦੱਸਣ 'ਤੇ ਜਾਨੋਂ ਮਾਰਨ ਦੀ ਧਮਕੀ ਦਿੱਤੀ ਹੈ। ਐੱਸ.ਪੀ. ਨੇ ਕਿਹਾ ਕਿ ਮਾਮਲੇ 'ਚ ਨਿਰਪੱਖ ਕਾਰਵਾਈ ਕੀਤੀ ਜਾਵੇਗੀ।

## ਟਰੇਨਾਂ 'ਤੇ ਪੱਥਰਬਾਜੀ ਦੇ ਬਲੈਕ ਸਪਾਟਾਂ 'ਤੇ ਵਧਾਈ ਗਈ ਸੁਰੱਖਿਆ ਫੋਰਸ ਦੀ ਗਸ਼ਤ, ਲੋਕਾਂ ਨੂੰ ਕੀਤਾ ਜਾ ਰਿਹੈ ਜਾਗਰੂਕ

ਲੁਧਿਆਣਾ 28 ਅਗਸਤ। ਅੰਮ੍ਰਿਤਸਰ-ਨਵੀਂ ਦਿੱਲੀ ਰੇਲਵੇ ਟਰੈਕ 'ਤੇ ਟਰੇਨਾਂ 'ਤੇ ਵਧ ਰਹੀਆਂ ਪੱਥਰਬਾਜ਼ੀ ਦੀਆਂ ਘਟਨਾਵਾਂ ਰੋਕਣ ਲਈ ਰੇਲਵੇ ਸੁਰੱਖਿਆ ਬਲਾਂ ਵੱਲੋਂ ਬਲੈਕ ਸਪਾਟ ਦੀ ਨਿਸ਼ਾਨਦੇਹੀ ਕਰ ਕੇ ਉਥੇ ਜਵਾਨਾਂ ਦੀ ਗਸ਼ਤ ਵਧਾਈ ਗਈ ਹੈ। ਜ਼ਿਕਰਯੋਗ ਹੈ ਕਿ ਪਿਛਲੇ ਕੁਝ ਸਮੇਂ ਤੋਂ ਲਾਡੋਵਾਲ ਰੇਲਵੇ ਸਟੇਸ਼ਨ ਤੋਂ ਲੈ ਕੇ ਢੰਡਾਰੀ ਰੇਲਵੇ ਸਟੇਸ਼ਨ ਤੱਕ ਪੱਥਰਬਾਜ਼ੀ ਦੀਆਂ ਕੁਝ ਘਟਨਾਵਾਂ ਵਾਪਰੀਆਂ ਸਨ, ਜਿਸ ਸਬੰਧੀ ਆਰ.ਪੀ.ਐੱਫ. ਵੱਲੋਂ ਅਣਪਛਾਤਿਆਂ ਖਿਲਾਫ ਕੇਸ ਵੀ ਦਰਜ ਕੀਤੇ ਗਏ ਹਨ, ਜਦਕਿ ਇਕ ਮਾਮਲੇ 'ਚ ਪੁਲਸ ਨੇ ਮਿਲਰਗੰਜ ਦੇ ਕੋਲੋਂ 2



ਵਿਅਕਤੀਆਂ ਨੂੰ ਪੱਥਰਬਾਜ਼ੀ ਦੇ ਦੋਸ਼ 'ਚ ਕਾਬੂ ਵੀ ਕੀਤਾ ਸੀ। ਅਧਿਕਾਰਤ ਸੂਤਰਾਂ ਮੁਤਾਬਕ ਲਾਡੋਵਾਲ ਰੇਲਵੇ ਟਰੈਕ ਪਾਰ ਕਰਨ ਤੋਂ ਬਾਅਦ ਜੱਸੀਆਂ ਕੋਲ ਹੀ ਜ਼ਿਆਦਾ ਪੱਥਰਬਾਜ਼ੀ ਦੀਆਂ ਵਾਰਦਾਤਾਂ ਹੋਈਆਂ ਹਨ। ਅਧਿਕਾਰੀਆਂ ਦਾ ਮੰਨਣਾ ਹੈ ਕਿ ਜ਼ਿਆਦਾ ਵਾਰਦਾਤਾਂ ਐਤਵਾਰ ਨੂੰ ਹੋਈਆਂ। ਰਿਹਾਇਸ਼ੀ ਇਲਾਕੇ ਹੋਣ ਕਾਰਨ ਜ਼ਿਆਦਾਤਰ ਬੱਚੇ ਟਰੈਕ ਦੇ ਆਸ-ਪਾਸ ਖੇਡਦੇ ਹਨ। ਖੇਡਦੇ ਸਮੇਂ ਹੀ ਬੱਚੇ ਸ਼ਰਾਰਤਬਾਜ਼ੀ 'ਚ ਪੱਥਰਬਾਜ਼ੀ ਕਰਦੇ ਹਨ। ਇਸ ਲਈ ਰਿਹਾਇਸ਼ੀ ਇਲਾਕਿਆਂ 'ਚ ਜਾ ਕੇ ਵਾਰ-ਵਾਰ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ ਅਤੇ ਉਨ੍ਹਾਂ ਨੂੰ ਇਸ ਤੋਂ ਹੋਣ ਵਾਲੇ ਨੁਕਸਾਨ ਬਾਰੇ ਵੀ ਦੱਸਿਆ ਜਾ ਰਿਹਾ ਹੈ। ਉਨ੍ਹਾਂ ਨੂੰ ਇਸ ਨਾਲ ਸਬੰਧਤ ਐਕਟ ਅਤੇ ਉਸ 'ਚ ਹੋਣ ਵਾਲੀ ਸਜ਼ਾ ਦੀ ਵੀ ਜਾਣਕਾਰੀ ਦਿੱਤੀ ਜਾ ਰਹੀ ਹੈ।

## ਪਤਨੀ ਨੇ ਪ੍ਰੇਮੀ ਨਾਲ ਮਿਲ ਕੀਤਾ ਪਤੀ ਦਾ ਕਤਲ, ਖੱਡ 'ਚ ਸੁੱਟੀ ਲਾਸ਼

ਠਾਣੇ 28 ਅਗਸਤ। ਮਹਾਰਾਸ਼ਟਰ ਦੇ ਠਾਣੇ ਜ਼ਿਲ੍ਹੇ 'ਚ ਪਤੀ ਦਾ ਕਤਲ ਕਰ ਕੇ ਲਾਸ਼ ਨੂੰ ਖੱਡ 'ਚ ਸੁੱਟਣ ਦੇ ਦੋਸ਼ 'ਚ ਇਕ ਔਰਤ ਅਤੇ ਉਸ ਦੇ ਪ੍ਰੇਮੀ ਨੂੰ ਗ੍ਰਿਫਤਾਰ ਕੀਤਾ ਗਿਆ। ਇਕ ਪੁਲਸ ਅਧਿਕਾਰੀ ਨੇ ਸ਼ੁੱਕਰਵਾਰ ਨੂੰ ਇਹ ਜਾਣਕਾਰੀ ਦਿੱਤੀ। ਅਧਿਕਾਰੀ ਨੇ ਦੱਸਿਆ ਕਿ ਲਾਸ਼ ਦਾ ਅਜੇ ਤੱਕ ਪਤਾ ਨਹੀਂ ਲੱਗ ਸਕਿਆ ਹੈ ਪਰ ਭਿਵੰਡੀ ਪੁਲਸ ਨੇ ਖੁਫੀਆ ਜਾਣਕਾਰੀ ਅਤੇ ਤਕਨੀਕੀ ਜਾਣਕਾਰੀ ਜੁਟਾਉਣ ਤੇ ਮ੍ਰਿਤਕਾਂ ਦੇ ਪਰਿਵਾਰਾਂ ਨਾਲ ਗੱਲ ਕਰਨ ਤੋਂ ਬਾਅਦ ਔਰਤ ਰਾਧਾ ਬਲਰਾਮ ਮਿਸ਼ਰਾ (25) ਅਤੇ ਉਸ ਦੇ ਪ੍ਰੇਮੀ ਅਨੁਭਵ ਰਾਮਪ੍ਰਕਾਸ਼ ਪਾਂਡੇ (23) ਨੂੰ ਵੀਰਵਾਰ ਨੂੰ ਗ੍ਰਿਫਤਾਰ ਕਰ ਲਿਆ। ਪੁਲਸ ਅਨੁਸਾਰ ਬਲਰਾਮ ਉਰਫ




ਸ਼ੇਖਰ ਲਕਸ਼ਮਣ ਮਿਸ਼ਰਾ (27) ਆਪਣੀ ਪਤਨੀ ਰਾਧਾ ਨਾਲ ਭਿਵੰਡੀ ਦੇ ਦੁਰਗੇਸ਼ ਪਾਰਕ 'ਚ ਰਹਿੰਦਾ ਸੀ ਪਰ ਰਾਧਾ ਨੇ ਅਨੁਭਵ ਨਾਲ ਪ੍ਰੇਮ ਸੰਬੰਧ ਬਣਾਏ ਰੱਖਿਆ। ਪੁਲਸ ਨੇਦੱਸਿਆ ਕਿ ਦੋਸ਼ੀਆਂ ਨੇ 7 ਅਗਸਤ ਨੂੰ ਬਲਰਾਮ ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ ਸੀ ਅਤੇ ਉਸ ਤੋਂ ਬਾਅਦ ਉਸ ਦੀ ਲਾਸ਼ ਇਕ ਖੱਡ 'ਚ ਸੁੱਟ ਦਿੱਤੀ ਸੀ। ਸੀਨੀਅਰ ਇੰਸਪੈਕਟਰ ਭਰਤ ਕਾਮਥ ਨੇ ਦੱਸਿਆ ਕਿ ਬਲਰਾਮ ਦੇ ਪਰਿਵਾਰ ਵਾਲਿਆਂ ਨੇ ਉਸ ਦੇ ਲਾਪਤਾ ਹੋਣ ਦੀ ਸ਼ਿਕਾਇਤ ਦਰਜ ਕਰਵਾਈ, ਜਿਸ ਤੋਂ ਬਾਅਦ ਨਾਰਪੋਲੀ ਪੁਲਸ ਨੇ ਮਾਮਲਾ ਦਰਜ ਕਰ ਕੇ ਜਾਂਚ ਸ਼ੁਰੂ ਕੀਤੀ। ਅਧਿਕਾਰੀ ਨੇ ਦੱਸਿਆ ਕਿ ਅਨੁਭਵ ਅਤੇ ਰਾਧਾ ਖ਼ਿਲਾਫ ਭਾਰਤੀ ਨਿਆਂ ਸੰਹਿਤਾ (ਬੀ.ਐੱਨ.ਐੱਸ.) ਦੀਆਂ ਧਾਰਾਵਾਂ 103 (1) ਦੇ ਅਧੀਨ ਕਤਲ ਅਤੇ 238 ਦੇ ਅਧੀਨ ਸਬੂਤ ਮਿਟਾਉਣ ਲਈ ਮਾਮਲਾ ਦਰਜ ਕੀਤਾ ਗਿਆ ਹੈ।

## ਦਾਜ 'ਚ ਨਹੀਂ ਦਿੱਤੇ 2 ਲੱਖ ਤੇ ਫਰਿੱਜ, ਸਹੁਰਿਆਂ ਨੇ ਕਰ 'ਤਾ ਨਵੀ-ਵਿਆਹੀ ਕੁੜੀ ਦਾ ਕਤਲ

ਬਰੇਲੀ 28 ਅਗਸਤ। ਉੱਤਰ ਪ੍ਰਦੇਸ ਦੇ ਬਰੇਲੀ ਜ਼ਿਲ੍ਹੇ ਦੀ ਅਦਾਲਤ ਨੇ ਦਹੇਜ ਦੇ ਲਈ ਇਕ ਨਵ-ਵਿਆਹੁਤਾ ਔਰਤ ਦਾ ਕਤਲ ਕਰਨ ਦੇ ਮਾਮਲੇ ਵਿਚ ਉਸ ਦੇ ਪਤੀ ਅਤੇ ਸੱਸ ਨੂੰ ਦੋਸੀ ਠਹਿਰਾਉਂਦਿਆਂ ਉਮਰ ਕੈਦ ਅਤੇ 15-15 ਹਜਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ ਹੈ। ਸਹਾਇਕ ਜ਼ਿਲ੍ਹਾ ਸਰਕਾਰੀ ਵਕੀਲ () ਅਨੂਪ ਕੋਹਾਰਵਾਲਾ ਨੇ ਦੱਸਿਆ ਕਿ ਵਧੀਕ ਜ਼ਿਲ੍ਹਾ ਸੈਸਨ ਜੱਜ, (-4) ਅਭੈ ਸ੍ਰੀਵਾਸਤਵ ਨੇ ਸੁੱਕਰਵਾਰ ਨੂੰ ਦਹੇਜ ਦੀ ਖਾਤਰ ਔਰਤ ਦਾ ਕਤਲ ਕਰਨ ਦੇ ਮਾਮਲੇ ਵਿਚ ਪਤੀ ਅਤੇ ਉਸ ਦੀ ਸੱਸ ਨੂੰ ਸਜਾ ਸੁਣਾਈ ਹੈ। ਇਸਤਗਾਸਾ ਅਨੁਸਾਰ ਬਰੇਲੀ ਸਹਿਰ ਦੇ ਸੀਬੀਗੰਜ ਥਾਣਾ ਖੇਤਰ ਦੇ ਪ੍ਰਮੋਦ ਕੁਮਾਰ ਨੇ 2021 ਵਿੱਚ ਫਤਿਹਗੰਜ ਪੱਛਮੀ ਥਾਣੇ ਵਿੱਚ ਦਰਜ ਕਰਵਾਈ ਐੱਫਆਈਆਰ ਵਿੱਚ ਦੋਸ ਲਾਇਆ ਕਿ ਉਹਨਾਂ ਨੇ ਇਕ ਸਾਲ ਪਹਿਲਾਂ ਆਪਣੀ ਧੀ ਪ੍ਰਿਅੰਕਾ ਉਰਫ ਪਿੰਕੀ ਦਾ ਵਿਆਹ ਫਤਿਹਗੰਜ ਪੱਛਮੀ ਦੇ ਚਨੇਟਾ ਪਿੰਡ ਦੇ ਰਹਿਣ ਵਾਲੇ ਦਰਸ਼ਨ ਸਿੰਘ ਨਾਲ



ਕਰਵਾਇਆ ਸੀ। ਐਫਆਈਆਰ ਅਨੁਸਾਰ ਦਰਸਨ ਸਿੰਘ ਅਤੇ ਉਸਦੀ ਮਾਂ ਕਮਲੇਸ ਪ੍ਰਿਅੰਕਾ ਨੂੰ 2 ਲੱਖ ਰੁਪਏ ਅਤੇ ਫਰਿੱਜ ਦੀ ਮੰਗ ਨੂੰ ਲੈ ਕੇ ਤੰਗ ਪ੍ਰੇਸਾਨ ਕਰਦੇ ਸਨ ਅਤੇ ਜਦੋਂ ਇਹ ਮੰਗ ਪੂਰੀ ਨਾ ਹੋਈ ਤਾਂ ਉਨ੍ਹਾਂ ਨੇ 6 ਫਰਵਰੀ 2021 ਨੂੰ ਪ੍ਰਿਅੰਕਾ ਦਾ ਕਤਲ ਕਰ ਦਿੱਤਾ। ਐੱਫਆਈਆਰ ਅਨੁਸਾਰ ਦਰਸਨ ਸਿੰਘ ਅਤੇ ਉਸਦੀ ਮਾਂ ਕਮਲੇਸ ਪ੍ਰਿਅੰਕਾ ਨੂੰ 2 ਲੱਖ ਰੁਪਏ ਅਤੇ ਫਰਿੱਜ ਦੀ ਮੰਗ ਨੂੰ ਲੈ ਕੇ ਤੰਗ ਪ੍ਰੇਸਾਨ ਕਰਦੇ ਸਨ ਅਤੇ ਜਦੋਂ ਇਹ ਮੰਗ ਪੂਰੀ ਨਾ ਹੋਈ ਤਾਂ ਉਨ੍ਹਾਂ ਨੇ 6 ਫਰਵਰੀ 2021 ਨੂੰ ਪ੍ਰਿਅੰਕਾ ਦਾ ਕਤਲ ਕਰ ਦਿੱਤਾ। ਏਡੀਜੀਸੀ ਨੇ ਕਿਹਾ ਕਿ ਪ੍ਰਿਅੰਕਾ ਦੀ ਪੋਸਟਮਾਰਟਮ ਰਿਪੋਰਟ ਵਿੱਚ ਉਸ ਦੇ ਗਲੇ ਵਿੱਚ ਰੱਸੀ ਦੇ ਨਿਸਾਨ ਮਿਲੇ ਹਨ। ਇਸਤਗਾਸਾ ਪੱਖ ਵੱਲੋਂ ਕੇਸ ਵਿੱਚ 7 ਗਵਾਹ ਪੇਸ ਕੀਤੇ ਗਏ ਸਨ। ਅਦਾਲਤ ਨੇ ਸਾਰੀਆਂ ਧਿਰਾਂ ਨੂੰ ਸੁਣਨ ਅਤੇ ਸਬੂਤਾਂ ਨੂੰ ਦੇਖਣ ਤੋਂ ਬਾਅਦ ਦਰਸਨ ਸਿੰਘ (29) ਅਤੇ ਕਮਲੇਸ ਦੇਵੀ (63) ਨੂੰ ਉਮਰ ਕੈਦ ਅਤੇ 15-15 ਹਜਾਰ ਰੁਪਏ ਜੁਰਮਾਨੇ ਦੀ ਸਜਾ ਸੁਣਾਈ।

## ਸਾਰੀ ਰਾਤ ਮੌਤ ਦੇ ਸਾਏ ਹੇਠ ਸੁੱਤਾ ਰਿਹਾ ਪਰਿਵਾਰ !

ਫਾਜ਼ਿਲਕਾ 28 ਅਗਸਤ। ਜਲਾਲਾਬਾਦ 'ਚ ਇਕ ਘਰ ਦੇ ਵਾਲੇ ਕਮਰੇ 'ਚ ਜਹਿਰੀਲਾ ਸੱਪ ਜਾ ਵੜਿਆ। ਸਾਰੀ ਰਾਤ ਪਰਿਵਾਰ ਇਕ ਹੀ ਕਮਰੇ 'ਚ ਸੁੱਤਾ ਰਿਹਾ, ਪਰ ਇਸ ਦਾ ਖੁਲਾਸਾ ਉਸ ਸਮੇਂ ਹੋਇਆ ਜਦੋਂ ਘਰ ਦੀ ਔਰਤ ਨੇ ਕਮਰੇ ਦੀ ਸਫਾਈ ਸੁਰੂ ਕੀਤੀ ਤਾਂ ਉਸ 'ਚੋਂ ਸੱਪ ਨਿਕਲਿਆ। ਇਹ ਦੇਖ ਕੇ ਘਰ ਦੇ ਲੋਕ ਬਾਹਰ ਭੱਜ ਗਏ। ਬਾਅਦ 'ਚ ਉਕਤ ਸੱਪ ਨੂੰ ਸਥਾਨਕ ਵਿਅਕਤੀ ਨੇ ਫੜ ਕੇ ਬੋਤਲ 'ਚ ਬੰਦ ਕਰ ਦਿੱਤਾ। ਜਾਣਕਾਰੀ ਮੁਤਾਬਕ ਜਲਾਲਾਬਾਦ ਦੇ ਪਿੰਡ ਢੰਡੀ ਕਦੀਮ ਵਿਚ ਇਕ ਘਰ ਦੇ ਵਾਲੇ ਕਮਰੇ 'ਚੋਂ ਜਹਿਰੀਲਾ ਸੱਪ ਮਿਲਿਆ ਹੈ। ਦੱਸਿਆ ਜਾ ਰਿਹਾ ਹੈ ਕਿ ਸਾਰਾ ਪਰਿਵਾਰ ਇਸੇ ਕਮਰੇ ਵਿਚ ਸੁੱਤਾ ਹੋਇਆ ਸੀ। ਸਵੇਰੇ ਜਦੋਂ ਘਰ ਦੀ ਔਰਤ ਨੇ ਸਫਾਈ ਕਰਨ ਲੱਗਿਆ ਬੈੱਡ ਦੇ ਹੇਠਾਂ ਝਾੜੂ ਮਾਰਿਆ ਤਾਂ ਥੱਲਿਓਂ ਜਹਿਰੀਲਾ ਸੱਪ ਨਿਕਲਿਆ। ਔਰਤ ਤੁਰੰਤ ਬੱਚਿਆਂ ਨੂੰ ਲੈ ਕੇ ਬਾਹਰ ਨੂੰ ਭੱਜ ਗਈ। ਇਸ ਮਗਰੋਂ ਪਿੰਡ ਵਾਲੇ ਇਕੱਠੇ ਹੋ ਗਏ ਤੇ ਵਿਅਕਤੀ ਨੇ ਸੱਪ ਨੂੰ ਫੜ ਕੇ ਬੋਤਲ ਵਿਚ ਬੰਦ ਕਰ ਦਿੱਤਾ। ਇਸ ਦੀ ਵੀਡੀਓ ਵੀ ਸਾਹਮਣੇ ਆਈ ਹੈ। ਦੱਸ ਦਈਏ ਕਿ ਬਰਸਾਤ ਦੇ ਮੌਸਮ ਵਿਚ ਜੰਗਲੀ ਜਾਨਵਰ ਅਕਸਰ ਠੰਡੇ ਅਤੇ ਸੁੱਕੇ ਸਥਾਨਾਂ 'ਤੇ ਘੁੰਮਦੇ ਰਹਿੰਦੇ ਹਨ, ਇਸ ਲਈ ਇਹ ਖਬਰ ਵੀ ਤੁਹਾਨੂੰ ਸਾਵਧਾਨ ਕਰਦੀ ਹੈ।

## ਨਾਈਜੀਰੀਅਨ ਮੁੰਡਾ ਨਸ਼ਾ ਵੇਚਣ ਦੇ ਦੋਸ਼ ਹੇਠ ਹੈ ਜੇਲ੍ਹ 'ਚ ਬੰਦ, ਹੁਣ ਭੈਣ ਵੀ ਤੁਰੀ ਉਸੇ ਰਾਹ 'ਤੇ, ਗ੍ਰਿਫਤਾਰ

ਪਟਿਆਲਾ/ਰਾਜਪੁਰਾ 28 ਅਗਸਤ। ਸਦਰ ਥਾਣਾ ਰਾਜਪੁਰਾ ਦੀ ਪੁਲਸ ਨੇ ਇਕ ਨਾਈਜੀਰੀਅਨ ਕੁੜੀ ਨੂੰ ਨਸ਼ੇ ਵਾਲੀ ਪਾਬੰਦੀਸ਼ੁਦਾ ਦਵਾਈ ਦੀਆਂ ਸ਼ੀਸ਼ੀਆਂ ਸਮੇਤ ਗ੍ਰਿਫਤਾਰ ਕੀਤਾ ਹੈ। ਪ੍ਰੈੱਸ ਕਾਨਫਰੰਸ ਦੌਰਾਨ ਡੀ.ਐੱਸ.ਪੀ. ਹਰਮਨਪ੍ਰੀਤ ਸਿੰਘ ਚੀਮਾ ਨੇ ਦੱਸਿਆ ਕਿ ਬਿਕਰਮਜੀਤ ਸਿੰਘ ਬਰਾੜ ਡੀ.ਐੱਸ.ਪੀ. ਸਰਕਲ ਰਾਜਪੁਰਾ ਦੀ ਅਗਵਾਈ ਹੇਠ ਇੰਸਪੈਕਟਰ ਕਿਰਪਾਲ ਸਿੰਘ ਐੱਸ.ਐੱਚ.ਓ. ਥਾਣਾ ਸਦਰ ਰਾਜਪੁਰਾ ਨੇ ਮਾੜੇ ਅਨਸਰਾਂ ਨੂੰ ਫੜਨ ਲਈ ਮੇਨ ਜੀ.ਟੀ. ਰੋਡ (ਰਾਜਪੁਰਾ ਤੋਂ ਸਰਹਿੰਦ ਰੋਡ) ਸਾਹਮਣੇ ਏ.ਜੀ.ਐੱਮ. ਰਿਜਾਰਟ ਬਸੰਤਪੁਰਾ ਕੋਲ ਨਾਕਾਬੰਦੀ ਕੀਤੀ ਹੋਈ ਸੀ। ਇਸ ਦੌਰਾਨ ਉਨ੍ਹਾਂ ਨੂੰ ਸਾਹਮਣੇ ਤੋਂ ਆ ਰਹੀ ਇਕ ਨਾਈਜੀਰੀਅਨ ਕੁੜੀ 'ਤੇ ਸ਼ੱਕ ਪਿਆ, ਜੋ ਕਿ ਨਾਕੇ ਨੂੰ ਦੇਖ ਕੇ ਕਿਸੇ ਵਾਹਨ 'ਚੋਂ ਪਿੱਛੇ ਉਤਰ ਗਈ ਅਤੇ ਪਿੱਛੇ ਭੱਜਣ ਲੱਗੀ। ਉਸ ਨੂੰ ਏ.ਐੱਸ.ਆਈ. ਪਰਮਜੀਤ ਸਿੰਘ ਸਮੇਤ ਹੌਲਦਾਰ



ਪਰਮਜੀਤ ਕੌਰ ਅਤੇ ਪੁਲਸ ਪਾਰਟੀ ਨੇ ਕਾਬੂ ਕਰ ਲਿਆ। ਉਸ ਦੀ ਪਛਾਣ ਬਰਨੀਸ਼ ਚੈਲੇਮਾ ਵਾਸੀ ਹਾਊਸ ਨੰਬਰ ਸੀ-21 ਥਾਣਾ ਅਲਿਆਸ, ਜੈਂਬੀਆ ਹਾਲ ਵਜੋਂ ਹੋਈ, ਜੋ ਜਲੰਧਰ ਦੀ ਇਕ ਯੂਨੀਵਰਸਿਟੀ ਪੜ੍ਹਦੀ ਹੈ ਅਤੇ ਨਸ਼ਾ ਵੇਚਣ ਦਾ ਕੰਮ ਕਰਦੀ ਹੈ। ਚੈਕਿੰਗ ਦੌਰਾਨ ਉਸ ਦੇ ਬੈਗ 'ਚੋਂ ਨਸ਼ੇ ਵਾਲੀ ਦਵਾਈ ਦੀਆਂ 45 ਸ਼ੀਸ਼ੀਆਂ ਮਾਰਕਾ ਕੋਡਰੀਲ-ਟੀ ਬਰਾਮਦ ਹੋਈਆਂ। ਮੁੱਢਲੀ ਪੁੱਛਗਿੱਛ ਦੌਰਾਨ ਉਸ ਨੇ ਮੰਨਿਆ ਕਿ ਜਲੰਧਰ ਦੀ ਇਕ ਯੂਨੀਵਰਸਿਟੀ 'ਚ ਪੜ੍ਹਦੀ ਹੈ ਅਤੇ ਉਥੇ ਹੀ ਨਸ਼ਾ ਲੈ ਕੇ ਜਾ ਰਹੀ ਸੀ। ਪੁਲਸ ਨੇ ਐੱਨ.ਡੀ.ਪੀ.ਐੱਸ. ਐਕਟ ਤਹਿਤ ਥਾਣਾ ਸਦਰ ਰਾਜਪੁਰਾ ਕੇਸ ਦਰਜ ਕਰ ਕੇ ਉਸ ਨੂੰ ਗ੍ਰਿਫਤਾਰ ਕਰ ਲਿਆ ਹੈ। ਮੁੱਢਲੀ ਪੁੱਛਗਿਛ ਦੌਰਾਨ ਇਹ ਵੀ ਪਤਾ ਲੱਗਿਆ ਕਿ ਉਸ ਦਾ ਭਰਾ ਯੂਨੀਵਰਸਿਟੀ 'ਚ ਪੜ੍ਹਦਾ ਸੀ ਅਤੇ ਉਥੇ ਹੀ ਨਸ਼ਾ ਵੇਚਦਾ ਸੀ, ਜੋ ਹੁਣ ਨਸ਼ਾ ਸਪਲਾਈ ਅਤੇ ਵੇਚਣ ਦੇ ਜੁਰਮ 'ਚ ਕਪੂਰਥਲਾ ਜੇਲ੍ਹ ਵਿਚ ਬੰਦ ਹੈ। ਦੋਵੇਂ ਭੈਣ-ਭਰਾ ਨਸ਼ਾ ਵੇਚਣ ਦਾ ਕਾਰੋਬਾਰ ਕਰਦੇ ਸਨ।

## ਘਰ ਦੇ ਅੱਗੇ ਕਾਰ ਪਾਰਕਿੰਗ ਨੂੰ ਲੈ ਕੇ ਦੋ ਧਿਰਾਂ 'ਚ ਝਗੜਾ

ਨੋਇਡਾ 28 ਅਗਸਤ। ਨੋਇਡਾ ਦੇ ਸੈਕਟਰ-72 ਵਿਚ ਘਰ ਦੇ ਅੱਗੇ ਕਾਰ ਪਾਰਕਿੰਗ ਨੂੰ ਲੈ ਕੇ ਦੋ ਧਿਰਾਂ ਵਿਚ ਲੜਾਈ ਹੋਣ ਦੀ ਸੂਚਨਾ ਮਿਲੀ ਹੈ। ਲੜਾਈ ਦੇ ਇਸ ਮਾਮਲੇ ਵਿਚ ਦੋ ਔਰਤਾਂ ਸਣੇ ਪੰਜ ਲੋਕਾਂ ਨੂੰ ਗ੍ਰਿਫਤਾਰ ਕੀਤਾ ਗਿਆ। ਪੁਲਸ ਨੇ ਮੰਗਲਵਾਰ ਨੂੰ ਇਸ ਘਟਨਾ ਦੀ ਜਾਣਕਾਰੀ ਦਿੱਤੀ। ਦੂਜੇ ਪਾਸੇ ਇਸ ਘਟਨਾ ਦਾ ਇਕ ਵੀਡੀਓ ਸੋਸ਼ਲ ਮੀਡੀਆ 'ਤੇ ਬਹੁਤ ਵਾਇਰਲ ਹੋ ਰਿਹਾ ਹੈ। ਸੈਕਟਰ-113 ਪੁਲਸ ਥਾਣੇ ਦੇ ਇੰਚਾਰਜ ਇੰਸਪੈਕਟਰ ਨੇ ਦੱਸਿਆ ਕਿ ਸੋਮਵਾਰ ਨੂੰ ਸੈਕਟਰ-72 ਦੇ ਬੀ-ਬਲਾਕ ਦੇ ਰਹਿਣ ਵਾਲੇ ਨਿਤਿਨ ਛਿੱਬਾ ਨੇ ਆਪਣੀ ਕਾਰ ਰਾਜੀਵ ਚੌਹਾਨ ਦੇ ਘਰ ਦੇ ਸਾਹਮਣੇ ਖੜ੍ਹੀ ਕਰ ਦਿੱਤੀ। ਇਸੇ ਗੱਲ ਨੂੰ ਲੈ ਕੇ ਦੋਵਾਂ ਧਿਰਾਂ ਵਿਚਾਲੇ ਲੜਾਈ-ਝਗੜਾ ਹੋ ਗਿਆ। ਉਹਨਾਂ ਨੇ ਦੱਸਿਆ ਕਿ ਲੜਾਈ ਇੰਨੀ ਵੱਧ ਗਈ ਕਿ ਦੋਵਾਂ ਧਿਰਾਂ ਨੇ ਗੁੱਸੇ ਵਿਚ ਲਾਠੀਆਂ-ਡੰਡਿਆਂ ਅਤੇ ਬੈਟ ਨਾਲ ਹਮਲਾ ਕਰਦੇ ਹੋਏ ਗੱਡੀ ਦੇ ਸ਼ੀਸ਼ੇ ਤੋੜ ਦਿੱਤੇ। ਇਸ ਘਟਨਾ ਦੀ ਸੂਚਨਾ ਮਿਲਣ 'ਤੇ ਪਹੁੰਚੇ ਥਾਣਾ ਇੰਚਾਰਜ ਨੇ ਦੱਸਿਆ ਕਿ ਰਾਜੀਵ ਚੌਹਾਨ, ਪ੍ਰਿਅੰਕਾ ਚੌਹਾਨ, ਆਸ਼ੀਸ਼, ਨਿਤਿਨ ਛਿੱਬਾ, ਮਮਤਾ ਛਿੱਬਾ ਨੂੰ ਗ੍ਰਿਫਤਾਰ ਕਰ ਲਿਆ ਹੈ।

## ਕਿਰਾਏ ਦੇ ਮਕਾਨ 'ਚ ਰਹਿੰਦੇ 20 ਸਾਲਾ ਮੁੰਡੇ ਦੀ ਸੱਕੀ ਹਾਲਾਤ 'ਚ ਮੌਤ, ਕਮਰੇ 'ਚੋਂ ਮਿਲੀ ਲਾਸ

ਨਵੀਂ ਦਿੱਲੀ 28 ਅਗਸਤ। ਦਿੱਲੀ ਦੇ ਦਿਓਲੀ ਪਿੰਡ 'ਚ ਕਿਰਾਏ ਦੇ ਮਕਾਨ 'ਚ 20 ਸਾਲਾ ਨੌਜਵਾਨ ਦੀ ਭੇਤਭਰੀ ਹਾਲਤ 'ਚ ਮੌਤ ਹੋ ਗਈ, ਜਿਸ ਦੀ ਲਾਸ਼ ਕਮਰੇ ਵਿਚ ਬਰਾਮਦ ਹੋਣ ਦੀ ਸੂਚਨਾ ਮਿਲੀ ਹੈ। ਪੁਲਸ ਨੇ ਸ਼ਨੀਵਾਰ ਨੂੰ ਇਸ ਘਟਨਾ ਦੀ ਸੂਚਨਾ ਦਿੱਤੀ। ਨੌਜਵਾਨ ਸਮਾਨ ਸਪਲਾਈ ਕਰਨ ਵਾਲੇ ਪ੍ਰਤੀਨਿਧੀ ਵਜੋਂ ਕੰਮ ਕਰਦਾ ਸੀ। ਪੁਲਸ ਨੇ ਦੱਸਿਆ ਕਿ ਮ੍ਰਿਤਕ ਵਿਅਕਤੀ ਦੀ ਪਛਾਣ ਕੁਸਲ ਕੁਮਾਰ ਵਜੋਂ ਹੋਈ ਹੈ। ਇਕ ਸੀਨੀਅਰ ਪੁਲਸ ਅਧਿਕਾਰੀ ਨੇ ਦੱਸਿਆ, "ਸੁੱਕਰਵਾਰ ਰਾਤ ਨੂੰ ਇਕ ਵਿਅਕਤੀ ਦਾ ਫੋਨ ਆਇਆ ਸੀ ਕਿ ਉਸ ਦਾ ਦੋਸਤ ਬੇਹੋਸੀ ਦੀ ਹਾਲਤ ਵਿਚ ਪਿਆ ਹੈ। ਅਧਿਕਾਰੀ ਨੇ ਦੱਸਿਆ ਕਿ ਪੁਲਸ ਮੌਕੇ 'ਤੇ ਪਹੁੰਚੀ ਅਤੇ ਉਸ ਨੂੰ ਹਸਪਤਾਲ ਲੈ ਗਈ, ਜਿੱਥੇ ਉਸ ਨੂੰ ਮ੍ਰਿਤਕ ਐਲਾਨ ਦਿੱਤਾ ਗਿਆ। ਪੁਲਸ ਨੇ ਦੱਸਿਆ ਕਿ ਪੁੱਛਗਿੱਛ ਦੌਰਾਨ ਪਤਾ ਲੱਗਾ ਕਿ ਕੁਮਾਰ ਆਪਣੇ ਦੋਸਤਾਂ ਨਾਲ



ਕਿਰਾਏ ਦੇ ਮਕਾਨ 'ਚ ਰਹਿ ਰਿਹਾ ਸੀ। ਅਧਿਕਾਰੀ ਮੁਤਾਬਕ ਉਸ ਦੇ ਦੋਸਤਾਂ ਨੇ ਪੁਲਸ ਨੂੰ ਦੱਸਿਆ ਕਿ ਵੀਰਵਾਰ ਅਤੇ ਸੁੱਕਰਵਾਰ ਦੀ ਦਰਮਿਆਨੀ ਰਾਤ ਨੂੰ ਉਨ੍ਹਾਂ ਨੇ ਸਰਾਬ ਪੀਤੀ ਅਤੇ ਰਾਤ 10 ਵਜੇ ਦੇ ਕਰੀਬ ਸੌਂ ਗਏ। ਉਸ ਨੇ ਦੱਸਿਆ ਕਿ ਸੁੱਕਰਵਾਰ ਸਵੇਰੇ ਕਰੀਬ 10 ਵਜੇ ਜਦੋਂ ਕੁਮਾਰ ਨਾ ਉੱਠਿਆ ਤਾਂ ਉਸ ਦੇ ਦੋਸਤਾਂ ਨੇ ਪੁਲਸ ਨੂੰ ਸੂਚਨਾ ਦਿੱਤੀ। ਪੁਲਸ ਅਨੁਸਾਰ ਉਸ ਦੇ ਦੋਸਤਾਂ ਦੇ ਬਿਆਨ ਦਰਜ ਕਰ ਲਏ ਗਏ ਹਨ ਅਤੇ ਕਿਸੇ ਵੀ ਗੜਬੜੀ ਦਾ ਸੱਕ ਨਹੀਂ ਹੈ। ਅਧਿਕਾਰੀ ਨੇ ਕਿਹਾ ਕਿ ਲਾਸ਼ ਦਾ ਪੋਸਟਮਾਰਟਮ ਕਰਵਾ ਕੇ ਅਗਲੇਰੀ ਕਾਰਵਾਈ ਕੀਤੀ ਜਾਵੇਗੀ।

## ਯਾਤਰੀ ਕ੍ਰਿਪਾ ਕਰ ਕੇ ਧਿਆਨ ਦੇਣ, ਡੇਢ ਦਰਜਨ ਦੇ ਕਰੀਬ ਟਰੇਨਾਂ ਦੇ ਬਦਲਣ ਵਾਲੇ ਹਨ ਰੂਟ ਤੇ ਕਈ ਹੋਣਗੀਆਂ ਰੱਦ

ਮਲੋਟ 28 ਅਗਸਤ। ਉੱਤਰ ਪੱਛਮੀ ਰੇਲਵੇ ਵਲੋਂ ਜਾਰੀ ਪ੍ਰੈੱਸ ਨੋਟ ਅਨੁਸਾਰ ਰੇਲਵੇ ਸਟੇਸਨ 'ਤੇ ਨਾਨ ਇੰਟਰਲਾਕਿੰਗ ਦਾ ਕੰਮ ਹੋਣ ਕਾਰਨ ਵੱਖ-ਵੱਖ ਰੂਟਾਂ 'ਤੇ ਚੱਲਣ ਵਾਲੀਆਂ ਡੇਢ ਦਰਜਨ ਰੇਲ ਸੇਵਾਵਾਂ ਪ੍ਰਭਾਵਿਤ ਹੋ ਰਹੀਆਂ ਹਨ। ਜਿਸ ਵਿਚ ਕਈ ਟਰੇਨਾਂ ਨੂੰ ਰੱਦ ਕੀਤਾ ਜਾ ਰਿਹਾ ਹੈ, ਜਦਕਿ ਬਾਕੀ ਗੱਡੀਆਂ ਵਿਚ ਰੂਟ ਜਾਂ ਕੋਈ ਹੋਰ ਤਬਦੀਲੀ ਕੀਤੀ ਹੈ। ਉੱਤਰ ਪੱਛਮੀ ਰੇਲਵੇ ਦੇ ਮੁੱਖ ਲੋਕ ਸੰਪਰਕ ਅਧਿਕਾਰੀ ਕੈਪਟਨ ਸਸੀ ਕਿਰਨ ਅਨੁਸਾਰ ਬੀਕਾਨੇਰ ਡਵੀਜਨ ਦੇ ਹਨੂੰਮਾਨਗੜ੍ਹ-ਬਠਿੰਡਾ ਰੇਲਵੇ ਸੈਕਸਨ ਦੇ ਵਿਚਕਾਰ ਮਾਨਕਸਰ ਸਟੇਸਨ 'ਤੇ ਨਾਨ-ਇੰਟਰਲਾਕਿੰਗ ਦਾ ਕੰਮ ਕੀਤਾ ਜਾ ਰਿਹਾ ਹੈ। ਇਸ ਕੰਮ ਕਾਰਨ ਰੇਲ ਆਵਾਜਾਈ ਪ੍ਰਭਾਵਿਤ ਹੋਵੇਗੀ, ਜਿਨ੍ਹਾਂ 'ਚੋਂ 4 ਰੇਲ ਸੇਵਾਵਾਂ ਨੂੰ ਰੱਦ ਕਰ ਦਿੱਤਾ ਜਾਵੇਗਾ, 4 ਰੇਲ ਸੇਵਾਵਾਂ ਨੂੰ ਅੰਸਕ ਤੌਰ 'ਤੇ ਰੱਦ ਕਰ ਦਿੱਤਾ ਜਾਵੇਗਾ ਅਤੇ 10 ਰੇਲ ਸੇਵਾਵਾਂ ਦੇ ਰੂਟ ਬਦਲੇ ਹਨ। ਇਸ ਅਨੁਸਾਰ ਰੇਲਗੱਡੀ ਨੰਬਰ 09749, ਸੂਰਤਗੜ੍ਹ-ਬਠਿੰਡਾ ਰੇਲ ਸੇਵਾ (ਸੁਰੂ ਹੋਣ ਵਾਲੇ ਸਟੇਸਨ ਤੋਂ) 26.08.24 ਤੋਂ 1.9.24 ਤੱਕ ਅਤੇ 4.9.24 ਨੂੰ ਰੱਦ ਰਹੇਗੀ। ਰੇਲਗੱਡੀ ਨੰਬਰ 09750, ਬਠਿੰਡਾ-ਸੂਰਤਗੜ੍ਹ ਰੇਲ ਸੇਵਾ 26.8.24 ਤੋਂ 1.9.24 ਤੱਕ ਤੇ 4.9.24 ਨੂੰ ਰੱਦ ਰਹੇਗੀ, ਰੇਲਗੱਡੀ ਨੰਬਰ 04771, ਬਠਿੰਡਾ-ਅਨੁਪਗੜ੍ਹ ਰੇਲ ਸੇਵਾ 4.9.24 ਅਤੇ 5.9.24, ਤੱਕ ਰੱਦ ਰਹੇਗੀ। ਰੇਲਗੱਡੀ ਨੰਬਰ 4772 ਅਨੂਪਗੜ੍ਹ-ਬਠਿੰਡਾ ਰੇਲ ਸੇਵਾ 4.9.24 ਤੇ 5.9.24 ਨੂੰ ਰੱਦ ਰਹੇਗੀ। ਟਰੇਨ ਸੇਵਾਵਾਂ ਜਿਨ੍ਹਾਂ ਨੂੰ ਅੰਸਕ ਤੌਰ 'ਤੇ ਰੱਦ ਕੀਤਾ ਗਿਆ ਹੈ (ਮੂਲ ਸਟੇਸਨ ਤੋਂ) ਜਿਸ ਅਨੁਸਾਰ ਰੇਲਗੱਡੀ ਨੰਬਰ 14721, ਜੋਧਪੁਰ-ਬਠਿੰਡਾ ਰੇਲ ਸੇਵਾ ਜੋ 25.08.24 ਤੋਂ 31.8.24 ਤੱਕ ਜੋਧਪੁਰ ਤੋਂ ਰਵਾਨਾ ਹੋਵੇਗੀ, ਉਹ ਰੇਲ ਸੇਵਾ ਹਨੂੰਮਾਨਗੜ੍ਹ ਤੱਕ ਚੱਲੇਗੀ ਯਾਨੀ ਇਹ ਰੇਲ ਸੇਵਾ ਜਾਰੀ ਰਹੇਗੀ ਅਤੇ ਹਨੂੰਮਾਨਗੜ੍ਹ-ਬਠਿੰਡਾ ਸਟੇਸਨਾਂ ਵਿਚਕਾਰ ਅੰਸਕ ਤੌਰ 'ਤੇ ਰੱਦ ਰਹੇਗੀ। ਰੇਲਗੱਡੀ ਨੰਬਰ 04771, ਬਠਿੰਡਾ-ਅਨੂਪਗੜ੍ਹ ਰੇਲ ਸੇਵਾ 26.8.24 ਤੋਂ 1.9.24 ਤੱਕ ਬਠਿੰਡਾ ਦੀ ਬਜਾਏ ਹਨੂੰਮਾਨਗੜ੍ਹ ਤੋਂ ਰਵਾਨਾ ਹੋਵੇਗੀ, ਯਾਨੀ ਇਹ ਰੇਲ ਸੇਵਾ ਬਠਿੰਡਾ-ਹਨੂੰਮਾਨਗੜ੍ਹ ਸਟੇਸਨਾਂ ਵਿਚਕਾਰ ਅੰਸਕ ਤੌਰ 'ਤੇ ਰੱਦ ਰਹੇਗੀ। ਟਰੇਨ ਨੰਬਰ 04704, ਜੈਪੁਰ-ਬਠਿੰਡਾ ਰੇਲ ਸੇਵਾ, ਜੋ ਕਿ ਜੈਪੁਰ ਤੋਂ 25.8.24 ਤੋਂ 31.8.24 ਤੱਕ ਚੱਲੇਗੀ, ਯਾਨੀ ਇਹ ਰੇਲ ਸੇਵਾ ਹਨੂੰਮਾਨਗੜ੍ਹ-ਬਠਿੰਡਾ ਸਟੇਸਨਾਂ ਵਿਚਕਾਰ ਅੰਸਕ ਤੌਰ 'ਤੇ ਰੱਦ ਰਹੇਗੀ। ਰੇਲਗੱਡੀ ਨੰਬਰ 04703, ਬਠਿੰਡਾ-ਜੈਪੁਰ ਰੇਲ ਸੇਵਾ 26.8.24 ਤੋਂ 1.9.24 ਤੱਕ ਬਠਿੰਡਾ ਦੀ ਬਜਾਏ ਹਨੂੰਮਾਨਗੜ੍ਹ ਤੋਂ ਰਵਾਨਾ ਹੋਵੇਗੀ ਯਾਨੀ ਇਹ ਰੇਲ ਸੇਵਾ ਬਠਿੰਡਾ-ਹਨੂੰਮਾਨਗੜ੍ਹ ਸਟੇਸਨਾਂ ਵਿਚਕਾਰ ਅੰਸਕ ਤੌਰ 'ਤੇ ਰੱਦ ਰਹੇਗੀ। ਇਸ ਤੋਂ ਇਲਾਵਾ ਰੇਲ ਜਿਨ੍ਹਾਂ ਗੱਡੀਆਂ ਦੇ ਰੂਟ ਬਦਲੇ ਹਨ-ਉਨ੍ਹਾਂ ਵਿਚ ਗੱਡੀ ਨੰਬਰ 19225, ਭਗਤ ਕੀ ਕੋਠੀ-ਜੰਮੂਤਵੀ ਐਕਸਪ੍ਰੈੱਸ ਰੇਲ ਸੇਵਾ ਜੋ ਕਿ ਭਗਤ ਕੀ ਕੋਠੀ ਤੋਂ 26.8.24 ਤੋਂ 1.9.24 ਤੱਕ ਰਵਾਨਾ ਹੋਵੇਗੀ, ਨੂੰ ਬਦਲੇ ਹੋਏ ਰੂਟ 'ਤੇ ਹਨੂੰਮਾਨਗੜ੍ਹ-ਸ਼੍ਰੀਗੰਗਾਨਗਰ- ਅਬੋਹਰ-ਬਠਿੰਡਾ ਚਲਾਇਆ ਜਾਵੇਗਾ। ਰੇਲਗੱਡੀ ਨੰਬਰ 19226, ਜੰਮੂਤਵੀ-ਭਗਤ ਕੀ ਕੋਠੀ ਐਕਸਪ੍ਰੈਸ ਰੇਲ ਸੇਵਾ ਜੋ ਜੰਮੂਤਵੀ ਤੋਂ 25.8.24 ਤੋਂ 31.8.24 ਤੱਕ ਰਵਾਨਾ ਹੋਵੇਗੀ, ਬਦਲੇ ਹੋਏ ਰੂਟ ਰਾਹੀਂ ਬਠਿੰਡਾ-ਅਬੋਹਰ-ਸ੍ਰੀਗੰਗਾਨਗਰ- ਹਨੂੰਮਾਨਗੜ੍ਹ ਰਾਹੀਂ ਚੱਲੇਗੀ। ਰੇਲਗੱਡੀ ਨੰਬਰ 19107, ਭਾਵਨਗਰ



ਟਰਮੀਨਸ-ਸਹੀਦ ਕੈਪਟਨ ਤੁਸਾਰ ਮਹਾਜਨ ਰੇਲਵੇ ਸਟੇਸਨ ਐਕਸਪ੍ਰੈਸ ਰੇਲ ਸੇਵਾ ਜੋ 25.8.24 ਨੂੰ ਭਾਵਨਗਰ ਟਰਮੀਨਸ ਤੋਂ ਰਵਾਨਾ ਹੋਵੇਗੀ, ਹਨੂੰਮਾਨਗੜ੍ਹ-ਸ੍ਰੀਗੰਗਾਨਗਰ-ਅਬੋਹਰ-ਬਠਿੰਡਾ ਦੇ ਰਸਤੇ ਮੋੜ ਕੇ ਚੱਲੇਗੀ। ਰੇਲਗੱਡੀ ਨੰਬਰ 19108, ਸਹੀਦ ਕੈਪਟਨ ਤੁਸਾਰ ਮਹਾਜਨ ਰੇਲਵੇ ਸਟੇਸਨ-ਭਾਵਨਗਰ ਟਰਮੀਨਸ ਐਕਸਪ੍ਰੈਸ ਰੇਲ ਸੇਵਾ ਜੋ ਕਿ 26.8.24 ਨੂੰ ਸਹੀਦ ਕੈਪਟਨ ਤੁਸਾਰ ਮਹਾਜਨ ਰੇਲਵੇ ਸਟੇਸਨ ਤੋਂ ਰਵਾਨਾ ਹੋਵੇਗੀ, ਬਠਿੰਡਾ-ਅਬੋਹਰ-ਸ੍ਰੀਗੰਗਾਨਗਰ-ਹਨੂੰਮਾਨਗੜ੍ਹ ਹੁੰਦੇ ਹੋਏ ਬਦਲੇ ਹੋਏ ਰੂਟ ਰਾਹੀਂ ਚੱਲੇਗੀ। ਰੇਲਗੱਡੀ ਨੰਬਰ 12439, ਨਾਂਦੇੜ-ਸ੍ਰੀਗੰਗਾਨਗਰ ਐਕਸਪ੍ਰੈਸ ਰੇਲ ਸੇਵਾ ਜੋ ਕਿ ਨੰਦੇੜ ਤੋਂ 25.08.24 ਨੂੰ ਰਵਾਨਾ ਹੋਵੇਗੀ, ਬਠਿੰਡਾ-ਅਬੋਹਰ-ਸ੍ਰੀਗੰਗਾਨਗਰ ਦੇ ਰਸਤੇ ਚੱਲੇਗੀ। ਰੇਲਗੱਡੀ ਨੰਬਰ 12440, ਸ੍ਰੀਗੰਗਾਨਗਰ-ਨਾਂਦੇੜ ਐਕਸਪ੍ਰੈਸ ਰੇਲ ਸੇਵਾ ਜੋ ਕਿ 30.08.24 ਨੂੰ ਸ੍ਰੀਗੰਗਾਨਗਰ ਤੋਂ ਰਵਾਨਾ ਹੋਵੇਗੀ, ਸ੍ਰੀਗੰਗਾਨਗਰ-ਅਬੋਹਰ-ਬਠਿੰਡਾ ਦੇ ਰਸਤੇ ਚੱਲੇਗੀ। ਰੇਲਗੱਡੀ ਨੰਬਰ 20497, ਰਾਮੇਸਵਰਮ-ਫ਼ਿਰੋਜਪੁਰ ਕੈਂਟ ਐਕਸਪ੍ਰੈਸ ਰੇਲ ਸੇਵਾ ਜੋ ਕਿ ਰਾਮੇਸਵਰਮ ਤੋਂ 27.8.24 ਨੂੰ ਰਵਾਨਾ ਹੋਵੇਗੀ, ਹਨੂੰਮਾਨਗੜ੍ਹ-ਸ੍ਰੀਗੰਗਾਨਗਰ-ਅਬੋਹਰ-ਬਠਿੰਡਾ ਰਾਹੀਂ ਬਦਲੇ ਰੂਟ ਰਾਹੀਂ ਚੱਲੇਗੀ। ਟਰੇਨ ਨੰਬਰ 20489, ਫ਼ਿਰੋਜਪੁਰ ਕੈਂਟ-ਰਾਮੇਸਵਰਮ ਐਕਸਪ੍ਰੈਸ ਰੇਲ ਸੇਵਾ ਜੋ ਕਿ 31.8.24 ਨੂੰ ਫ਼ਿਰੋਜਪੁਰ ਛਾਉਣੀ ਤੋਂ ਰਵਾਨਾ ਹੋਵੇਗੀ, ਬਦਲੇ ਹੋਏ ਰੂਟ ਰਾਹੀਂ ਬਠਿੰਡਾ-ਅਬੋਹਰ-ਸ੍ਰੀਗੰਗਾਨਗਰ- ਹਨੂੰਮਾਨਗੜ੍ਹ ਰਾਹੀਂ ਚੱਲੇਗੀ। ਰੇਲਗੱਡੀ ਨੰਬਰ 05919, ਨਵੀਂ ਤਿਨਸੁਖੀਆ-ਭਗਤ ਕੀ ਕੋਠੀ ਵਿਸੇਸ ਰੇਲ ਸੇਵਾ ਜੋ ਕਿ 26.8.24 ਨੂੰ ਨਿਊ ਤਿਨਸੁਖੀਆ ਤੋਂ ਰਵਾਨਾ ਹੋਵੇਗੀ, ਬਦਲੇ ਹੋਏ ਰੂਟ ਰਾਹੀਂ ਬਠਿੰਡਾ-ਅਬੋਹਰ-ਸ੍ਰੀਗੰਗਾਨਗਰ- ਹਨੂੰਮਾਨਗੜ੍ਹ ਅਤੇ ਰੇਲਗੱਡੀ ਨੰਬਰ 05920, ਭਗਤ ਕੀ ਕੋਠੀ-ਨਿਊ ਸਪੈਸਲ ਟਰੇਨ ਚੱਲੇਗੀ। ਸੇਵਾ ਜੋ ਕਿ 30.8.24 ਨੂੰ ਭਗਤ ਕੀ ਕੋਠੀ ਤੋਂ ਰਵਾਨਾ ਹੋਵੇਗੀ, ਹਨੂੰਮਾਨਗੜ੍ਹ-ਸ੍ਰੀਗੰਗਾਨਗਰ-ਅਬੋਹਰ-ਬਠਿੰਡਾ ਦੇ ਰਸਤੇ ਬਦਲੇਗੀ।

ਕੌਮੀ ਪਤ੍ਰਿਕਾ

ਮੁੱਖ ਸੰਪਾਦਕ-ਗੁਰਚਰਨ ਸਿੰਘ ਬੱਬਰ, ਸਵਾਮੀ ਪ੍ਰਿੰਟਰ ਪਬਲਿਸ਼ਰ ਅਤੇ ਐਡੀਟਰ ਨੇ ਕੌਮੀ ਪਤ੍ਰਿਕਾ ਪ੍ਰਿੰਟਿੰਗ ਪ੍ਰੈਸ ਏ-144 ਇੰਡਸਟ੍ਰਿਅਲ ਏਰੀਆ ਸੈਕਟਰ ਏ-4, ਟ੍ਰੋਨਿਕਾ ਸਿਟੀ ਲੋਨੀ ਗਾਜ਼ਿਆਬਾਦ ਤੋਂ ਛਪਵਾ ਕੇ 5, ਬਹਾਦੁਰ ਸ਼ਾਹ ਜਫਰ ਮਾਰਗ ਨਵੀਂ ਦਿੱਲੀ-110002 ਤੋਂ ਪ੍ਰਕਾਸ਼ਿਤ ਕੀਤਾ ਹੈ।

Edited Printed Published and Owned by Gurcharan Singh Babbar 5, Bahadur Shah Zafar Marg New Delhi 110002. Printed at Qaumi Patrika Printing Press A-4 Tronica City Loni Ghaziabad

Ph. : 011-41509689
011-23315814
Mob. : 9971359517
9312262300

E-mail address:
qpatrika@gmail.com

R.N.I. No. 39272/81

Legal Advisors:
Advocate Mohd. Sajid
Advocate Dr. A.P.Singh
Advocate Manish Sharma
Advocate Pooja Bhaskar Sharma

## 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇਕ ਪੁਲਸ ਮੁਲਾਜਮ ਗ੍ਰਿਫਤਾਰ

ਸੂਰਤ 28 ਅਗਸਤ। ਰੈਵੇਨਿਊ ਇੰਟੈਲੀਜੈਂਸ ਡਾਇਰੈਕਟੋਰੇਟ (ਡੀ.ਆਰ.ਆਈ.) ਨੇ ਸੂਰਤ ਦੇ ਅੰਤਰਰਾਸਟਰੀ ਹਵਾਈ ਅੱਡੇ ਤੋਂ ਕਰੀਬ 25 ਕਰੋੜ ਰੁਪਏ ਦੇ ਸੋਨੇ ਦੀ ਸਮੱਗਲਿੰਗ ਸਬੰਧੀ ਇੱਕ ਪੁਲਸ ਮੁਲਾਜਮ



ਨੂੰ ਗ੍ਰਿਫਤਾਰ ਕੀਤਾ ਹੈ। ਡੀ.ਆਰ.ਆਈ. ਦੇ ਸਰਕਾਰੀ ਵਕੀਲ ਨਯਨ ਸੁਖਦਾਵਾਲਾ ਨੇ ਮੰਗਲਵਾਰ ਦੱਸਿਆ ਕਿ ਸਬ-ਇੰਸਪੈਕਟਰ ਪਰਾਗ ਦਵੇ ਜੋ ਸੂਰਤ ਹਵਾਈ ਅੱਡੇ ’ਤੇ ਇਮੀਗ੍ਰੇਸ਼ਨ ਦਫਤਰ ’ਚ ਕੰਮ ਕਰਦਾ ਹੈ, ਹਵਾਈ ਅੱਡੇ ਦੀ ਇਕ ਟਾਇਲਟ ’ਚ ਤਿੰਨ ਮੁਸਾਫਰਾਂ ਵਲੋਂ ਲਿਆਂਦੇ ਗਏ 48.2 ਕਿਲੋ ਸੋਨੇ ਦੀ ਸਮੱਗਲਿੰਗ ਦੀ ਕੋਸ਼ਿਸ਼ ਕਰ ਰਿਹਾ ਸੀ। ਸਥਾਨਕ ਅਦਾਲਤ ਨੇ ਦਵੇ ਨੂੰ ਦੋ ਦਿਨਾਂ ਲਈ ਡੀ.ਆਰ.ਆਈ. ਦੀ ਹਿਰਾਸਤ ਵਿਚ ਭੇਜ ਦਿੱਤਾ ਹੈ। ਸਾਰਜਾਹ ਤੋਂ ਆਏ ਉਕਤ ਯਾਤਰੀਆਂ ਨੂੰ 7 ਜੁਲਾਈ ਨੂੰ ਗ੍ਰਿਫਤਾਰ ਕੀਤਾ ਗਿਆ ਸੀ। ਜਿਵੇਂ ਹੀ ਦਵੇ ਨੂੰ ਤਿੰਨਾਂ ਦੀ ਗ੍ਰਿਫਤਾਰੀ ਬਾਰੇ ਪਤਾ ਲੱਗਾ ਤਾਂ ਉਹ ਢਿੱਡ ਦਰਦ ਦੀ ਸ਼ਿਕਾਇਤ ਕਰਦਾ ਹੋਇਆ ਏਅਰਪੋਰਟ ਛੱਡ ਕੇ ਚਲਾ ਗਿਆ। ਪੁਲਸ ਨੇ ਉਸ ਦੇ ਘਰ ਛਾਪਾ ਮਾਰ ਕੇ 12 ਲੱਖ ਰੁਪਏ ਦਾ ‘ਬਲੈਂਕ ਚੈੱਕ’ ਬਰਾਮਦ ਕੀਤਾ।

# ਪਤੀ ਦੇ ਜਖਮੀ ਹੋਣ ਮਗਰੋਂ ਲੁਧਿਆਣਾ ਦੀ ਬਲਵਿੰਦਰ ਨੇ ਨਹੀਂ ਹਾਰੀ ਹਿੰਮਤ, ਮਨਰੇਗਾ ਦਾ ਕੰਮ ਕਰ ਘਰ ਦੀ ਕੀਤੀ ਦੇਖਭਾਲ

ਲੁਧਿਆਣਾ 28 ਅਗਸਤ। ਲੁਧਿਆਣਾ ਸ਼ਹਿਰ ਦੇ ਡੇਹਲੋ ਦੀ ਵਾਸੀ ਬਲਵਿੰਦਰ ਕੌਰ ਦੇ ਘਰ ਦੀ ਆਰਥਿਕ ਹਾਲਤ ਖਰਾਬ ਹੋਣ ਦੇ ਬਾਵਜੂਦ ਉਸ ਨੇ ਹਿੰਮਤ ਨਹੀਂ ਹਾਰੀ। ਇਕ ਸੜਕ ਹਾਦਸੇ ‘ਚ ਪਤੀ ਦੇ ਗੰਭੀਰ ਜਖਮੀ ਹੋਣ ਤੋਂ ਬਾਅਦ ਬਾਵਜੂਦ ਬਲਵਿੰਦਰ ਆਪਣੀਆਂ ਮਜਬੂਰੀਆਂ ਨਾਲ ਲੜ ਰਹੀ ਹੈ। ਬਲਵਿੰਦਰ ਘਰ ਚਲਾਉਣ ਲਈ ਮਨਰੇਗਾ ‘ਚ ਮਜਦੂਰ ਵਜੋਂ ਕੰਮ ਕੀਤਾ ਸੀ। ਕੰਮ ਸਿੱਖਣ ਦੇ ਨਾਲ ਉਹ ਹੁਣ ਮਨਰੇਗਾ ਦੇ ਕੰਮਾਂ ਦੀ ਨਿਗਰਾਨੀ ਕਰਦੀ ਹੈ। ਲੁਧਿਆਣਾ ਮਨਰੇਗਾ ਪ੍ਰਸਾਸਨ ਨੇ ਬਲਵਿੰਦਰ ਕੌਰ ਦੀ ਸਫਲਤਾ ਦੀ ਕਹਾਣੀ ਦੇ ਰੂਪ ‘ਚ ਚੌਣ ਕਰਕੇ ਕੇਂਦਰ ਸਰਕਾਰ ਨੂੰ ਰਿਪੋਰਟ ਭੇਜੀ ਹੈ। ਮਨਰੇਗਾ ਜ਼ਿਲ੍ਹਾ ਨੋਡਲ ਅਫਸਰ ਸੋਨੀਆ ਸਰਮਾ ਨੇ ਦੱਸਿਆ ਕਿ 2 ਜਨਵਰੀ 1980 ਨੂੰ ਜਨਮੀ ਬਲਵਿੰਦਰ ਕੌਰ ਨੇ 12ਵੀਂ ਜਮਾਤ ਤੱਕ ਪੜ੍ਹਾਈ ਕੀਤੀ ਸੀ। 2004 ‘ਚ ਬਲਵਿੰਦਰ ਨੇ ਸਿਲਾਈ, ਕਢਾਈ ਅਤੇ ਪੇਂਟਿੰਗ ਸਿੱਖੀ। 2017-2018 ਉਸ ਦੇ ਪਤੀ ਲਖਵੀਰ ਸਿੰਘ ਇਕ ਹਾਦਸੇ ‘ਚ ਜਖਮੀ ਹੋ




ਗਏ। ਉਸ ਦੇ ਇਲਾਜ ‘ਚ ਕਾਫੀ ਪੈਸਾ ਖਰਚ ਹੋ ਗਿਆ ਸੀ। ਜਿਸ ਤੋਂ ਬਾਅਦ ਪਰਿਵਾਰ ਦਾ ਗੁਜਾਰਾ ਕਰਨਾ ਔਖਾ ਹੋ ਗਿਆ। ਇਸ ਬਾਰੇ ਬਲਵਿੰਦਰ ਨੇ ਸਰਪੰਚ ਨੂੰ ਸਮੱਸਿਆ ਦੱਸੀ। ਜਿਸ ਤੋਂ ਬਾਅਦ ਮੇਟ ਦੇ ਅਹੁਦੇ ‘ਤੇ ਬਲਵਿੰਦਰ ਦੇ ਕੰਮ ਦੀ ਜ਼ਿੰਮੇਵਾਰੀ ਉਨ੍ਹਾਂ ਨੂੰ ਸੌਂਪੀ ਗਈ ਅਤੇ ਬਲਵਿੰਦਰ ਦੀ ਜ਼ਿੰਦਗੀ ‘ਚ ਬਦਲਾਅ ਆਇਆ। ਜਦੋਂ ਮਨਰੇਗਾ ਅਧੀਨ ਕੰਮ ਮਨਜ਼ੂਰ ਹੁੰਦਾ ਹੈ ਤਾਂ ਉਹ ਨਿਗਰਾਨੀ ਦੇ ਨਾਲ-ਨਾਲ ਸਾਰਾ ਕੰਮ ਸੰਭਾਲਦੀ ਹੈ। ਘਰ ਦੀਆਂ ਚੁਣੌਤੀਆਂ ਦੇ ਵਿਚਕਾਰ ਬਲਵਿੰਦਰ ਨੇ ਮਨਰੇਗਾ ਤਹਿਤ ਕੀਤੇ ਕੰਮਾਂ ਨੂੰ ਪੂਰੀ ਜ਼ਿੰਮੇਵਾਰੀ ਨਾਲ ਕੀਤਾ। ਸਰਕਾਰੀ ਸਕੀਮਾਂ ਅਤੇ ਫੰਡਾਂ ਬਾਰੇ ਜਾਣਕਾਰੀ ਹਾਸਲ ਕੀਤੀ। ਬਲਵਿੰਦਰ ਨੇ ਅਧਿਕਾਰੀਆਂ ਦੇ ਦਿਸਾ-ਨਿਰਦੇਸਾਂ ਤਹਿਤ ਪਾਰਕਾਂ ਦੀ ਉਸਾਰੀ ਅਤੇ ਸੁੰਦਰੀਕਰਨ, ਛੱਪੜਾਂ ਦੀ ਮੁਰੰਮਤ, ਗਲੀਆਂ-ਨਾਲੀਆਂ ਦੇ ਕੰਮ, ਸਿੰਚਾਈ ਆਦਿ ਦੇ ਕੰਮ ਮੁਕੰਮਲ ਕੀਤੇ। ਇਨ੍ਹਾਂ ਕੰਮਾਂ ਲਈ ਅਧਿਕਾਰੀਆਂ ਨੇ ਬਲਵਿੰਦਰ ਦੀ ਕਈ ਵਾਰ ਤਾਰੀਫ ਵੀ ਕੀਤੀ। ਅਧਿਕਾਰੀਆਂ ਨੇ ਦੱਸਿਆ ਕਿ ਘਰ ਦੇ ਕੰਮ ਦੌਰਾਨ ਲਖਵੀਰ ਛੱਤ ਤੋਂ ਹੇਠਾਂ ਡਿੱਗ ਗਿਆ ਸੀ, ਜਿਸ ਕਾਰਨ ਉਸ ਨੂੰ ਸੱਟਾਂ ਲੱਗੀਆਂ ਸਨ। ਜਦੋਂ ਲਖਵੀਰ ਜਖਮੀ ਹੋ ਗਿਆ ਤਾਂ ਘਰ ਦੀ ਜ਼ਿੰਮੇਵਾਰੀ ਬਲਵਿੰਦਰ ਦੇ ਮੋਢਿਆਂ ‘ਤੇ ਆ ਗਈ। 2022 ‘ਚ ਬਲਵਿੰਦਰ ਨੂੰ ਇਸ ਜ਼ਿੰਮੇਵਾਰੀ ਨੂੰ ਚੰਗੀ ਤਰ੍ਹਾਂ ਨਿਭਾਉਣ ਲਈ ਚੰਡੀਗੜ੍ਹ ‘ਚ ਮਹਿਲਾ ਦਿਵਸ ‘ਤੇ ਸਨਮਾਨਿਤ ਕੀਤਾ ਗਿਆ। ਉਸ ਨੂੰ ਸਰਵੋਤਮ ਸਾਥੀ ਦਾ ਪੁਰਸਕਾਰ ਮਿਲਿਆ। ਬਲਵਿੰਦਰ ਦੀ ਧੀ ਪ੍ਰਵਨੀਤ 8ਵੀਂ ਅਤੇ ਪੁੱਤਰ ਜਸਮੀਤ 9ਵੀਂ ‘ਚ ਪੜ੍ਹਦਾ ਹੈ। ਬਲਵਿੰਦਰ ਕੌਰ ਨੇ ਦੱਸਿਆ ਕਿ ਉਸ ਦਾ ਪਤੀ ਹਾਦਸੇ ‘ਚ ਜਖਮੀ ਹੋ ਗਿਆ, ਜਿਸ ਤੋਂ ਬਾਅਦ ਘਰ ਦੀ ਜ਼ਿੰਮੇਵਾਰੀ ਉਸ ‘ਤੇ ਆ ਗਈ। ਉਹ ਸਮਾਂ ਬਹੁਤ ਚੁਣੌਤੀਪੂਰਨ ਸੀ। ਉਸ ਨੇ ਦੱਸਿਆ ਕਿ ਪਰਿਵਾਰ ਦਾ ਗੁਜਾਰਾ ਚਲਾਉਣਾ ਮੁਸਕਿਲ ਹੋ ਗਿਆ ਸੀ। ਮੈਂ 12ਵੀਂ ਤੱਕ ਪੜ੍ਹੀ ਸੀ, ਜਿਸ ਦਾ ਮੈਨੂੰ ਫਾਇਦਾ ਹੋਇਆ। ਮੈਂ ਪਿਛਲੇ ਤਿੰਨ ਸਾਲਾਂ ਤੋਂ ਮਨਰੇਗਾ ‘ਚ ਕੰਮ ਕਰ ਰਹੀ ਹਾਂ, ਜਿਸ ਨਾਲ ਮੇਰੀ ਜ਼ਿੰਦਗੀ ਵਿੱਚ ਬਹੁਤ ਬਦਲਾਅ ਆਇਆ ਹੈ। ਉਸ ਨੇ ਕਿਹਾ ਹੁਣ ਮੇਰਾ ਬੱਚਿਆਂ ਨੂੰ ਕਾਬਲ ਬਣਾਉਣ ਦਾ ਸੁਫਨਾ ਹੈ।

# ਹੜ੍ਹਾਂ ਦੇ ਹਾਲਾਤ ਦਰਮਿਆਨ ਸਿਹਤ ਵਿਭਾਗ ਵੱਲੋਂ ਐਡਵਾਈਜਰੀ ਜਾਰੀ, ਲੋਕਾਂ ਨੂੰ ਕੀਤੀ ਇਹ ਅਪੀਲ

ਚੰਡੀਗੜ੍ਹ 28 ਅਗਸਤ। ਸੂਬੇ ਦੇ ਵੱਖ-ਵੱਖ ਹਿੱਸਿਆਂ ’ਚ ਹੜ੍ਹ ਵਰਗੀ ਸਥਿਤੀ ਪੈਦਾ ਹੋਣ ਦੇ ਮੱਦੇਨਜਰ ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵੱਲੋਂ ਅੱਜ ਲੋਕਾਂ ਨੂੰ ਪਾਣੀ ਤੋਂ ਹੋਣ ਵਾਲੀਆਂ ਜਾਂ ਵੈਕਟਰ-ਬੋਰਨ ਬੀਮਾਰੀਆਂ ਤੋਂ ਬਚਾਉਣ ਲਈ ਸਿਹਤ ਐਡਵਾਈਜਰੀ ਜਾਰੀ ਕੀਤੀ ਗਈ ਹੈ। ਪਾਣੀ ਇਕੱਠਾ ਹੋਣ ਕਾਰਨ ਅਜਿਹੀਆਂ ਬੀਮਾਰੀਆਂ ਫੈਲਣ ਦੀ ਸੰਭਾਵਨਾ ਵਧ ਜਾਂਦੀ ਹੈ। ਐਡਵਾਈਜਰੀ ਬਾਰੇ ਜਾਣਕਾਰੀ ਦਿੰਦਿਆਂ ਡਾਇਰੈਕਟਰ ਸਿਹਤ ਅਤੇ ਪਰਿਵਾਰ ਭਲਾਈ ਡਾ. ਆਦਰਸਪਾਲ ਕੌਰ ਨੇ ਦੱਸਿਆ ਕਿ ਅਜਿਹੀਆਂ ਕੁਦਰਤੀ ਆਫਤਾਂ ਦੌਰਾਨ ਲੋਕਾਂ ਨੂੰ ਸੁਰੱਖਿਅਤ ਅਤੇ ਸਿਹਤਮੰਦ ਰੱਖਣ ਲਈ ਸਿਹਤ ਵਿਭਾਗ ਹਰ ਸਮੇਂ ਯਤਨਸ਼ੀਲ ਹੈ ਅਤੇ ਵਿਭਾਗ ਵੱਲੋਂ ਪ੍ਰਭਾਵਿਤ ਖੇਤਰਾਂ ਵਿਚ 24 ਘੰਟੇ ਸਿਹਤ ਸੇਵਾਵਾਂ ਪ੍ਰਦਾਨ ਕੀਤੀਆਂ ਜਾ ਰਹੀਆਂ ਹਨ। ਲੋਕਾਂ ਨੂੰ ਐਡਵਾਈਜਰੀ ਦੀ ਪੂਰੀ ਤਰ੍ਹਾਂ ਪਾਲਣਾ ਕਰਨ ਦੀ ਅਪੀਲ ਕਰਦਿਆਂ ਉਨ੍ਹਾਂ ਕਿਹਾ ਕਿ ਪੀਣ ਲਈ ਸਿਰਫ ਸੁਰੱਖਿਅਤ ਪਾਣੀ ਦੀ ਹੀ ਵਰਤੋਂ ਕਰਨੀ ਚਾਹੀਦੀ ਹੈ ਅਤੇ ਤਰਜੀਹੀ ਤੌਰ ’ਤੇ ਉਬਾਲਿਆ ਹੋਇਆ ਪਾਣੀ ਹੀ ਵਰਤਣਾ ਚਾਹੀਦਾ ਹੈ। ਲਾਗ ਤੋਂ ਬਚਣ ਲਈ ਵਾਰ-ਵਾਰ ਸਾਬਣ ਨਾਲ ਹੱਥ ਧੋਣਾ ਜਰੂਰੀ ਹੈ। ਐਡਵਾਈਜਰੀ ਵਿਚ ਦੱਸਿਆ ਗਿਆ ਹੈ ਕਿ ਹੜ੍ਹ ਦੇ ਪਾਣੀ ਵਿਚ ਭਿੱਜੇ ਭੋਜਨ ਪਦਾਰਥਾਂ ਦੀ ਵਰਤੋਂ ਨਹੀਂ ਕਰਨੀ ਚਾਹੀਦੀ। ਜੇਕਰ ਕਿਸੇ ਨੂੰ ਬੁਖਾਰ ਜਾਂ ਦਸਤ ਲੱਗ ਜਾਂਦੇ ਹਨ ਤਾਂ ਉਨ੍ਹਾਂ ਨੂੰ ਮੈਡੀਕਲ ਕੈਂਪਾਂ ਸਮੇਤ ਸਰਕਾਰੀ ਸਿਹਤ ਸਹੂਲਤਾਂ ’ਚ ਦਿਖਾਉਣਾ ਚਾਹੀਦਾ ਹੈ ਅਤੇ ਖੁਦ ਇਲਾਜ ਨਹੀਂ



ਕਰਨਾ ਚਾਹੀਦਾ। ਜੇਕਰ ਕਿਸੇ ਖੇਤਰ ਵਿਚ ਕਿਸੇ ਛੂਤ ਦੀ ਬੀਮਾਰੀ ਦੇ ਵੱਧ ਕੇਸ (ਭਾਵ ਇਕੋ ਇਲਾਕੇ ਵਿਚ ਛੂਤ ਦੀਆਂ ਬੀਮਾਰੀਆਂ ਦੇ 3 ਤੋਂ ਵੱਧ ਕੇਸ) ਸਾਹਮਣੇ ਆਉਂਦੇ ਹਨ, ਤਾਂ ਤੁਰੰਤ ਨਜਦੀਕੀ ਸਿਹਤ ਸਹੂਲਤ ਨੂੰ ਸੂਚਿਤ ਕੀਤਾ ਜਾਣਾ ਚਾਹੀਦਾ ਹੈ। ਐਡਵਾਈਜਰੀ ’ਚ ਅੱਗੇ ਲਿਖਿਆ ਗਿਆ ਹੈ ਕਿ ਹੜ੍ਹਾਂ ਦੌਰਾਨ ਦੂਸ਼ਿਤ ਪਾਣੀ ਅਤੇ ਕੀੜੇ-ਮਕੌੜਿਆਂ ਦੇ ਕੱਟਣ ਕਾਰਨ ਆਮ ਤੌਰ ’ਤੇ ਚਮੜੀ ਦੀ ਬੈਕਟੀਰੀਅਲ ਲਾਗ ਹੋ ਜਾਂਦੀ ਹੈ ਅਤੇ ਅਜਿਹੀ ਇਨਫੈਕਸ਼ਨ ਨੂੰ ਰੋਕਣ ਲਈ ਲੋਕਾਂ ਨੂੰ ਰਬੜ ਦੇ ਬੂਟ ਅਤੇ ਪੂਰੀਆਂ ਬਾਹਾਂ ਵਾਲੇ ਕੱਪੜੇ ਪਹਿਨਣ ਦੀ ਸਲਾਹ ਦਿੱਤੀ ਜਾਂਦੀ ਹੈ। ਕਿਸੇ ਵੀ ਕਿਸਮ ਦੇ ਇਲਾਜ ਲਈ ਨਜਦੀਕੀ ਸਿਹਤ ਸੰਭਾਲ ਕੇਂਦਰ ’ਚ ਜਾਣਾ ਚਾਹੀਦਾ ਹੈ। ਵਿਭਾਗ ਵੱਲੋਂ ਹੜ੍ਹਾਂ ਦੇ ਪਾਣੀ ਵਿਚ ਨਾ ਵੜਨ ਦੀ ਵੀ ਸਲਾਹ ਦਿੱਤੀ ਗਈ ਹੈ ਕਿਉਂਕਿ ਹੜ੍ਹਾਂ ਦੌਰਾਨ ਸੱਪ ਦਾ ਡੰਗਣਾ ਵੀ ਆਮ ਗੱਲ ਹੈ। ਜੇਕਰ ਤੁਹਾਨੂੰ ਪਾਣੀ ਵਿਚ ਦਾਖਲ ਹੋਣ ਦੀ ਲੋੜ ਹੈ, ਤਾਂ ਲੰਬੇ ਬੂਟ ਪਾਓ। ਸੱਪ ਦੇ ਡੰਗਣ ਦੀ ਸਥਿਤੀ ਵਿਚ ਮਰੀਜ ਨੂੰ ਜਲਦ ਤੋਂ ਜਲਦ ਨਜਦੀਕੀ ਸਿਹਤ ਕੇਂਦਰ ਵਿਚ ਲੈ ਕੇ ਜਾਓ। ਡਾ. ਆਦਰਸ ਪਾਲ ਨੇ ਸਬੰਧਤ ਅਧਿਕਾਰੀਆਂ ਨੂੰ ਵੈਕਟਰ-ਬੋਰਨ ਬੀਮਾਰੀਆਂ ਦੇ ਫੈਲਾਅ ਨੂੰ ਰੋਕਣ ਲਈ ਲਾਰਵੀਸਾਈਡ ਦਾ ਛਿੜਕਾਅ ਕਰਨ ਦੇ ਨਿਰਦੇਸ ਦਿੱਤੇ। ਉਨ੍ਹਾਂ ਅੱਗੇ ਕਿਹਾ ਕਿ ਸੂਬੇ ਦੇ ਮੁੱਖ ਦਫਤਰਾਂ ਦੀ ਟੀਮ ਵੱਲੋਂ ਸਾਰੇ ਕਾਰਜਾਂ ਦੀ ਹਰ ਪਲ ਨਿਗਰਾਨੀ ਕੀਤੀ ਜਾ ਰਹੀ ਹੈ।

## ਪਾਦਰੀ ਨੇ ਪਹਿਲਾਂ ਕੁੜੀ ਨੂੰ ਕੀਤਾ ਗਰਭਵਤੀ, ਫਿਰ ਨਰਸ ਨਾਲ ਮਿਲ ਕਰਾਇਆ ਗਰਭਪਾਤ, ਮੌਤ

ਗੁਰਦਾਸਪੁਰ 28 ਅਗਸਤ। ਪੁਲਸ ਥਾਣਾ ਦੀਨਾਨਗਰ ਦੇ ਅਧੀਨ ਪੈਂਦੇ ਇਕ ਪਿੰਡ ’ਚ ਚਰਚ ’ਚ ਆਉਣ ਵਾਲੀ ਕੁੜੀ ਦੇ ਨਾਲ ਪਾਦਰੀ ਨੇ ਪਹਿਲਾਂ ਸਰੀਰਿਕ ਸਬੰਧ ਬਣਾਏ ਅਤੇ ਜਦ ਕੁੜੀ ਗਰਭਪਤੀ ਹੋ ਗਈ ਤਾਂ ਪਾਦਰੀ ਨੇ ਨਰਸ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਨੂੰ ਇੰਨਫੈਕਸ਼ਨ ਹੋਣ ਕਾਰਨ ਉਸ ਦੀ ਮੌਤ ਹੋ ਗਈ। ਪੁਲਸ ਨੇ ਦੋਸ਼ੀ ਪਾਦਰੀ ਵਿਕਰਮ ਮਸੀਹ ਪੁੱਤਰ ਅਬਦੁਲ ਮਸੀਹ ਪਿੰਡ ਅਬਲਖੈਰ ਅਤੇ ਪਿੰਡ ਗੋਹਤ ਪੋਕਰ ਦੀ ਰਹਿਣ ਵਾਲੀ ਨਰਸ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ। ਪਰ ਦੋਵੇਂ ਦੋਸ਼ੀ ਅਜੇ ਫਰਾਰ ਹਨ। ਸਬ ਇੰਸਪੈਕਟਰ ਅਮਨਦੀਪ ਕੌਰ ਨੇ ਦੱਸਿਆ ਕਿ ਪੁਲਸ ਨੇ ਮ੍ਰਿਤਕ ਕੁੜੀ ਦੇ ਪਰਿਵਾਰ ਵੱਲੋਂ ਦਿੱਤੀ ਸ਼ਿਕਾਇਤ ਦੀ ਜਾਂਚ ‘ਚ ਪਾਇਆ ਕਿ ਦੋਸ਼ੀ ਪਾਦਰੀ ਵਿਕਰਮ ਮਸੀਹ ਨੇ ਆਪਣੇ ਘਰ ’ਚ ਚਰਚ ਖੋਲ੍ਹ ਰੱਖਿਆ ਸੀ ਅਤੇ ਮ੍ਰਿਤਕ ਕੁੜੀ ਦਾ ਪਰਿਵਾਰ ਉਸ ਚਰਚ ’ਚ ਜਾਇਆ ਕਰਦਾ ਸੀ। ਇਸ ਕਾਰਨ ਪਾਦਰੀ ਵਿਕਰਮ ਮਸੀਹ ਦਾ ਸ਼ਿਕਾਇਤਕਰਤਾਂ ਦੇ ਘਰ ਆਉਣਾ-ਜਾਣਾ ਸ਼ੁਰੂ ਹੋ ਗਿਆ। ਇਸ ਦੌਰਾਨ ਦੋਸ਼ੀ ਪਾਦਰੀ ਨੇ ਉਸ ਪਰਿਵਾਰ ਦੀ 21 ਸਾਲਾ ਕੁੜੀ ਨਾਲ ਸਰੀਰਿਕ ਸਬੰਧ ਬਣਾ ਲਏ, ਜਿਸ ਕਾਰਨ ਕੁੜੀ ਗਰਭਵਤੀ ਹੋ ਗਈ। ਆਪਣੇ ਘਿਨੌਣੇ ਅਪਰਾਧ ਨੂੰ ਲੋਕਾਂ ਅਤੇ ਪਰਿਵਾਰ ਤੋਂ ਲੁਕਾਉਣ ਦੇ ਲਈ ਪਾਦਰੀ ਨੇ ਇਨਸਾਨੀਅਤ ਨੂੰ ਸ਼ਰਮਸਾਰ ਕਰਨ



ਦੀ ਇਕ ਹੋਰ ਘਿਨੌਣੀ ਹਰਕਤ ਕਰਦੇ ਹੋਏ ਇਕ ਹੋਰ ਗੁਨਾਹ ਕੀਤਾ। ਇਸ ਦੇ ਤਹਿਤ ਦੋਸ਼ੀ ਪਾਦਰੀ ਨੇ ਆਪਣੀ ਜਾਣ-ਪਛਾਣ ਦੀ ਇਕ ਨਰਸ ਸਤਿੰਦਰਜੀਤ ਕੌਰ ਉਰਫ ਬਬਲੀ ਵਾਸੀ ਪਿੰਡ ਗੋਹਤ ਪੋਖਰ ਦੇ ਨਾਲ ਮਿਲ ਕੇ ਕੁੜੀ ਦਾ ਗਰਭਪਾਤ ਕਰਵਾ ਦਿੱਤਾ। ਇਸ ਦੌਰਾਨ ਕੁੜੀ ਦੇ ਢਿੱਡ ’ਚ ਇੰਫੈਕਸ਼ਨ ਫੈਲ ਗਈ। ਇਸ ਕਾਰਨ ਕੁੜੀ ਦੀ ਹਾਲਤ ਗੰਭੀਰ ਹੋ ਗਈ ਅਤੇ ਉਸ ਨੂੰ ਅੰਮ੍ਰਿਤਸਰ ਗੁਰੂ ਨਾਨਕ ਦੇਵ ਹਸਪਤਾਲ ਇਲਾਜ ਦੇ ਲਈ ਲੈ ਜਾਇਆ ਗਿਆ। ਇਸ ਦੌਰਾਨ 25 ਜੂਨ ਨੂੰ ਕੁੜੀ ਦੀ ਮੌਤ ਹੋ ਗਈ। ਇਸ ਦੇ ਬਾਅਦ ਦੀਨਾਨਗਰ ਪੁਲਸ ਨੇ ਦੋਸ਼ੀ ਪਾਦਰੀ ਵਿਰਕਮ ਮਸੀਹ ਅਤੇ ਨਰਸ ਬਬਲੀ ਦੇ ਖ਼ਿਲਾਫ ਮਾਮਲਾ ਦਰਜ ਕਰ ਲਿਆ ਹੈ, ਜਦੋਂ ਕਿ ਦੋਵੇਂ ਦੋਸ਼ੀ ਪੁਲਸ ਦੀ ਗ੍ਰਿਫ਼ਤ ਤੋਂ ਬਾਹਰ ਹਨ।

### ਕੈਬਨਿਟ ਨੇ ਭਾਰਤੀ ਰੇਲਵੇ ਵਿੱਚ ਕਨੈਕਟੀਵਿਟੀ ਵਧਾਉਣ, ਯਾਤਰਾ ਨੂੰ ਅਸਾਨ ਬਣਾਉਣ, ਤੇਲ ਆਯਾਤ ਘੱਟ ਕਰਨ ਅਤੇ ਕਾਰਬਨ ਡਾਈਆਕਸਾਈਡ ਨਿਕਾਸੀ ਘੱਟ ਕਰਨ ਦੇ ਉਦੇਸ਼ ਨਾਲ ਦੋ ਨਵੀਆਂ ਲਾਈਨਾਂ ਅਤੇ ਇੱਕ ਮਲਟੀ-ਟ੍ਰੈਕਿੰਗ ਪ੍ਰੋਜੈਕਟ ਨੂੰ ਮਨਜ਼ੂਰੀ ਦਿੱਤੀ

ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਵਿੱਚ ਆਰਥਿਕ ਮਾਮਲਿਆਂ ਦੀ ਮੰਤਰੀ ਮੰਡਲ ਕਮੇਟੀ (ਸੀਸੀਈਏ) ਨੇ ਰੇਲ ਮੰਤਰਾਲੇ ਦੀ ਲਗਭਗ 6,456 ਕਰੋੜ ਰੁਪਏ ਦੀ ਕੁੱਲ ਅਨੁਮਾਨਿਤ ਲਾਗਤ ਵਾਲੇ ਤਿੰਨ ਪ੍ਰੋਜੈਕਟਾਂ ਨੂੰ ਮਨਜ਼ੂਰੀ ਦਿੱਤੀ ਹੈ।ਇਨ੍ਹਾਂ ਪ੍ਰੋਜੈਕਟਾਂ ਨਾਲ ਦੂਰ-ਦੁਰਾਡੇ ਦੇ ਇਲਾਕਿਆਂ ਨੂੰ ਆਪਸ ਵਿੱਚ ਜੋੜ ਕੇ ਲੌਜਿਸਟਿਕਸ ਕੁਸ਼ਲਤਾ ਵਿੱਚ ਸੁਧਾਰ ਲਿਆਉਣ, ਮੌਜੂਦਾ ਲਾਈਨ ਸਮਰੱਥਾ ਵਧਾਉਣ ਅਤੇ ਟ੍ਰਾਂਸਪੋਰਟੇਸ਼ਨ ਨੈੱਟਵਰਕ ਦਾ ਵਿਸਤਾਰ ਕਰਨ ਦੇ ਨਾਲ-ਨਾਲ ਸਪਲਾਈ ਚੇਨ ਨੂੰ ਸੁਚਾਰੂ ਕੀਤਾ ਜਾ ਸਕੇਗਾ ਜਿਸ ਨਾਲ ਤੇਜ਼ੀ ਨਾਲ ਆਰਥਿਕ ਵਿਕਾਸ ਹੋਵੇਗਾ। ਨਵੀਂ ਲਾਈਨ ਦੇ ਪ੍ਰਸਤਾਵਾਂ ਨਾਲ ਸਿੱਧੀ ਕਨੈਕਟੀਵਿਟੀ ਬਣੇਗੀ ਅਤੇ ਟ੍ਰੈਫਿਕ ਵਿੱਚ ਸੁਧਾਰ ਹੋਵੇਗਾ, ਅਤੇ ਭਾਰਤੀ ਰੇਲਵੇ ਦੀ ਕੁਸ਼ਲਤਾ ਅਤੇ ਸੇਵਾ ਸਬੰਧੀ ਭਰੋਸੇਯੋਗਤਾ ਵਧੇਗੀ। ਮਲਟੀ-ਟ੍ਰੈਕਿੰਗ ਪ੍ਰਸਤਾਵ ਸੰਚਾਲਨ ਨੂੰ ਅਸਾਨ ਬਣਾਏਗਾ ਅਤੇ ਭੀੜ-ਭੜੱਕੇ ਨੂੰ ਘੱਟ ਕਰੇਗਾ, ਜਿਸ ਨਾਲ ਭਾਰਤੀ ਰੇਲਵੇ ਦੇ ਸਭ ਤੋਂ ਵਿਅਸਤ ਸੈਕਸ਼ਨਾਂ ‘ਤੇ ਬੇਹੱਦ ਜ਼ਰੂਰੀ ਬੁਨਿਆਦੀ ਢਾਂਚੇ ਦਾ ਵਿਕਾਸ ਹੋਵੇਗਾ। ਇਹ ਪ੍ਰੋਜੈਕਟਸ ਪ੍ਰਧਾਨ ਮੰਤਰੀ ਸ਼੍ਰੀ ਨਰੇਂਦਰ ਮੋਦੀ ਜੀ ਦੇ ਨਵੇਂ ਭਾਰਤ ਦੀ ਕਲਪਨਾ ਦੇ ਅਨੁਰੂਪ ਹਨ, ਜਿਨ੍ਹਾਂ ਨਾਲ ਵਿਭਿੰਨ ਖੇਤਰਾਂ ਵਿੱਚ ਵਿਆਪਕ ਵਿਕਾਸ ਹੋਵੇਗਾ ਅਤੇ ਲੋਕਾਂ ਨੂੰ “ਆਤਮਨਿਰਭਰ” ਬਣਾਇਆ ਜਾ ਸਕੇਗਾ ਅਤੇ ਉਨ੍ਹਾਂ ਦੇ ਰੋਜ਼ਗਾਰ/ਸਵੈ-ਰੋਜ਼ਗਾਰ ਦੇ ਅਵਸਰ ਵਧਣਗੇ। ਇਹ ਪ੍ਰੋਜੈਕਟਸ ਮਲਟੀ-ਮਾਡਲ ਕਨੈਕਟੀਵਿਟੀ ਦੇ ਲਈ ਪੀਐੱਮ-ਗਤੀਸ਼ਕਤੀ ਰਾਸ਼ਟਰੀ ਮਾਸਟਰ ਪਲਾਨ ਦਾ ਨਤੀਜਾ ਹਨ, ਜੋ ਏਕੀਕ੍ਰਿਤ ਯੋਜਨਾ ਤਿਆਰ ਕੀਤੇ ਜਾਣ ਨਾਲ ਸੰਭਵ ਹੋਇਆ ਹੈ ਅਤੇ ਇਹ ਲੋਕਾਂ, ਵਸਤੂਆਂ ਅਤੇ ਸੇਵਾਵਾਂ ਦੀ ਆਵਾਜਾਈ ਦੇ ਲਈ ਨਿਰਵਿਘਨ ਕਨੈਕਟੀਵਿਟੀ ਪ੍ਰਦਾਨ ਕਰੇਗਾ। ਓਡੀਸ਼ਾ, ਝਾਰਖੰਡ, ਪੱਛਮ ਬੰਗਾਲ ਅਤੇ ਛੱਤੀਸਗੜ੍ਹ ਜਿਹੇ 4 ਰਾਜਾਂ ਦੇ 7 ਜ਼ਿਲ੍ਹਿਆਂ ਵਿੱਚ ਲਾਗੂ ਕੀਤੇ ਜਾਣ ਵਾਲੇ ਤਿੰਨ ਪ੍ਰੋਜੈਕਟਸ ਭਾਰਤੀ ਰੇਲਵੇ ਦੇ ਮੌਜੂਦਾ ਨੈੱਟਵਰਕ ਨੂੰ ਲਗਭਗ 300 ਕਿਲੋਮੀਟਰ ਤੱਕ ਵਧਾ ਦੇਣਗੇ। ਇੰਨ੍ਹਾਂ ਪ੍ਰੋਜੈਕਟਾਂ ਦੇ ਨਾਲ 14 ਨਵੇਂ ਸਟੇਸ਼ਨਾਂ ਦਾ ਨਿਰਮਾਣ ਕੀਤਾ ਜਾਵੇਗਾ, ਜਿਸ ਨਾਲ ਦੋ ਆਖਾਂਕੀ ਜ਼ਿਲ੍ਹਿਆਂ (ਨੁਆਪਾਡਾ ਅਤੇ ਪੂਰਬੀ ਸਿੰਘਭੂਮ) ਨੂੰ ਬਿਹਤਰ ਕਨੈਕਟੀਵਿਟੀ ਮਿਲੇਗੀ। ਨਵੀਂ ਲਾਈਨ ਪ੍ਰੋਜੈਕਟਾਂ ਨਾਲ ਲਗਭਗ 1,300 ਪਿੰਡਾਂ ਅਤੇ ਲਗਭਗ 11 ਲੱਖ ਲੋਕਾਂ ਨੂੰ ਕਨੈਕਟੀਵਿਟੀ ਮਿਲੇਗੀ। ਮਲਟੀ-ਟ੍ਰੈਕਿੰਗ ਪ੍ਰੋਜੈਕਟ ਨਾਲ ਲਗਭਗ 1,300 ਪਿੰਡਾਂ ਅਤੇ ਲਗਭਗ 19 ਲੱਖ ਲੋਕਾਂ ਨੂੰ ਕਨੈਕਟੀਵਿਟੀ ਮਿਲੇਗੀ। ਇਹ ਮਾਰਗ ਖੇਤੀਬਾੜੀ ਉਤਪਾਦਾਂ, ਖਾਦ, ਕੋਲਾ, ਆਇਰਨ ਔਰ ( ), ਸਟੀਲ, ਸੀਮੇਂਟ, ਚੂਨਾ ਪੱਥਰ ਆਦਿ ਜਿਹੀਆਂ ਵਸਤੂਆਂ ਦੇ ਟ੍ਰਾਂਸਪੋਰਟੇਸ਼ਨ ਲਈ ਜ਼ਰੂਰੀ ਹਨ। ਸਮਰੱਥਾ ਵਾਧਾ ਕਾਰਜਾਂ ਦੇ ਨਤੀਜੇ ਵਜੋਂ 45 ਐੱਮਟੀਪੀਏ (ਮਿਲੀਅਨ ਟਨ ਪ੍ਰਤੀ ਵਰ੍ਹਾ) ਦੀ ਵਾਧੂ ਮਾਲ ਢੁਆਈ ਹੋਵੇਗੀ। ਰੇਲਵੇ ਵਾਤਾਵਰਣ ਦੇ ਅਨੁਕੂਲ ਅਤੇ ਊਰਜਾ ਕੁਸ਼ਲ ਆਵਾਜਾਈ ਸਾਧਨ ਹੈ ਅਤੇ ਇਸ ਨਾਲ ਜਲਵਾਯੂ ਟੀਚਿਆਂ ਨੂੰ ਪ੍ਰਾਪਤ ਕਰਨ ਅਤੇ ਦੇਸ਼ ਦੀ ਲੌਜਿਸਟਿਕਸ ਲਾਗਤ ਨੂੰ ਘੱਟ ਕਰਨ, ਤੇਲ ਆਯਾਤ (10 ਕਰੋੜ ਲੀਟਰ) ਨੂੰ ਘੱਟ ਕਰਨ ਅਤੇ ਕਾਰਬਨ ਡਾਈਆਕਸਾਈਡ ਨਿਕਾਸੀ (240 ਕਰੋੜ ਕਿਲੋਗ੍ਰਾਮ) ਨੂੰ ਘੱਟ ਕਰਨ ਵਿੱਚ ਮਦਦ ਮਿਲੇਗੀ, ਜੋ 9.7 ਕਰੋੜ ਰੁੱਖ ਲਗਾਉਣ ਦੇ ਬਰਾਬਰ ਹੈ।

## ਵਿਜੀਲੈਂਸ ਵੱਲੋਂ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਏ. ਐੱਸ. ਆਈ. ਗ੍ਰਿਫ਼ਤਾਰ

ਚੰਡੀਗੜ੍ਹ/ਬਰਨਾਲਾ 28 ਅਗਸਤ। ਪੰਜਾਬ ਵਿਜੀਲੈਂਸ ਬਿਊਰੋ ਨੇ ਬਰਨਾਲਾ ਜ਼ਿਲ੍ਹੇ ਦੀ ਪੁਲਸ ਚੌਂਕੀ ਹੰਡਿਆਇਆ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐੱਸ.ਆਈ/ਐੱਲ.ਆਰ.) ਮੱਖਣ ਸਾਹ ਨੂੰ 5000 ਰੁਪਏ ਰਿਸਵਤ ਲੈਣ ਦੇ ਦੋਸ਼ ਹੇਠ ਗ੍ਰਿਫ਼ਤਾਰ ਕੀਤਾ ਹੈ। ਵਿਜੀਲੈਂਸ ਬਿਊਰੋ ਦੇ ਅਧਿਕਾਰਤ ਬੁਲਾਰੇ ਨੇ ਦੱਸਿਆ ਕਿ ਉਕਤ ਪੁਲਸ ਮੁਲਾਜ਼ਮ ਨੂੰ ਬਰਨਾਲਾ ਜ਼ਿਲ੍ਹੇ ਦੇ ਪਿੰਡ ਖੁੱਡੀ ਕਲਾਂ ਦੇ ਰਹਿਣ ਵਾਲੇ ਸਤਗੁਰ ਸਿੰਘ ਦੀ ਸ਼ਿਕਾਇਤ ‘ਤੇ ਗ੍ਰਿਫਤਾਰ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸ਼ਿਕਾਇਤਕਰਤਾ ਨੇ ਥਾਣਾ ਵਿਜੀਲੈਂਸ ਬਿਊਰੋ, ਪਟਿਆਲਾ ਰੇਂਜ ਵਿਖੇ ਸ਼ਿਕਾਇਤ ਦਰਜ ਕਰਵਾਈ ਕਿ ਸਿੰਚਾਈ ਲਈ ਪਾਣੀ ਦੀ ਬਰਾਬਰ ਵੰਡ ਵਾਸਤੇ ਸਾਂਝੇ ਖੇਤੀ ਟਿਊਬਵੈੱਲ ਸਬੰਧੀ ਅਦਾਲਤੀ ਹੁਕਮਾਂ ਨੂੰ ਲਾਗੂ ਕਰਵਾਉਣ ਬਦਲੇ ਉਕਤ ਏ.ਐੱਸ.ਆਈ ਨੇ ਉਸ ਤੋਂ 5000 ਰੁਪਏ ਰਿਸਵਤ ਮੰਗੀ ਸੀ। ਬੁਲਾਰੇ ਨੇ ਦੱਸਿਆ ਕਿ ਸ਼ਿਕਾਇਤ ਦੀ ਮੁੱਢਲੀ ਜਾਂਚ ਤੋਂ ਬਾਅਦ ਵਿਜੀਲੈਂਸ ਬਿਊਰੋ ਦੀ ਟੀਮ ਨੇ ਟਰੈਪ ਲਗਾ ਕੇ ਮੁਲਜਮ ਏ.ਐੱਸ.ਆਈ. ਨੂੰ ਸਰਕਾਰੀ ਗਵਾਹ ਦੀ ਹਾਜਰੀ ਵਿੱਚ ਸ਼ਿਕਾਇਤਕਰਤਾ ਤੋਂ 5000 ਰੁਪਏ ਰਿਸਵਤ ਲੈਂਦਿਆਂ ਮੌਕੇ ‘ਤੇ ਕਾਬੂ ਕਰ ਲਿਆ।

# ਅਫੀਮ ਸਣੇ 1 ਕੁਇੰਟਲ ਡੋਡੇ ਚੂਰਾ ਪੋਸਤ ਸਮੇਤ 1 ਨਸ਼ਾ ਸਮੱਗਲਰ ਗ੍ਰਿਫਤਾਰ

ਸੁਲਤਾਨਪੁਰ ਲੋਧੀ 28 ਅਗਸਤ। ਥਾਣਾ ਤਲਵੰਡੀ ਚੌਧਰੀਆਂ ਦੀ ਪੁਲਸ ਵੱਲੋਂ 1 ਨਸ਼ਾ ਸਮਗਲਰ ਨੂੰ 100 ਗ੍ਰਾਮ ਅਫੀਮ ਅਤੇ 1 ਕੁਇੰਟਲ ਡੋਡੇ ਚੂਰਾ-ਪੋਸਤ ਸਮੇਤ ਕਾਬੂ ਕਰਨ ਵਿਚ ਸਫਲਤਾ ਹਾਸਲ ਕੀਤੀ ਹੈ । ਇਸ ਸਬੰਧੀ ਖੁਲਾਸਾ ਅੱਜ ਸਬ ਡਿਵੀਜਨ ਸੁਲਤਾਨਪੁਰ ਲੋਧੀ ਦੇ ਡੀ. ਐੱਸ. ਪੀ. ਸ੍ਰੀ ਬਬਨਦੀਪ ਸਿੰਘ ਲੁਬਾਣਾ ਵੱਲੋਂ ਉਚੇਚੇ ਤੌਰ ‘ਤੇ ਪੁੱਜੇ ਐੱਸ. ਪੀ. ਸੁਰਿੰਦਰ ਕੁਮਾਰ ਅਤੇ ਥਾਣਾ ਤਲਵੰਡੀ ਚੌਧਰੀਆਂ ਦੇ ਐੱਸ. ਐੱਚ. ਓ. ਜਸਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਕਪੂਰਥਲਾ ਦੀ ਰਹਿਨੁਮਾਈ ਹੇਠ ਥਾਣਾ ਤਲਵੰਡੀ ਚੋਧਰੀਆਂ ਪੁਲਸ ਪਾਰਟੀ ਐੱਸ. ਆਈ. ਜਸਬੀਰ ਸਿੰਘ ਨੂੰ ਉਸ ਸਮੇਂ ਵੱਡੀ ਪਾਲ ਸਿੰਘ ਦੀ ਮੌਜੂਦਗੀ ਵਿਚ ਕੀਤਾ। ਉਨ੍ਹਾਂ ਦੱਸਿਆ ਕਿ ਸ੍ਰੀ ਰਾਜਪਾਲ ਸਿੰਘ ਸੰਧੂ ਸੀਨੀਅਰ ਪੁਲਸ ਕਪਤਾਨ ਕਪੂਰਥਲਾ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਨਸ਼ਿਆਂ ਖ਼ਿਲਾਫ ਚਲਾਈ ਗਈ ਮੁਹਿਮ ਤਹਿਤ ਰਮਨਿੰਦਰ ਸਿੰਘ ਪੀ. ਪੀ. ਐੱਸ. ਪੁਲਸ ਕਪਤਾਨ ਇਨਵੈਸਟੀਗੇਸ਼ਨ ਸਫਲਤਾ ਹਾਸਲ ਹੋਈ ਜਦੋਂ ਮੁਖਬਰ ਖਾਸ ਨੇ ਇਤਲਾਹ ਦਿੱਤੀ ਕਿ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਜੋ ਅਫੀਮ ਅਤੇ ਡੋਡੇ ਚੂਰਾ-ਪੋਸਤ ਵੇਚਣ ਦਾ ਧੰਦਾ ਕਰਦਾ ਹੈ। ਪੁਲਸ ਪਾਰਟੀ ਵੱਲੋਂ ਸਪੈਸ਼ਲ ਨਾਕਾਬੰਦੀ ਟੀ ਪੁਆਇੰਟ ਦਾਣਾ ਮੰਡੀ ਤਲਵੰਡੀ ਚੌਧਰੀਆ ਨਜਦੀਕ ਕਰਕੇ ਉਕਤ ਟਰੱਕ ਰੋਕਿਆ ਗਿਆ। ਇਸ ਨੂੰ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਹੀ ਚਲਾ ਰਿਹਾ ਸੀ, ਜਿਸ ‘ਤੇ ਟਰੱਕ ਦੀ ਚੈਕਿੰਗ ਕਰਨ ਪਰ ਟਰੱਕ ਦੇ ਡੇਸ਼ ਬੋਰਡ ਵਿੱਚੋ 100 ਗ੍ਰਾਮ ਅਫੀਮ ਅਤੇ ਟਰੱਕ ਦੇ ਟਰਾਲਾ ਵਿੱਚ ਲੱਦੇ ਹੋਏ ਕੋਲਿਆ ਵਿੱਚੋ 4 ਬੋਰੇ ਪਲਾਸਟਿਕ ਵਜਨੀ 25/25 ਕਿਲੋਗ੍ਰਾਮ ਡੋਡੇ ਚੂਰਾ ਪੋਸਤ ਬਰਾਮਦ ਹੋਏ। ਡੀ. ਐੱਸ. ਪੀ. ਬਬਨਦੀਪ ਸਿੰਘ ਨੇ ਦੱਸਿਆ ਕਿ ਮੁਲਜਮ ਖ਼ਿਲਾਫ ਮੁਕੱਦਮਾ ਦਰਜ ਕਰਕੇ ਰਾਕੇਸ਼ ਕੁਮਾਰ ਪੁੱਤਰ ਪਿਆਰਾ ਵਾਸੀ ਉੱਚਾ ਬੋਹੜ ਵਾਲਾ ਥਾਣਾ ਕਬੀਰਪੁਰ ਜ਼ਿਲ੍ਹਾ ਕਪੂਰਥਲਾ ਨੂੰ ਉਕਤ ਮੁਕੱਦਮਾ ਵਿੱਚ ਗ੍ਰਿਫਤਾਰ ਕੀਤਾ ਗਿਆ, ਮੁਕੱਦਮਾ ਦੀ ਤਫਤੀਸ਼ ਜਾਰੀ ਹੈ। ਉਨ੍ਹਾਂ ਦੱਸਿਆ ਕਿ ਦੌਰਾਨੇ ਪੁੱਛਗਿੱਛ ਪਤਾ ਲਗਾਇਆ ਜਾਵੇਗਾ ਕਿ ਇਹ ਕਿਸ ਪਾਸੋ ਨਸ਼ਾ ਖਰੀਦ ਕਰਦਾ ਸੀ ਅਤੇ ਅੱਗੇ ਕਿਸ ਨੂੰ ਸਪਲਾਈ ਕਰਦਾ ਸੀ।

### ਤੀਹਰੇ ਕਤਲਕਾਂਡ ਨਾਲ ਕੰਬਿਆ ਪੰਜਾਬ, ਭਰਾ-ਭਰਜਾਈ ਦਾ ਕਤਲ ਕਰ ਜ਼ਿੰਦਾ ਭਤੀਜੇ ਨਾਲ ਕੀਤਾ ਵੱਡਾ ਕਾਰਾ

ਖਰੜ 28 ਅਗਸਤ। ਮੋਹਾਲੀ ਦੇ ਖਰੜ ‘ਚ ਰੂਹ ਕੰਬਾਊ ਵਾਰਦਾਤ ਸਾਹਮਣੇ ਆਈ ਹੈ। ਇੱਥੇ ਭਰਾ ਨੇ ਹੀ ਆਪਣੇ ਭਰਾ-ਭਰਜਾਈ ਅਤੇ ਮਾਸੂਮ ਭਤੀਜੇ ਦਾ ਕਤਲ ਕਰ ਦਿੱਤਾ। ਫਿਲਹਾਲ ਪੁਲਸ ਨੇ ਦੋਸ਼ੀ ਵਿਅਕਤੀ ‘ਤੇ ਮਾਮਲਾ ਦਰਜ ਕਰਕੇ ਜਾਂਚ ਸ਼ੁਰੂ ਕਰ ਦਿੱਤੀ ਹੈ। ਕਤਲ ਕਰਨ ਵਾਲੇ ਵਿਅਕਤੀ ਦਾ ਨਾਂ ਲਖਬੀਰ ਸਿੰਘ ਦੱਸਿਆ ਜਾ ਰਿਹਾ ਹੈ। ਇਹ ਮਾਮਲਾ ਪਿੰਡ ਹਰਲਾਲਪੁਰ ਦੇ ਝੂੰਗੀਆਂ ਰੋਡ ਖਰੜ ਦਾ ਹੈ। ਇੱਥੇ ਦੋਸ਼ੀ ਲਖਬੀਰ ਸਿੰਘ ਨੇ ਆਪਣੇ ਭਰਾ ਸਤਬੀਰ ਸਿੰਘ (35) ਦਾ ਤੇਜਧਾਰ ਹਥਿਆਰ ਨਾਲ ਕਤਲ ਕਰ ਦਿੱਤਾ, ਜਦੋਂ ਕਿ ਭਰਜਾਈ ਅਮਨਦੀਪ ਕੌਰ (33) ਨੂੰ ਗਲਾ ਘੁੱਟ ਕੇ ਮਾਰ ਦਿੱਤਾ। ਇਸ ਤੋਂ ਬਾਅਦ ਛੋਟੇ ਭਤੀਜੇ ਅਨਹਦ ਨੂੰ ਜ਼ਿੰਦਾ ਹੀ ਨਹਿਰ ‘ਚ ਸੁੱਟ ਦਿੱਤਾ। ਪੁਲਸ ਨੂੰ ਸ਼ੱਕ ਹੈ ਕਿ ਪਰਿਵਾਰਕ ਝਗੜੇ ਕਾਰਨ ਦੋਸ਼ੀ ਨੇ ਤੀਹਰੇ ਕਤਲਕਾਂਡ ਨੂੰ ਅੰਜਾਮ ਦਿੱਤਾ।


**PUBLIC NOTICE**

Information is given to general public at large that our client Mohd. Aalam S/o Mr. Abdul Rasid is the owner of Freehold Residential Plot no. 22 land area 25 sq. yds, part of Khasra no. 11/3, in Prashant Vihar, Khoda colony, Pargna Loni, Tehsil & Dist. Ghaziabad, U.P. Vide Sale Deed dated 27.08.2020 as Doc. No. 6072, Book No. I, vol. no. 17045, pages 87-122, SR-II- GZB & Regd. Self-Declaration dated 07.06.2023 as Doc. No. 244, Book No. I, vol. no. 1931, pages 85-100, SR-I-GZB, Initially Mr. Pardeshi and Mr. Jagmohan both S/o Mr. Shyam Lal were the jointly owner from regd. GPA dated 06.09.1996, thereafter, Mr. Jagmohan executed Sale Deed dated 27.08.2020 in favour of Mohd. Aalam S/o Mr. Abdul Rasid, our client is declaring that that any other Person does not have any right over the said property, which is to be financed by Ujjivan Small Finance Bank Ltd. Branch: Noida Uttar Pradesh. If any person(s) have any objection(s) or claim(s) with respect to the right, title or interest in the Said Property then contact us within 14 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

**NAME CHANGE**

It is for general information that I, TULSHIRAM CHAUDHARI S/O BHONDUJI CHAUDHARI, Residing at C-154, JVTS Gardan, Chhattarpur Extn., Chattarpur, Delhi-110074 declare that name of mine and my father has been wrongly written as TULSHI RAM S/O BHONDUJI CHOUDHARY in my Service Book. The actual name of mine and my father is TULSHIRAM CHAUDHARI and BHONDUJI CHAUDHARI respectively which may be amended accordingly

**NAME CHANGE**

I Santosh Kumar S/o Suraj Bhan Sharma R/o West Sant Nagar,Near Hanuman Mandir,H.No-48-49,Gali No-4,A-2 Block,Bhagat Colony, Burari, North Delhi,Delhi-110084, Have Changed My Name To Santosh Kumar Sharma For All Future Purpose

**NAME CHANGE**

I, NEELAM JHA W/O SAJJAN KUMAR JHA residing at 148, 2ND FLOOR, SURYA NAGAR PHASE-2, SECTOR-91, FARIDABAD, HARYANA-121003 have changed my minor daughter name from PRAGATI KUMARI to PRAGATI KUMARI JHA for all future purpose.

**NAME CHANGE**

I, Upendra Kumar S/o Jahanvi Prasad Singh R/o A-148 Street No-21 Shyam Vihar Phase-1 Dindar pur Delhi -110043 have changed my name to Upendra Kumar Singh for all purpose

**NAME CHANGE**

I RACHITA KAPOOR WIFE OF SHRI PARAS KAPOOR, RESIDENT OF 20 ARAM PARK RAM NAGAR, KRISHNA NAGAR, EAST DELHI, DELHI-110051 HAVE CHANGED MY NAME FROM RACHITA SAWHNEY TO RACHITA KAPOOR FOR ALL FUTURE PURPOSES.

**NAME CHANGE**

I, NO-12984517N RANK-L/NK TUNDUP DORJAY S/O SONAM PUNCHOK R/O KHACHAY, DISTT-KARGIL A/P LEH UT LADAKH-194109, have changed my minor son's name from MAFAN NAMGAM to MIPHAM NAMGYAL for all future purposes and in my service records his date of birth wrongly mentioned as 07/12/2004 instead of his correct date of birth as 07/12/2005.

**NAME CHANGE**

It is for general information that I, YUVRAJ CHAUDHARY S/o AJAY CHAUDHARY residing at Quarter No.-101, Type-2, Police Colony, Near Jhulelal Mandir , Shalimar Bagh, North West Delhi, Delhi - 110088 declare that the name of mine has been wrongly written as YUVRAJ CHAUHDHARY in my Driving Licence No. DL8-20220000529. The actual name of mine is YUVRAJ CHAUDHARY which may be amended accordingly.

**NAME CHANGE**

I hitherto known as AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, have changed my name and shall hereafter be known as AMAN KUMAR.

I, AZEEM AHMED S/o MOHD AFZAL R/o House No. A884, 3rd Floor Left Side, A-Block, Near Hanuman Mandir, Shastri Nagar, North West Delhi, Delhi-110052, do hereby solemnly affirm and declare that I have embraced HINDUISM Religion and renounced ISLAM Religion with effect from 14.08.2021.

**NAME CHANGE**

I, N PARVATI Mother of NAGARAMBELLI PURNACHANDRA RAO R/O VILL-ADABA, PO-TATIPATTI, TEH-PARALAKHEMUNDI, DIST-GAJAPATI, ODISHA-761210, have changed my name from N PARVATI to NAGARAMBELLI PARVATI for all future purposes and in my son's service records my date of birth wrongly mentioned as 01/06/1965 instead of my correct date of birth as 11/02/1970 vide affidavit dated 26/03/2024 before Notary Public, Delhi.

**NAME CHANGE**

I, Aditya Kumar S/O Inderjeet Singh R/O C-42 , Phase 1 , New Palam Vihar, Gurugram Haryana 122017 have changed my name from Aditya Kumar to Aditya Kumar Sabharwal for all future purposes.

**NAME CHANGE**

I, MUSKAN D/O ANIL MALIK residing at DDA MIG FLAT NO-192 MADIPUR DELHI-110064 have changed my name to MUSKAN MALIK for all purpose.

**ਪੂਰਵੋਤਰ ਰੇਲਵੇ**

**ਈ-ਆੱਕਸ਼ਨ ਸੂਚਨਾ**

ਵਰਿਸ਼ਠ ਮੰਡਲ ਵਾਣਿਜਯ ਪ੍ਰਬੰਧਕ, ਪੂਰਵੋੱਤਰ ਰੇਲਵੇ, ਲਖਨਊ ਦੇ ਵਲੋਂ ਹੇਠਲਿਖਿਤ ਕਾਰਜ ਲਈ ਈ-ਆੱਕਸ਼ਨ ਤੋਂ ਸੰਬੰਧਿਤ ਸੂਚਨਾ। **ਐਡਮਿਨ ਯੂਨਿਟ/ਜੋਨ:** ਲਖਨਊ-ਪੂ0ਊ0ਰੇ0-ਮੰਡਲ ਵਾਣਿਜਯ/ਪੂ0ਊ0ਰੇ0; **ਨੀਲਾਮੀ ਸੂਚੀ ਸੰ0/ ਲੱਟ ਸੰ.:** LJN-MA-EXT-02, **ਨੀਲਾਮੀ ਸੂਚੀ ਪ੍ਰਕਾਸ਼ਨ ਮਿਤੀ:-** 26-08-2024 ਸਮਾਂ 14:44 ਵਜੇ, **ਨੀਲਾਮੀ ਸ਼ੁਰੂ ਮਿਤੀ (ਪੂਰੇ ਲੱਟ):-** 11.09.2024 ਸਮਾਂ 13:00 ਵਜੇ, **ਨੀਲਾਮੀ ਬੰਦ ਕਰਨ ਦੀ ਮਿਤੀ ’ਤੇ ਸਮਾਂ:** 11-09-2024 ਸਮਾਂ 16:00 ਵਜੇ; **ਨੀਲਾਮੀ ਦਾ ਪ੍ਰਕਾਰ:-** **Close Ended,** ਵੇਬਸਾਈਟ ਵੇਰਵਾ ਜਿਥੇ ਪੰਜੀਕ੍ਰਿਤ ਬੋਲੀਦਾਤਾਵਾਂ ਵਲੋਂ ਨੀਲਾਮੀ ਦਾ ਪੂਰਾ ਵੇਰਵਾ ਦੇਖਿਆ ਜਾ ਸਕਦਾ ਹੈ : E-Auction Module of **www.ireps.gov.in**

ਵਰਿਸ਼ਠ ਮੰਡਲ ਵਾਣਿਜਯ ਪ੍ਰਬੰਧਕ
ਲਖਨਊ

ਮੁਜਾਧਿ/ਵਾਣਿਜਯ-117

ਟ੍ਰੇਨਾਂ ’ਚ ਬੀੜੀ/ਸਿਗਰੇਟ ਨਾ ਪੀਵੋ

**ਵਿਸ਼ੇਸ਼ ਰੇਲਗੱਡੀ ਦੇ ਪਰਿਚਾਲਨ ਅਵੱਧੀ ਵਿਚ ਵਿਸਤਾਰ**

ਰੇਲਯਾਤਰੀਆਂ ਦੇ ਸੁਵਿਧਾਜਨ ਆਉਣ-ਜਾਣ ਲਈ, ਰੇਲਵੇ ਦੁਵਾਰਾ ਹੇਠਾ ਲਿਖੀ ਵਿਸ਼ੇਸ਼ ਰੇਲਗੱਡੀਆਂ ਦੇ ਪਰਿਚਾਲਨ ਅਵੱਧੀ ਨੂੰ ਵਧਾਣ ਦਾ ਫੈਸਲਾ ਲਿਤਾ ਗਿਆ ਹੈ, ਜਿਨ੍ਹਾਂ ਦੀ ਪੂਰਾ ਵੇਰਵਾ ਹੇਠਾ ਅਨੁਸਾਰ ਹੈ:-

| ਰੇਲਗੱਡੀ ਨੰਬਰ | ਤੋਂ | ਤਕ | ਪ੍ਰਸਥਾਨ ਦੇ ਦਿਨ | ਪਹਿਲਾ ਅਧਿਸੂਚਤ | ਵਿਸਤਾਰਿਤ ਮਿਤੀ |
|---|---|---|---|---|---|
| 02575 | ਹੈਦਰਾਬਾਦ ਡੇਕਕਨ | ਗੋਰਖਪੁਰ ਜੰ: | ਸ਼ੁੱਕਰਵਾਰ | 27.09.2024 | 11.10.2024 ਤੋਂ 27.12.2024 |
| 02576 | ਗੋਰਖਪੁਰ ਜੰ: | ਹੈਦਰਾਬਾਦ ਡੇਕਕਨ | ਐਤਵਾਰ | 29.09.2024 | 13.10.2024 ਤੋਂ 29.12.2024 |
| 07651 | ਜਾਲਨਾ | ਛਪਰਾ | ਬੁੱਧਵਾਰ | 25.09.2024 | 02.10.2024 ਤੋਂ 25.12.2024 |
| 07652 | ਛਪਰਾ | ਜਾਲਨਾ | ਸ਼ੁੱਕਰਵਾਰ | 27.09.2024 | 04.10.2024 ਤੋਂ 27.12.2024 |
| 07031 | ਸਿੰਕਦਰਾਬਾਦ ਜੰ: | ਹਜ਼ਰਤ ਨਿਜ਼ਾਮੁਦੀਨ | ਐਤਵਾਰ | 29.09.2024 | 13.10.2024 ਤੋਂ 10.11.2024 |
| 07032 | ਹਜ਼ਰਤ ਨਿਜ਼ਾਮੁਦੀਨ | ਸਿੰਕਦਰਾਬਾਦ ਜੰ: | ਮੰਗਲਵਾਰ | 01.10.2024 | 15.10.2024 ਤੋਂ 12.11.2024 |

• ਹੋਰ ਵੇਰਵੇ ਪਹਿਲਾ ਵਾਂਗ ਰਹਿਣਗੇ ।

ਰੇਲਯਾਤਰੀਆਂ ਨੂੰ ਅਨੁਰੋਧ ਹੈ ਕਿ ਕਿਸੀ ਵੀ ਜਾਣਕਾਰੀ ਦੇ ਲਈ ਟੈਲੀਫੋਨ ਨੰ: 139 ਉਤੇ ਸੰਪਰਕ ਕਰੋ ਜਾਂ ਰੇਲਵੇ ਦੀ ਵੇਬਸਾਈਟ https://enquiry.indianrail.gov.in ਜਾਂ NTES App. ਦੇਖੋ ।

2671/2024

ਰੇਲਮਦਦ ਵੇਬਸਾਈਟ ਦੇਖੋ:- www.railmadad.indianrailways.gov.in ਰੇਲਵੇ ਵੇਬਸਾਈਟ ਦੇਖੋ:-

ਰੇਲਮਦਦ ਹੈਲਪਲਾਈਨ ਨੰ: 139

ਉਤੇ ਸਾਨੂੰ ਫਾਲੋ ਕਰੋ

ਉੱਤਰ ਰੇਲਵੇ
ਹਮੇਸ਼ਾ ਤੁਹਾਡੀ ਸੇਵਾ ਵਿਚ
ਸਾਨੂੰ www.nr.indianrailways.gov.in ਉਤੇ ਮਿਲੋ

ਗ੍ਰਾਹਕਾਂ ਦੀ ਸੇਵਾ ਵਿਚ ਮੁਸਕਾਨ ਦੇ ਨਾਲ

**NAME CHANGE**

I, hitherto known as RENU AGGARWAL alias GEETA GOYAL D/o MUKESH GOYAL W/o DEEPAK AGGARWAL residing at House No. 1726, 2nd Floor, Opposite Need Nandan Apartment, Sector-10A, Gurgaon, PO; Gurgaon, Haryana-122001 have changed my name and shall hereafter be known as GEETA GOYAL AGGARWAL.

**PUBLIC NOTICE**

Public notice is hereby given that Mrs. Sunita Yadav, W/o Late Mr. Rajendra Yadav, is the owner of the entire residential duplex House No. 15/106, covering an area of 174.76 square meters, Situated at Sector 15, Vasundhara, Ghaziabad, Uttar Pradesh, This property was purchased on 27.12.2012 through a sale deed executed by Mr. Pankaj Mathur in favor of Mrs. Sunita Yadav and Mr. Rajendra Singh Yadav. Subsequently, Mr. Rajendra Singh Yadav passed away on 05.07.2022, and their son Mr. Vikas Yadav passed away on 25.06.2022. Their legal heirs, namely Mr. Vishal Yadav, Mrs. Yogita Yadav, and Mrs. Shweta Yadav, executed two gift deeds in favor of Mrs. Sunita Yadav on 22.08.2023, in respect of their share with Regd. No. 8790 and 8424, respectively. The same property is being financed by RBL Bank Limited, located at Building no.1, First Floor, Okhla Phase - III, Near Modi Mills, New Delhi - 110020 If any person(s) objection & regarding subject property, then kindly may submit his/her objection within 07 days from the date of the Notice in writing. The said objection may be kindly sent to the undersigned by way of the Registered Post on the address given below and by E-mail. failing which, the claim as per aforesaid shall be treated as null and void in respect of the subject property.

**[ASHWANI KUMAR] Advocate**
Chamber No. 122,
Tehsil Compound, Ghaziabad, U.P.

**NAME CHANGE**

I SURESH S/o AJIT SINGH, Residing H.No. 384, WARD NO. 11, Mata Darwaza, Rohtak - 124001 have changed my name from SURESH to SURESH KUMAR for all future purposes.

**NAME CHANGE**

I PRASHANT CHAWLA S/o NARESH CHAWLA, Residing H.No. 538/23, DLF Colony, Rohtak - 124001 have changed my daughter name from KASHVI to KASHVI CHAWLA for all future purposes.

**PUBLIC NOTICE**

Information is given to general public at large that our client Smt. Kamla Rani (GPA Holder) & Sh. Harbhajan Lal (ATS Holder).is the owner of Freehold Residential Plot No. A-103, bearing Municipal No. WZ-141, area measuring 150 sq. yds., situated in the colony known as Janta Colony, New Delhi. Vide General Power of Attorney (Regd.), Agreement to Sell & Will (Notarized) dated 12.04.2006 Our client is declaring property, and Rights Hand Side, Land area measuring 75 sq. yds. sold to be Sh. Gulshan Kumar Saini which is to be financed by Piramal Capital & Housing Finance Ltd. Branch: Dwarka, New Delhi. If any person(s) have any objection(s) or claim(s) with respect to the right, title or interest in the Said Property then contact us within 07 days from the date of Publication of this notice and or the same to the undersigned if found by any one. Thereafter no claim shall be entertained

**[NAVEEN KUMAR VERMA]**
Advocate
F-211, Sector-3,
Vaishali, Ghaziabad,
Uttar Pradesh-201010
(Contact at 09958871432)

# ਕਵਿਤਾ ਨੂੰ ਸੁਪਰੀਮ ਕੋਰਟ ਤੋਂ ਮਿਲੀ ਜ਼ਮਾਨਤ, ਜਮ੍ਹਾਂ ਕਰਨਾ ਹੋਵੇਗਾ ਪਾਸਪੋਰਟ

**ਨਵੀਂ ਦਿੱਲੀ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸੁਪਰੀਮ ਕੋਰਟ ਨੇ ਦਿੱਲੀ ਆਬਕਾਰੀ ਨੀਤੀ ਮਾਮਲੇ ਨਾਲ ਭ੍ਰਿਸ਼ਟਾਚਾਰ ਅਤੇ ਮਨੀ ਲਾਂਡਰਿੰਗ ਮਾਮਲਿਆਂ 'ਚ ਭਾਰਤ ਰਾਸ਼ਟਰ ਸਮਿਤੀ (ਬੀ.ਆਰ.ਐੱਸ.) ਦੀ ਨੇਤਾ ਕੇ. ਕਵਿਤਾ ਨੂੰ ਮੰਗਲਵਾਰ ਨੂੰ ਜ਼ਮਾਨਤ ਦੇ ਦਿੱਤੀ। ਜੱਜ ਬੀ.ਆਰ. ਗਵਈ ਅਤੇ ਜੱਜ ਕੇ.ਵੀ. ਵਿਸ਼ਨਾਥਨ ਦੀ ਬੈਂਚ ਨੇ ਕਿਹਾ ਕਿ ਕਵਿਤਾ ਕਰੀਬ 5 ਮਹੀਨਿਆਂ ਤੋਂ ਹਿਰਾਸਤ 'ਚ ਹੈ ਅਤੇ ਇਨ੍ਹਾਂ ਮਮਲਿਆਂ 'ਚ ਸੀ.ਬੀ.ਆਈ. ਅਤੇ ਈ.ਡੀ. ਦੀ ਜਾਂਚ ਪੂਰੀ ਹੋ ਗਈ ਹੈ। ਅਦਾਲਤ ਨੇ ਦੋਹਾਂ ਮਾਮਲਿਆਂ 'ਚ 10-10 ਲੱਖ ਰੁਪਏ ਦੇ ਬਾਂਡ 'ਤੇ ਜ਼ਮਾਨਤ ਮਿਲੀ ਹੈ। ਇਸ ਦੇ ਨਾਲ ਹੀ ਉਸ ਨੂੰ ਆਪਣਾ ਪਾਸਪੋਰਟ ਹੇਠਲੀ ਅਦਾਲਤ ਕੋਲ ਜਮ੍ਹਾਂ ਕਰਨਾ ਹੋਵੇਗਾ। ਸੁਪਰੀਮ ਕੋਰਟ ਨੇ ਦਿੱਲੀ ਹਾਈ ਕੋਰਟ ਦੇ ਇਕ ਜੁਲਾਈ ਦੇ ਆਦੇਸ਼ ਨੂੰ ਖਾਰਜ ਕਰ ਦਿੱਤਾ, ਜਿਸ 'ਚ ਉਨ੍ਹਾਂ ਦੀਆਂ ਜ਼ਮਾਨਤ ਪਟੀਸ਼ਨਾਂ ਨੂੰ ਖਾਰਜ ਕਰ ਦਿੱਤਾ ਗਿਆ ਸੀ।

ਹਾਈ ਕੋਰਟ ਨੇ ਕਿਹਾ ਸੀ ਕਿ ਕਵਿਤਾ ਅਪਰਾਧਕ ਸਾਜਿਸ਼ 'ਚ ਇਕ ਮੁੱਖ ਦੋਸ਼ੀ ਹੈ, ਜੋ ਹੁਣ ਰੱਦ ਕੀਤੀ ਗਈ ਦਿੱਲੀ ਆਬਕਾਰੀ ਨੀਤੀ 2021-22 ਦੇ ਨਿਰਮਾਣ ਅਤੇ ਲਾਗੂ ਕਰਨ ਨਾਲ ਸੰਬੰਧਤ ਹੈ। ਈ.ਡੀ. ਨੇ ਕਵਿਤਾ (46) ਨੂੰ 15 ਮਾਰਚ ਨੂੰ ਹੈਦਰਾਬਾਦ ਦੇ ਬੰਜਾਰਾ ਹਿਲਜ਼ ਸਥਿਤ ਉਨ੍ਹਾਂ ਦੇ ਘਰੋਂ ਗ੍ਰਿਫ਼ਤਾਰ ਕੀਤਾ ਸੀ।

ਸੀ.ਬੀ.ਆਈ. ਨੇ ਉਨ੍ਹਾਂ ਨੂੰ 11 ਅਪ੍ਰੈਲ ਨੂੰ ਤਿਹਾੜ ਜੇਲ੍ਹ ਤੋਂ ਗ੍ਰਿਫ਼ਤਾਰ ਕੀਤਾ। ਕਵਿਤਾ ਨੇ ਸਾਰੇ ਦੋਸ਼ਾਂ ਤੋਂ ਇਨਕਾਰ ਕੀਤਾ ਹੈ।

# ਰਵਨੀਤ ਬਿੱਟੂ ਬਿਨਾਂ ਵਿਰੋਧ ਚੁਣੇ ਗਏ ਰਾਜ ਸਭਾ ਮੈਂਬਰ



**ਜੈਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਰਾਜਸਥਾਨ ਤੋਂ ਰਾਜ ਸਭਾ ਦੇ ਮੈਂਬਰ ਚੁਣੇ ਗਏ ਹਨ। ਵਿਧਾਨ ਸਭਾ ਦੇ ਮੁੱਖ ਸਕੱਤਰ ਅਤੇ ਚੋਣ ਅਧਿਕਾਰੀ ਮਹਾਵੀਰ ਪ੍ਰਸਾਦ ਸ਼ਰਮਾ ਨੇ ਮੰਗਲਵਾਰ ਨੂੰ ਰਾਜਸਥਾਨ ਤੋਂ ਰਾਜ ਸਭਾ ਦੀ ਇਕ ਸੀਟ ਦੀ ਜ਼ਿਮਨੀ ਚੋਣ 'ਚ ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਉਮੀਦਵਾਰ ਰਵਨੀਤ ਸਿੰਘ ਨੂੰ ਬਿਨਾਂ ਵਿਰੋਧ ਚੁਣ ਲਿਆ। ਸ਼ਰਮਾ ਨੇ ਨਵੇਂ ਚੁਣੇ ਉਮੀਦਵਾਰ ਰਵਨੀਤ ਸਿੰਘ ਦੇ ਅਧਿਕਾਰਤ ਚੋਣ ਏਜੰਟ ਅਤੇ ਉਨ੍ਹਾਂ ਵਲੋਂ ਪ੍ਰਮਾਣ ਪੱਤਰ ਲੈਣ ਲਈ ਅਧਿਕਾਰਤ ਯੋਗਿੰਦਰ ਸਿੰਘ ਤੰਵਰ ਨੂੰ ਪ੍ਰਮਾਣ ਪੱਤਰ ਪ੍ਰਦਾਨ ਕੀਤਾ। ਤੈਅ ਪ੍ਰੋਗਰਾਮ ਅਨੁਸਾਰ ਰਾਜ ਸਭਾ ਜ਼ਿਮਨੀ ਚੋਣ ਲਈ ਨਾਮਜ਼ਦਗੀ ਵਾਪਸੀ ਦੀ ਆਖ਼ਰੀ ਤਾਰੀਖ਼ 28 ਅਗਸਤ ਸੀ। ਇਸ ਚੋਣ ਲਈ ਤਿੰਨ ਉਮੀਦਵਾਰਾਂ ਨੇ ਨਾਮਜ਼ਦਗੀ ਪੱਤਰ ਭਰਿਆ ਸੀ। ਇਨ੍ਹਾਂ 'ਚੋਂ ਭਾਜਪਾ ਦੇ ਬਦਲੇ ਹੋਏ (ਡਮੀ) ਉਮੀਦਵਾਰ ਸੁਨੀਲ ਕੋਠਾਰੀ ਨੇ ਆਪਣਾ ਨਾਜ਼ਦਗੀ ਪੱਤਰ ਸ਼ੁੱਕਰਵਾਰ ਨੂੰ ਵਾਪਸ ਲੈ ਲਿਆ। ਆਜ਼ਾਦ ਉਮੀਦਵਾਰ ਬਬੀਤਾ ਵਾਧਵਾਨੀ ਦਾ ਨਾਮਜ਼ਦਗੀ ਪੱਤਰ ਵੀਰਵਾਰ ਨੂੰ ਜਾਂਚ ਦੌਰਾਨ ਰੱਦ ਹੋ ਗਿਆ।

ਇਸ ਤੋਂ ਬਾਅਦ ਜ਼ਿਮਨੀ ਚੋਣ 'ਚ ਭਾਜਪਾ ਦੇ ਰਵਨੀਤ ਸਿੰਘ ਹੀ ਇਕਮਾਤਰ ਉਮੀਦਵਾਰ ਬਚੇ ਸਨ ਅਤੇ ਉਨ੍ਹਾਂ ਦਾ ਬਿਨਾਂ ਵਿਰੋਧ ਚੁਣਿਆ ਜਾਣਾ ਤੈਅ ਸੀ। ਵਿਰੋਧੀ ਦਲ ਕਾਂਗਰਸ ਨੇ ਇਸ ਜ਼ਿਮਨੀ ਚੋਣ 'ਚ ਉਮੀਦਵਾਰ ਨਾ ਉਤਾਰਨ ਦਾ ਫ਼ੈਸਲਾ ਲਿਆ ਸੀ। ਰਾਜਸਥਾਨ ਤੋਂ ਕਾਂਗਰਸ ਦੇ ਕੇ.ਸੀ. ਵੇਣੂਗੋਪਾਲ ਦੇ ਲੋਕ ਸਭਾ ਮੈਂਬਰ ਚੁਣੇ ਜਾਣ ਤੋਂ ਅਸਤੀਫ਼ਾ ਦੇਣ ਨਾਲ ਖ਼ਾਲੀ ਸੀਟ 'ਤੇ ਜ਼ਿਮਨੀ ਚੋਣ ਹੋਈ ਹੈ। ਇਸ ਸੀਟ 'ਤੇ ਮੈਂਬਰਸ਼ਿਪ ਦਾ ਕਾਰਜਕਾਲ 21 ਜੂਨ 2026 ਤੱਕ ਰਹੇਗਾ। ਰਾਜਸਥਾਨ 'ਚ ਕੁੱਲ 10 ਰਾਜ ਸਭਾ ਸੀਟਾਂ ਹਨ।

# ਕੇਜਰੀਵਾਲ ਨੂੰ ਨਹੀਂ ਮਿਲੀ ਰਾਹਤ, ਨਿਆਂਇਕ ਹਿਰਾਸਤ 3 ਸਤੰਬਰ ਤੱਕ ਵਧੀ

**ਨਵੀਂ ਦਿੱਲੀ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਦਿੱਲੀ ਆਬਕਾਰੀ ਨੀਤੀ ਘਪਲੇ ਦੇ ਮਾਮਲੇ ਵਿਚ ਕੇਂਦਰੀ ਜਾਂਚ ਬਿਊਰੋ (ਸੀਬੀਆਈ) ਦੇ ਮਾਮਲੇ ਵਿਚ ਤਿਹਾੜ ਜੇਲ੍ਹ 'ਚ ਬੰਦ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਮੰਗਲਵਾਰ ਨੂੰ ਤਿੰਨ ਸਤੰਬਰ ਤੱਕ ਵਧਾ ਦਿੱਤੀ ਗਈ ਹੈ। ਕਾਵੇਰੀ ਬਵੇਜਾ ਦੀ ਵਿਸ਼ੇਸ਼ ਅਦਾਲਤ ਨੇ ਰੂਜ਼ ਐਵੇਨਿਊ, ਦਿੱਲੀ ਵਿਖੇ ਦਿੱਲੀ ਦੇ ਮੁੱਖ ਮੰਤਰੀ ਦੀ ਨਿਆਂਇਕ ਹਿਰਾਸਤ ਵਧਾਉਣ ਦਾ ਹੁਕਮ ਦਿੱਤਾ ਹੈ। ਅਦਾਲਤ ਨੇ ਇਸ ਤੋਂ ਇਲਾਵਾ ਸ੍ਰੀ ਕੇਜਰੀਵਾਲ ਖ਼ਿਲਾਫ਼ ਦਾਇਰ ਸੀਬੀਆਈ ਦੀ ਸਪਲੀਮੈਂਟਰੀ ਚਾਰਜਸ਼ੀਟ 'ਤੇ ਵੀ ਆਪਣਾ ਫ਼ੈਸਲਾ 3 ਸਤੰਬਰ ਤੱਕ ਸੁਰੱਖਿਅਤ ਰੱਖ ਲਿਆ ਹੈ।

ਇਸ ਸਪਲੀਮੈਂਟਰੀ ਚਾਰਜਸ਼ੀਟ ਵਿੱਚ ਪੰਜ ਹੋਰ ਵਿਅਕਤੀਆਂ ਨੂੰ ਕਥਿਤ ਘੁਟਾਲੇ ਵਿੱਚ ਸ਼ਾਮਲ ਹੋਣ ਦਾ ਦੋਸ਼ ਲਾਇਆ ਗਿਆ ਹੈ। ਸੀਬੀਆਈ ਨੇ ਸ੍ਰੀ ਕੇਜਰੀਵਾਲ ਦੀ ਨਿਆਂਇਕ ਹਿਰਾਸਤ ਵਿੱਚ 14 ਦਿਨਾਂ ਦਾ ਵਾਧਾ ਕਰਨ ਦੀ ਬੇਨਤੀ ਕੀਤੀ ਸੀ ਪਰ ਅਦਾਲਤ ਨੇ ਇਸ ਨੂੰ ਰੱਦ ਕਰ ਦਿੱਤਾ। ਅਦਾਲਤ ਨੇ ਸਬੰਧਤ ਧਿਰਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਇੱਕ ਹਫ਼ਤੇ ਲਈ ਨਿਆਂਇਕ ਹਿਰਾਸਤ ਵਧਾਉਣ ਦਾ ਹੁਕਮ ਦਿੱਤਾ ਹੈ। ਦੂਜੇ ਪਾਸੇ, ਸੁਪਰੀਮ ਕੋਰਟ ਨੇ 23 ਅਗਸਤ ਨੂੰ ਕਿਹਾ ਸੀ ਕਿ ਉਹ ਦਿੱਲੀ ਆਬਕਾਰੀ ਨੀਤੀ ਘੁਟਾਲੇ ਵਿੱਚ ਸੀਬੀਆਈ ਦੀ ਗ੍ਰਿਫ਼ਤਾਰੀ ਦੀ ਵੈਧਤਾ ਅਤੇ ਇਸੇ ਕੇਸ ਵਿੱਚ ਜ਼ਮਾਨਤ ਪਟੀਸ਼ਨਾਂ ਨੂੰ ਚੁਣੌਤੀ ਦੇਣ ਵਾਲੀਆਂ ਕੇਜਰੀਵਾਲ ਦੀਆਂ ਦੋ ਵੱਖ-ਵੱਖ ਪਟੀਸ਼ਨਾਂ 'ਤੇ 5 ਸਤੰਬਰ ਨੂੰ ਸੁਣਵਾਈ ਕਰੇਗੀ।

ਜਸਟਿਸ ਸੂਰਿਆ ਕਾਂਤ ਅਤੇ ਜਸਟਿਸ ਉੱਜਵਲ ਭੂਯਾਨ ਦੀ (ਸੁਪਰੀਮ ਕੋਰਟ) ਡਿਵੀਜ਼ਨ ਬੈਂਚ ਨੇ ਉਨ੍ਹਾਂ ਦੀਆਂ ਪਟੀਸ਼ਨਾਂ 'ਤੇ ਸਬੰਧਤ ਧਿਰਾਂ ਦੇ ਵਕੀਲਾਂ ਦੀਆਂ ਦਲੀਲਾਂ ਸੁਣਨ ਤੋਂ ਬਾਅਦ ਮਾਮਲੇ ਦੀ ਅਗਲੀ ਸੁਣਵਾਈ 5 ਸਤੰਬਰ ਲਈ ਤੈਅ ਕੀਤੀ ਗਈ ਹੈ। ਕੇਜਰੀਵਾਲ ਨੇ ਦਿੱਲੀ ਹਾਈ ਕੋਰਟ ਵੱਲੋਂ 5 ਅਗਸਤ ਨੂੰ ਉਨ੍ਹਾਂ ਦੀਆਂ ਪਟੀਸ਼ਨਾਂ ਖਾਰਜ ਕੀਤੇ ਜਾਣ ਤੋਂ ਬਾਅਦ ਸੁਪਰੀਮ ਕੋਰਟ ਵੱਲ ਪਹੁੰਚ ਕੀਤੀ ਸੀ। ਸੁਪਰੀਮ ਕੋਰਟ ਨੇ ਮਨੀ ਲਾਂਡਰਿੰਗ ਮਾਮਲੇ ਵਿੱਚ ਐਨਫੋਰਸਮੈਂਟ ਡਾਇਰੈਕਟੋਰੇਟ ਵੱਲੋਂ ਦਾਇਰ ਕੇਸ ਵਿੱਚ 12 ਜੁਲਾਈ ਨੂੰ ਸ੍ਰੀ ਕੇਜਰੀਵਾਲ ਨੂੰ ਅੰਤਰਿਮ ਜ਼ਮਾਨਤ ਦਿੱਤੀ ਸੀ। ਇਸ ਤੋਂ ਪਹਿਲਾਂ ਵੀ ਉਨ੍ਹਾਂ ਨੂੰ ਲੋਕ ਸਭਾ ਚੋਣਾਂ ਦੌਰਾਨ ਅੰਤਿਮ ਜ਼ਮਾਨਤ ਦਿੱਤੀ ਗਈ ਸੀ। ਸੀਬੀਆਈ ਕੇਸ ਵਿੱਚ ਸੁਪਰੀਮ ਕੋਰਟ ਦੀ ਬੈਂਚ ਦੇ ਸਾਹਮਣੇ ਸੀਨੀਅਰ ਵਕੀਲ ਅਭਿਸ਼ੇਕ ਮਨੂ ਸਿੰਘਵੀ ਨੇ ਕੇਜਰੀਵਾਲ ਦੀ ਨੁਮਾਇੰਦਗੀ ਕਰਦੇ ਹੋਏ ਦਲੀਲ ਦਿੱਤੀ ਸੀ ਕਿ ਸੁਪਰੀਮ ਕੋਰਟ ਨੇ ਇਨਫੋਰਸਮੈਂਟ ਡਾਇਰੈਕਟੋਰੇਟ (ਈਡੀ) ਦੁਆਰਾ ਦਰਜ ਕੀਤੇ ਗਏ ਕੇਸ ਵਿੱਚ ਤਿੰਨ ਮੌਕਿਆਂ 'ਤੇ ਅੰਤਰਿਮ ਜ਼ਮਾਨਤ ਦਿੱਤੀ ਸੀ।

# ਹਰਜੋਤ ਸਿੰਘ ਬੈਂਸ ਤੇ ਲੋਕ ਸਭਾ ਮੈਂਬਰ ਮਾਲਵਿੰਦਰ ਸਿੰਘ ਕੰਗ ਜਨਮ ਅਸ਼ਟਮੀ ਮੌਕੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਗੰਗੂਵਾਲ ਵਿਖੇ ਹੋਏ ਨਤਮਸਤਕ



**ਸ਼੍ਰੀ ਅਨੰਦਪੁਰ ਸਾਹਿਬ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਵਾਨ ਸ਼੍ਰੀ ਕ੍ਰਿਸ਼ਨ ਜੀ ਦਾ ਜਨਮ ਦਿਹਾੜਾ ਸੰਸਾਰ ਭਰ ਦੇ ਲੱਖਾਂ ਧਾਰਮਿਕ ਸਥਾਨਾ ਤੇ ਬਹੁਤ ਹੀ ਧੂਮਧਾਮ ਨਾਲ ਮਨਾਇਆ ਜਾਦਾ ਹੈ। ਸਾਰੇ ਧਾਰਮਿਕ ਸਥਾਨ ਸ਼੍ਰੀ ਕ੍ਰਿਸ਼ਨਮਈ ਰੰਗ ਵਿਚ ਰੰਗੇ ਜਾ ਰਹੇ ਹਨ। ਸੱਚਾਈ, ਨੇਕੀ ਅਤੇ ਮਾਨਵਤਾ ਦੀ ਭਲਾਈ ਦਾ ਸੰਦੇਸ਼ ਦੇਣ ਵਾਲੇ ਭਗਵਾਨ ਸ਼੍ਰੀ ਕ੍ਰਿਸ਼ਨ ਦੇ ਜਨਮ ਦਿਨ ਸਮਾਰੋਹ ਵਿਚ ਵੱਡੀ ਗਿਣਤੀ ਲੋਕਾਂ ਦੀ ਸਮੂਲੀਅਤ ਨਾਲ ਸਾਡੀ ਸੰਸਕ੍ਰਿਤੀ ਅਤੇ ਅਮੀਰ ਵਿਰਸੇ ਪ੍ਰਤੀ ਲੋਕਾਂ ਦੀ ਆਸਥਾ ਪ੍ਰਤੱਖ ਰੂਪ ਵਿਚ ਵਿਖਾਈ ਦੇ ਰਹੀ ਹੈ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਸ ਨੇ ਕਰਦੇ ਹੋਏ ਕਿਹਾ ਕਿ ਪਵਿੱਤਰ ਗ੍ਰੰਥਾਂ ਅਨੁਸਾਰ ਭਗਵਾਨ ਸ਼੍ਰੀ ਕ੍ਰਿਸ਼ਨ ਭਗਵਾਨ ਵਿਸ਼ਨੂ ਜੀ ਦੇ ਅਵਤਾਰ ਸਨ। ਉਨ੍ਹਾਂ ਨੇ ਸੰਸਾਰ ਨੂੰ ਮਾਨਵਤਾ ਦੀ ਭਲਾਈ ਦਾ ਸੁਨੇਹਾ ਦਿੱਤਾ ਹੈ। ਮਹਾਨ ਪਵਿੱਤਰ ਗ੍ਰੰਥ ਭਾਗਵਤ ਗੀਤਾ ਜੀ ਰਾਹੀ ਸਮੁੱਚੀ ਕਾਇਨਾਤ ਨੂੰ ਜੋ ਉਪਦੇਸ਼ ਦਿੱਤੇ ਹਨ ਉਸ ਨਾਲ ਦੇਸ਼ ਵਿਦੇਸ਼ ਤੱਕ ਉਨ੍ਹਾਂ ਦੇ ਅਣਗਿਣਤ ਅਨੁਯਾਈ ਸੱਚਾਈ ਦੇ ਮਾਰਗ ਚੱਲਣ ਦੀ ਪ੍ਰੇਰਨਾ ਦੇ ਰਹੇ ਹਨ। ਉਨ੍ਹਾਂ ਕਿਹਾ ਕਿ ਸਮੁੱਚੇ ਵਿਸ਼ਵ ਵਿਚ ਨਵੀ ਜਾਗਰੂਕਤਾ ਅਤੇ ਧਰਮ ਦਾ ਸਹੀ ਗਿਆਨ ਦੇਣ ਵਾਲੇ ਭਗਵਾਨ ਸ਼੍ਰੀ ਕ੍ਰਿਸ਼ਨ ਨੇ ਸਮੁੱਚੀ ਮਨੁੱਖ ਜਾਤੀ ਨੂੰ ਪ੍ਰੇਮ ਦਾ ਸੰਦੇਸ਼ ਦਿੱਤਾ ਹੈ।ਆਪਣੇ ਬਾਲਪਨ ਤੋਂ ਸਮੁੱਚੇ ਜੀਵਨ ਦੌਰਾਨ ਸ੍ਰੀ ਕ੍ਰਿਸ਼ਨ ਭਗਵਾਨ ਦਾ ਜੀਵਨ ਲੋਕਾਂ ਲਈ ਪ੍ਰੇਰਨਾ ਸ੍ਰੋਤ ਰਿਹਾ ਹੈ।ਉਨ੍ਹਾਂ ਦੇ ਉਪਦੇਸ਼ ਅਤੇ ਸਿੱਖਿਆਵਾ ਨਾਲ ਸਮੁੱਚੀ ਮਾਨਵ ਜਾਤੀ ਦਾ ਕਲਿਆਣ ਹੋਇਆ ਹੈ। ਉਨਾਂ ਕਿਹਾ ਕਿ ਸ਼੍ਰੀ ਕ੍ਰਿਸ਼ਨ ਜੀ ਦੀ ਅਪਾਰ ਕ੍ਰਿਪਾ ਸਦਕਾ ਉਨਾਂ ਨੂੰ ਸ਼੍ਰੀ ਅਨੰਦਪੁਰ ਸਾਹਿਬ ਦੀ ਮਹਾਨ ਪਵਿੱਤਰ ਨਗਰੀ ਦੀ ਸੇਵਾ ਕਰਨ ਦਾ ਮੌਕਾ ਮਿਲਿਆ ਹੈ ਤੇ ਉਹ ਪਵਿੱਤਰ ਨਗਰੀ ਦੇ ਸਰਬਪੱਖੀ ਵਿਕਾਸ ਲਈ ਦਿਨ ਰਾਤ ਇੱਕ ਕਰਕੇ ਮਿਹਨਤ ਕਰ ਰਹੇ ਹਨ।ਉਨਾਂ ਕਿਹਾ ਕਿ ਬੀਤੇ ਦਿਨੀਂ ਉਨਾਂ ਨੂੰ ਵਿਰੰਦਾਵਨ ਜਾਣ ਦਾ ਸੁਭਾਗ ਪ੍ਰਾਪਤ ਹੋਇਆ ਤੇ ਉੱਥੇ ਜਾ ਕੇ ਦਰਸ਼ਨ ਕਰਨ ਉਪਰੰਤ ਉਨਾਂ ਦਾ ਮਨ ਬਹੁਤ ਖੁਸ਼ ਹੋਇਆ।ਇਸ ਮੌਕੇ ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਸ਼੍ਰੀ ਰਾਧਾ ਕ੍ਰਿਸ਼ਨ ਮੰਦਰ ਠਾਕੁਰ ਦੁਆਰਾ ਰਾਮਾ ਡ੍ਰਾਮਾਟਿਕ ਕਮੇਟੀ ਨੂੰ 10 ਲੱਖ ਰੁਪਏ ਦੇਣ ਦਾ ਐਲਾਨ ਕੀਤਾ।

ਇਸ ਮੌਕੇ ਲੋਕ ਸਭਾ ਹਲਕਾ ਸ਼੍ਰੀ ਅਨੰਦਪੁਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਮਾਲਵਿੰਦਰ ਸਿੰਘ ਕੰਗ ਨੇ ਸਮੂਹ ਸੰਗਤਾਂ ਨੂੰ ਜਨਮ ਅਸ਼ਟਮੀ ਦੀਆਂ ਵਧਾਈਆਂ ਦਿੰਦਿਆਂ ਕਿਹਾ ਕਿ ਸ਼੍ਰੀ ਕ੍ਰਿਸ਼ਨ ਜੀ ਦੀ ਅਪਾਰ ਕ੍ਰਿਪਾ ਸਦਕਾ ਅਤੇ ਹਲਕਾ ਵਾਸੀਆਂ ਵੱਲੋਂ ਮਿਲੇ ਅਥਾਹ ਪਿਆਰ ਕਾਰਨ ਉਨਾਂ ਨੂੰ ਦੇਸ਼ ਦੀ ਸਭ ਤੋਂ ਵੱਡੀ ਪੰਚਾਇਤ ਲੋਕ ਸਭਾ ਵਿੱਚ ਪੰਜਾਬ ਅਤੇ ਪੰਜਾਬੀਅਤ ਦੀ ਅਵਾਜ ਚੁੱਕਣ ਦਾ ਮੋਕਾ ਮਿਲਿਆ ਹੈ ਜਿਸ ਲਈ ਉਹ ਸਮੂਹ ਹਲਕਾ ਵਾਸੀਆਂ ਦਾ ਤਹਿ ਦਿਲੋਂ ਧੰਨਵਾਦ ਕਰਦੇ ਹਨ।

# ਸਵਾਰੀਆਂ ਨਾਲ ਭਰੀ ਪੀ.ਆਰ.ਟੀ.ਸੀ. ਦੀ ਬੱਸ ਪਲਟੀ; ਔਰਤ ਦੀ ਮੌਤ

**ਬਠਿੰਡਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬੀਕਾਨੇਰ ਨੈਸ਼ਨਲ ਹਾਈਵੇਅ 'ਤੇ ਡੱਬਵਾਲੀ ਕਸਬੇ ਨੇੜੇ ਪਿੰਡ ਪਥਰਾਲਾ 'ਚ PRTC ਫਰੀਦਕੋਟ ਡਿਪੂ ਦੀ ਇਕ ਬੱਸ ਪਲਟ ਗਈ। ਇਸ ਹਾਦਸੇ ਵਿਚ ਇਕ ਔਰਤ ਦੀ ਮੌਤ ਹੋ ਗਈ, ਜਦੋਂ ਕਿ ਦੋ ਦਰਜਨ ਯਾਤਰੀ ਗੰਭੀਰ ਜ਼ਖ਼ਮੀ ਹੋ ਗਏ। ਜਿਨ੍ਹਾਂ ਨੂੰ ਡੱਬਵਾਲੀ ਅਤੇ ਸਿਰਸਾ ਦੇ ਹਸਪਤਾਲਾਂ ਵਿਚ ਦਾਖ਼ਲ ਕਰਵਾਇਆ ਗਿਆ। ਨਿਰਮਾਣ ਅਧੀਨ ਬਠਿੰਡਾ-ਡੱਬਵਾਲੀ ਨੈਸ਼ਨਲ ਹਾਈਵੇਅ 'ਤੇ ਮੀਂਹ ਕਾਰਨ ਇਹ ਭਿਆਨਕ ਹਾਦਸਾ ਵਾਪਰਿਆ ਹੈ। ਤੇਜ਼ ਬਰਸਾਤ ਕਾਰਨ ਬੱਸ ਚਾਲਕ ਬੱਸ ਤੋਂ ਕੰਟਰੋਲ ਗੁਆ ਬੈਠਾ ਅਤੇ ਇਹ ਸੜਕ 'ਤੇ ਪਲਟ ਗਈ। ਇਸ ਹਾਦਸੇ ਵਿਚ ਇਕ ਔਰਤ ਜਸਵਿੰਦਰ ਕੌਰ ਵਾਸੀ ਪਿੰਡ ਲੋਹਾਰਾ, ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਦੀ ਮੌਤ ਹੋ ਜਾਣ ਦੀ ਜਾਣਕਾਰੀ ਦਿੱਤੀ ਜਾ ਰਹੀ ਹੈ। ਜਾਣਕਾਰੀ ਅਨੁਸਾਰ ਪੀ.ਆਰ.ਟੀ.ਸੀ. ਫਰੀਦਕੋਟ ਡਿਪੂ ਦੀ ਬੱਸ ਨੰਬਰ ਪੀਬੀ-04ਵੀ-3044 ਹਰਿਆਣਾ ਦੇ ਡੱਬਵਾਲੀ ਤੋਂ ਬਠਿੰਡਾ ਆ ਰਹੀ ਸੀ। ਮੰਗਲਵਾਰ ਦੁਪਹਿਰ ਕਰੀਬ 2.30 ਵਜੇ ਜਦੋਂ ਇਹ ਬੱਸ ਪਿੰਡ ਪਥਰਾਲਾ 'ਚ ਉਸਾਰੀ ਅਧੀਨ ਕੰਕਰੀਟ ਵਾਲੀ ਸੜਕ 'ਤੇ ਪਹੁੰਚੀ ਤਾਂ ਅਚਾਨਕ ਤੇਜ਼ ਮੀਂਹ ਸ਼ੁਰੂ ਹੋ ਗਿਆ, ਜਿਸ ਕਾਰਨ ਬੱਸ ਚਾਲਕ ਆਪਣਾ ਕੰਟਰੋਲ ਗੁਆ ਬੈਠਾ ਅਤੇ ਬੱਸ ਬੇਕਾਬੂ ਹੋ ਕੇ ਸੜਕ 'ਤੇ ਪਲਟ ਗਈ।

# ਕੰਗਨਾ ਦੀ ਕਿਸਾਨਾਂ ਬਾਰੇ ਟਿੱਪਣੀ ਤੋਂ ਹਿਮਾਚਲ ਵਿਧਾਨ ਸਭਾ 'ਚ ਰੌਲਾ ਰੱਪਾ

**ਸ਼ਿਮਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਹਿਮਾਚਲ ਪ੍ਰਦੇਸ਼ ਵਿਧਾਨ ਸਭਾ ਦੇ ਮੌਨਸੂਨ ਸੈਸ਼ਨ ਦੀ ਸ਼ੁਰੂਆਤ ਅੱਜ ਮੰਡੀ ਤੋਂ ਭਾਜਪਾ ਦੀ ਸੰਸਦ ਮੈਂਬਰ ਕੰਗਨਾ ਰਣੌਤ ਵੱਲੋਂ ਕਿਸਾਨ ਅੰਦੋਲਨ ਬਾਰੇ ਕਥਿਤ ਟਿੱਪਣੀ ਕਾਰਨ ਪਏ ਰੌਲੇ ਰੱਪੇ ਤੋਂ ਹੋਈ। ਇਸ ਦੌਰਾਨ ਸੱਤਾਧਾਰੀ ਤੇ ਵਿਰੋਧੀ ਧਿਰ ਭਾਜਪਾ ਵਿਚਾਲੇ ਤਿੱਖੀ ਬਹਿਸ ਹੋਈ। ਵਿਰੋਧੀ ਧਿਰ ਦੇ ਨੇਤਾ ਅਤੇ ਸਾਬਕਾ ਮੁੱਖ ਮੰਤਰੀ ਜੈ ਰਾਮ ਠਾਕੁਰ ਨੇ ਕਾਨੂੰਨ ਅਤੇ ਵਿਵਸਥਾ ਦੇ ਮੁੱਦੇ 'ਤੇ ਚਰਚਾ ਦੀ ਮੰਗ ਕੀਤੀ। ਹੰਗਾਮੇ ਦੌਰਾਨ ਵਿਰੋਧੀ ਧਿਰ ਦੇ ਮੈਂਬਰਾਂ ਨੇ ਨਾਅਰੇਬਾਜ਼ੀ ਕਰਦਿਆਂ ਵਾਕਆਊਟ ਕਰ ਦਿੱਤਾ। ਸੰਸਦੀ ਮਾਮਲਿਆਂ ਬਾਰੇ ਮੰਤਰੀ ਹਰਸ਼ਵਰਧਨ ਚੌਹਾਨ ਨੇ ਕੰਗਨਾ ਦੀ ਟਿੱਪਣੀ ਦੀ ਨਿੰਦਾ ਕਰਨ ਵਾਲਾ ਮਤਾ ਪੇਸ਼ ਕੀਤਾ।

ਉਨ੍ਹਾਂ ਕਿਹਾ, 'ਕੰਗਨਾ ਦੀ ਟਿੱਪਣੀ ਪੂਰੇ ਦੇਸ਼ ਦੇ ਕਿਸਾਨਾਂ ਦਾ ਅਪਮਾਨ ਹੈ। ਵਿਰੋਧੀ ਧਿਰ ਸਦਨ ਤੋਂ ਬਾਹਰ ਹੋ ਗਈ ਹੈ ਪਰ ਅਸੀਂ ਇਸ ਮੁੱਦੇ 'ਤੇ ਭਾਜਪਾ ਦਾ ਸਟੈਂਡ ਜਾਣਨਾ ਚਾਹੁੰਦੇ ਹਾਂ। ਕਿਸਾਨਾਂ ਨੂੰ ਬਲਾਤਕਾਰੀ ਅਤੇ ਅਤਿਵਾਦੀ ਕਹਿਣਾ ਮੰਦਭਾਗਾ ਹੈ। ਸਦਨ ਨੂੰ ਇਸ 'ਤੇ ਬਹਿਸ ਕਰਨੀ ਚਾਹੀਦੀ ਹੈ ਅਤੇ ਕਿਸਾਨਾਂ ਵਿਰੁੱਧ ਇਸ ਤਰ੍ਹਾਂ ਦੀਆਂ ਇਤਰਾਜ਼ਯੋਗ ਟਿੱਪਣੀਆਂ ਦੀ ਨਿੰਦਾ ਕਰਨੀ ਚਾਹੀਦੀ ਹੈ।' ਵਿਰੋਧੀ ਧਿਰ ਦੇ ਵਾਕਆਊਟ ਤੋਂ ਬਾਅਦ ਸਦਨ 'ਚ ਉਸ ਦੀ ਵਾਪਸੀ ਮਗਰੋਂ ਉਨ੍ਹਾਂ ਨੇ ਕੰਗਨਾ ਦੀ ਟਿੱਪਣੀ 'ਤੇ ਭਾਜਪਾ ਦਾ ਸਟੈਂਡ ਸਪਸ਼ਟ ਕਰਨ ਲਈ ਕਿਹਾ। ਵਿਰੋਧੀ ਧਿਰ ਦੇ ਨੇਤਾ ਠਾਕੁਰ ਨੇ ਕਿਹਾ, 'ਸਾਡੀ ਪਾਰਟੀ ਪਹਿਲਾਂ ਹੀ ਇਸ ਦੀ ਨਿੰਦਾ ਕਰ ਚੁੱਕੀ ਹੈ। ਇਸ ਲਈ ਇਸ ਨੂੰ ਸਦਨ ਵਿੱਚ ਨਹੀਂ ਉਠਾਉਣਾ ਚਾਹੀਦਾ। ਇਸ ਦਾ ਸਿਆਸੀਕਰਨ ਨਹੀਂ ਕੀਤਾ ਜਾਣਾ ਚਾਹੀਦਾ।'

# ਆਈ.ਸੀ.ਆਈ.ਸੀ.ਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਦੀ ਪ੍ਰਬੰਧਨ ਅਧੀਨ ਜਾਇਦਾਦ 3 ਲੱਖ ਕਰੋੜ ਰੁਪਏ ਨੂੰ ਪਾਰ ਕਰ ਗਈ

ICICI PRUDENTIAL LIFE INSURANCE

**ਜਲੰਧਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਈ.ਸੀ.ਆਈ.ਸੀ.ਆਈ ਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ ਕੰਪਨੀ ਲਿਮਿਟੇਡ ਨੇ ਪ੍ਰਬੰਧਨ ਅਧੀਨ ਜਾਇਦਾਦ (ਏਯੂਐਮ) ਵਿੱਚ 3 ਲੱਖ ਕਰੋੜ ਰੁਪਏ ਨੂੰ ਪਾਰ ਕਰਨ ਦਾ ਮਹੱਤਵਪੂਰਨ ਮੀਲ ਪੱਥਰ ਹਾਸਲ ਕੀਤਾ ਹੈ। 31 ਜੁਲਾਈ 2024 ਤੱਕ ਕੰਪਨੀ ਦੀ 1"$ 3.14 ਲੱਖ ਕਰੋੜ ਰੁਪਏ ਸੀ। ਸ਼੍ਰੀ ਅਨੂਪ ਬਾਗਚੀ, $4 ਅਤੇ 35®, ਆਈ.ਸੀ.ਆਈ.ਸੀ.ਆਈਪ੍ਰੂਡੈਂਸ਼ੀਅਲ ਲਾਈਫ ਇੰਸ਼ੋਰੈਂਸ, ਨੇ ਕਿਹਾ, ਸਾਨੂੰ ਪ੍ਰਬੰਧਨ ਅਧੀਨ ਸੰਪਤੀਆਂ ਵਿੱਚ 3 ਲੱਖ ਕਰੋੜ ਰੁਪਏ ਦਾ ਮੀਲ ਪੱਥਰ ਪਾਰ ਕਰਕੇ ਖੁਸ਼ੀ ਹੋ ਰਹੀ ਹੈ, ਇਹ ਸਾਡੇ ਉਤਪਾਦਾਂ ਲਈ ਸਾਡੇ ਗਾਹਕਾਂ ਦੀ ਤਰਜੀਹ ਅਤੇ ਉਹਨਾਂ ਦੀ ਯੋਗਤਾ ਦਾ ਪ੍ਰਮਾਣ ਹੈ ਉਹਨਾਂ ਦੇ ਲੰਬੇ ਸਮੇਂ ਦੇ ਵਿੱਤੀ ਟੀਚਿਆਂ ਨੂੰ ਪ੍ਰਾਪਤ ਕਰਨਾ ਸਾਡੇ ਉਤਪਾਦਾਂ ਅਤੇ ਪ੍ਰਕਿਰਿਆਵਾਂ ਨੂੰ ਸਰਲ ਬਣਾਉਣ ਦਾ ਇੱਕ ਕਾਰਕ ਰਿਹਾ ਹੈ ਜਿਸ ਨਾਲ ਅਸੀਂ ਆਪਣੇ ਅਤੇ ਉਹਨਾਂ ਦੇ ਪਰਿਵਾਰਾਂ ਨੂੰ ਵਿੱਤੀ ਸੁਰੱਖਿਆ ਪ੍ਰਦਾਨ ਕਰਦੇ ਹਾਂ ਨੇ ਇੱਕ ਸਖ਼ਤ ਨਿਵੇਸ਼ ਦਰਸ਼ਨ ਅਤੇ ਜੋਖਮ ਪ੍ਰਬੰਧਨ ਢਾਂਚਾ ਵਿਕਸਿਤ ਕੀਤਾ ਹੈ ਜਿਸ ਨੇ ਇਹ ਯਕੀਨੀ ਬਣਾਇਆ ਹੈ ਕਿ ਕੰਪਨੀ ਦੀ ਸ਼ੁਰੂਆਤ ਤੋਂ ਹੀ ਸਾਡੇ ਕੋਲ ਕੋਈ ਵੀ ਗੈਰ-ਕਾਰਗੁਜ਼ਾਰੀ ਸੰਪਤੀ ਨਹੀਂ ਹੈ ਵਿੱਤੀ ਸੁਰੱਖਿਆ, ਦੌਲਤ ਸਿਰਜਣ ਅਤੇ ਰਿਟਾਇਰਮੈਂਟ ਆਮਦਨ ਲਈ ਸਮਾਜ, ਇਸ ਲਈ ਸਾਡੇ ਉਤਪਾਦ ਅਤੇ ਪ੍ਰਕਿਰਿਆਵਾਂ ਇਹਨਾਂ ਲੋੜਾਂ ਨੂੰ ਪੂਰਾ ਕਰਨ ਲਈ ਇਕਸਾਰ ਹਨ। ਲਾਗੂ ਕੀਤੇ ਗਏ ਟੈਕਨੋਲੋਜੀ ਹੱਲਾਂ ਨੇ ਜੀਵਨ ਬੀਮਾ ਨੂੰ ਸਰਲ ਬਣਾਉਣ, ਨਵੀਨਤਾਕਾਰੀ ਉਤਪਾਦ ਵਿਕਸਿਤ ਕਰਨ ਅਤੇ ਸਹੀ ਗਾਹਕਾਂ ਨੂੰ ਸਹੀ ਚੈਨਲ ਰਾਹੀਂ ਸਹੀ ਕੀਮਤ 'ਤੇ ਸਹੀ ਉਤਪਾਦ ਪ੍ਰਦਾਨ ਕਰਨ ਵਿੱਚ ਸਾਡੀ ਮਦਦ ਕੀਤੀ ਹੈ ਜਿਸ ਨਾਲ ਇੱਕ ਬਿਹਤਰ ਗਾਹਕ ਅਨੁਭਵ ਪ੍ਰਦਾਨ ਕੀਤਾ ਗਿਆ ਹੈ। ਕੀਤੇ ਵਾਅਦਿਆਂ ਨੂੰ ਪੂਰਾ ਕਰਨ ਲਈ ਸਾਡੀ ਵਚਨਬੱਧਤਾ ਵਿੱਤੀ ਸਾਲ 2024 ਵਿੱਚ ਸਾਡੇ ਦਾਅਵਿਆਂ ਦੇ ਨਿਪਟਾਰੇ ਦੇ 99.17 ਪ੍ਰਤੀਸ਼ਤ ਦੇ ਅਨੁਪਾਤ ਵਿੱਚ ਪ੍ਰਤੀਬਿੰਬਤ ਹੁੰਦੀ ਹੈ, ਜੋ ਕਿ ਉਦਯੋਗ ਵਿੱਚ ਸਭ ਤੋਂ ਵਧੀਆ ਹੈ, ਸਿਰਫ 1.27 ਦਿਨਾਂ ਦੇ ਟਰਨਅਰਾਊਂਡ ਸਮੇਂ ਦੇ ਨਾਲ।

# ਜਲ ਸੈਨਾ ਨੇ ਡੈਮ 'ਚ ਕੱਢਿਆ ਲਾਪਤਾ ਹਵਾਈ ਜਹਾਜ਼ ਦਾ ਮਲਬਾ



**ਜਮਸ਼ੇਦਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਾਰਤੀ ਜਲ ਸੈਨਾ ਦੇ ਜਵਾਨਾਂ ਨੇ ਝਾਰਖੰਡ ਦੇ ਸਰਾਏਕੇਲਾ-ਖਰਸਾਵਾਂ ਜ਼ਿਲ੍ਹੇ ਦੇ ਚਾਂਡਿਲ ਡੈਮ ਤੋਂ ਦੋ ਸੀਟਾਂ ਵਾਲੇ ਜਹਾਜ਼ ਦਾ ਮਲਬਾ ਬਾਹਰ ਕੱਢ ਲਿਆ ਹੈ। ਇਹ ਜਹਾਜ਼ 20 ਅਗਸਤ ਨੂੰ ਜਮਸ਼ੇਦਪੁਰ ਦੇ ਸੋਨਾਰੀ ਹਵਾਈ ਅੱਡੇ ਤੋਂ ਉਡਾਣ ਭਰਨ ਤੋਂ ਬਾਅਦ ਲਾਪਤਾ ਹੋ ਗਿਆ ਸੀ। ਨੈਸ਼ਨਲ ਡਿਜ਼ਾਸਟਰ ਰਿਸਪਾਂਸ ਫੋਰਸ (ਐੱਨਡੀਆਰਐੱਫ) ਦੀ ਟੀਮ ਨੇ ਵੀਰਵਾਰ ਨੂੰ ਪਾਇਲਟ ਕੈਪਟਨ ਜੀਤ ਸਤਰੂ ਅਤੇ ਟਰੇਨੀ ਪਾਇਲਟ ਸ਼ੁਭਰੋਦੀਪ ਦੱਤਾ ਦੀਆਂ ਲਾਸ਼ਾਂ ਬਰਾਮਦ ਕੀਤੀਆਂ। ਭਾਰਤੀ ਜਲ ਸੈਨਾ ਦੀ ਟੀਮ ਨੇ ਐਤਵਾਰ ਨੂੰ 'ਸੇਸਨਾ-152' ਜਹਾਜ਼ ਦਾ ਪਤਾ ਲਗਾਉਣ ਤੋਂ ਬਾਅਦ ਸੋਮਵਾਰ ਸਵੇਰੇ 10 ਵਜੇ ਚਾਂਡਿਲ ਡੈਮ 'ਚ ਤਲਾਸ਼ੀ ਮੁਹਿੰਮ ਸ਼ੁਰੂ ਕੀਤੀ। ਜਲ ਸੈਨਾ ਦੇ ਜਵਾਨਾਂ ਨੇ ਸੋਮਵਾਰ ਰਾਤ ਨੂੰ ਡੈਮ 'ਚ 15-18 ਮੀਟਰ ਦੀ ਡੂੰਘਾਈ ਤੋਂ ਗੁਬਾਰਿਆਂ ਦੀ ਮਦਦ ਨਾਲ ਜਹਾਜ਼ ਦੇ ਮਲਬੇ ਨੂੰ ਬਾਹਰ ਕੱਢਿਆ।

# ਪੱਛਮੀ ਬੰਗਾਲ 'ਚ ਵਿਦਿਆਰਥੀਆਂ ਦੀ ਰੈਲੀ 'ਤੇ ਲਾਠੀਚਾਰਜ ਤੇ ਅੱਥਰੂ ਗੈਸ ਦੇ ਗੋਲੇ ਬਰਸਾਏ

**ਕੋਲਕਾਤਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅੱਜ ਇਥੇ ਵਿਦਿਆਰਥੀਆਂ ਦੀ ਰੈਲੀ ਦੌਰਾਨ ਪੁਲੀਸ ਨੇ ਲਾਠੀਚਾਰਜ ਕੀਤਾ ਤੇ ਅੱਥਰੂ ਗੈਸ ਦੇ ਗੋਲੇ ਬਰਸਾਏ। ਇਸ ਦੌਰਾਨ ਪ੍ਰਦਰਸ਼ਨਕਾਰੀਆਂ ਤੇ ਪੁਲੀਸ ਵਿਚਾਲੇ ਝੜਪ ਵੀ ਹੋਈ। ਵਿਦਿਆਰਥੀ ਸੰਗਠਨ ਪੱਛਿਮ ਬੰਗਾ ਛਾਤਰ ਸਮਾਜ ਅਤੇ ਸੰਗਰਾਮੀ ਯੁਵਾ ਮੰਚ ਅੱਜ ਆਪਣੀ 'ਨਬੰਨਾ ਅਭਿਜਨ' ਰੈਲੀ ਦਾ ਐਲਾਨ ਕੀਤਾ ਸੀ, ਜਦਕਿ ਪ੍ਰਸ਼ਾਸਨ ਨੇ ਇਸ ਨੂੰ ਗੈਰ-ਕਾਨੂੰਨੀ ਕਰਾਰ ਦਿੱਤਾ ਹੈ। ਸੂਬਾ ਸਕੱਤਰੇਤ ਤੱਕ ਕੱਢੀ ਜਾ ਰਹੀ ਰੈਲੀ ਦਾ ਮੁੱਖ ਮੰਤਵ ਮੁੱਖ ਮੰਤਰੀ ਮਮਤਾ ਬੈਨਰਜੀ ਦਾ ਅਸਤੀਫਾ ਅਤੇ ਆਰਜੀ ਕਰ ਮੈਡੀਕਲ ਕਾਲਜ ਅਤੇ ਹਸਪਤਾਲ ਵਿੱਚ ਡਾਕਟਰ ਨਾਲ ਕਥਿਤ ਬਲਾਤਕਾਰ ਅਤੇ ਕਤਲ ਵਿੱਚ ਸ਼ਾਮਲ ਵਿਅਕਤੀਆਂ ਦੀ ਗ੍ਰਿਫ਼ਤਾਰੀ ਦੀ ਮੰਗ ਹੈ। ਸ਼ਹਿਰ 'ਚ 6 ਹਜ਼ਾਰ ਪੁਲੀਸ ਕਰਮਚਾਰੀਆਂ ਤੋਂ ਇਲਾਵਾ ਜਲ ਤੋਪਾਂ ਤਾਇਨਾਤ ਕੀਤੀਆਂ ਗਈਆਂ ਸਨ। ਪੱਛਿਮ ਬੰਗਾ ਵਿਦਿਆਰਥੀ ਸਮਾਜ ਗੈਰ-ਰਜਿਸਟਰਡ ਵਿਦਿਆਰਥੀ ਸਮੂਹ ਹੈ, ਜਦੋਂ ਕਿ ਸੰਗਰਾਮੀ ਯੁਵਾ ਮੰਚ ਰਾਜ ਸਰਕਾਰ ਦੇ ਕਰਮਚਾਰੀਆਂ ਦੀ ਨੁਮਾਇੰਦਗੀ ਕਰਦਾ ਹੈ, ਜੋ ਕੇਂਦਰ ਸਰਕਾਰ ਦੇ ਕਰਮਚਾਰੀਆਂ ਦੇ ਬਰਾਬਰ ਮਹਿੰਗਾਈ ਭੱਤਾ ਕਰਨ ਦੀ ਮੰਗ ਕਰ ਰਿਹਾ ਹੈ।

# ਚੰਪਾਈ ਸੋਰੇਨ 30 ਨੂੰ ਭਾਜਪਾ 'ਚ ਸ਼ਾਮਲ ਹੋਣਗੇ



**ਨਵੀਂ ਦਿੱਲੀ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਝਾਰਖੰਡ ਦੇ ਸਾਬਕਾ ਮੁੱਖ ਮੰਤਰੀ ਜੇਐੱਮਐੱਮ ਨੇਤਾ ਚੰਪਾਈ ਸੋਰੇਨ ਨੇ ਕਿਆਸ ਖ਼ਤਮ ਕਰਦਿਆਂ ਐਲਾਨ ਕੀਤਾ ਕਿ ਉਹ 30 ਅਗਸਤ ਨੂੰ ਭਾਜਪਾ ਵਿੱਚ ਸ਼ਾਮਲ ਹੋ ਰਹੇ ਹਨ। ਪੱਤਰਕਾਰਾਂ ਦੇ ਸਵਾਲ ਦਾ ਜਵਾਬ ਦਿੰਦੇ ਹੋਏ ਉਨ੍ਹਾਂ ਕਿਹਾ,'ਪਹਿਲਾਂ ਤਾਂ ਮੈਂ ਸੋਚਿਆ ਸੀ ਕਿ ਰਾਜਨੀਤੀ ਤੋਂ ਸੰਨਿਆਸ ਲੈ ਲਵਾਂਗਾ ਪਰ ਫਿਰ ਜਨਤਾ ਦੇ ਸਮਰਥਨ ਕਾਰਨ ਮੈਂ ਅਜਿਹਾ ਨਾ ਕਰਨ ਦਾ ਫ਼ੈਸਲਾ ਕੀਤਾ। ਮੈਂ ਆਪਣੀ ਪਾਰਟੀ ਬਣਾਉਣ ਬਾਰੇ ਵੀ ਸੋਚਿਆ ਪਰ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਗ੍ਰਹਿ ਮੰਤਰੀ ਅਮੀਰ ਸ਼ਾਹ ਦੀ ਬਦੌਲਤ ਮੈਂ ਹੁਣ ਭਾਜਪਾ ਵਿੱਚ ਸ਼ਾਮਲ ਹੋਣ ਦਾ ਫੈਸਲਾ ਕੀਤਾ ਹੈ।'

# ਮਹਿਲਾ ਟੀ-20 ਵਿਸ਼ਵ ਕੱਪ ਲਈ ਹਰਮਨਪ੍ਰੀਤ ਕੌਰ ਭਾਰਤ ਦੀ ਕਪਤਾਨ

**ਨਵੀਂ ਦਿੱਲੀ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸਟਾਰ ਬੱਲੇਬਾਜ਼ ਹਰਮਨਪ੍ਰੀਤ ਕੌਰ 3 ਅਕਤੂਬਰ ਤੋਂ ਸੰਯੁਕਤ ਅਰਬ ਅਮੀਰਾਤ ਵਿੱਚ ਹੋਣ ਵਾਲੇ ਮਹਿਲਾ ਟੀ-20 ਵਿਸ਼ਵ ਕੱਪ ਲਈ ਅੱਜ ਐਲਾਨੀ 15 ਮੈਂਬਰੀ ਭਾਰਤੀ ਟੀਮ ਦੀ ਅਗਵਾਈ ਕਰੇਗੀ। ਟੂਰਨਾਮੈਂਟ ਦੀ ਮੇਜ਼ਬਾਨੀ ਪਹਿਲਾਂ ਬੰਗਲਾਦੇਸ਼ ਨੇ ਕਰਨੀ ਸੀ ਪਰ ਉੱਥੇ ਰਾਜਨੀਤਿਕ ਅਸ਼ਾਂਤੀ ਦੇ ਕਾਰਨ ਇਸ ਨੂੰ ਸੰਯੁਕਤ ਅਰਬ ਅਮੀਰਾਤ ਵਿੱਚ ਤਬਦੀਲ ਕਰ ਦਿੱਤਾ ਗਿਆ ਸੀ। ਭਾਰਤ ਨੂੰ ਆਸਟਰੇਲੀਆ, ਨਿਊਜ਼ੀਲੈਂਡ, ਪਾਕਿਸਤਾਨ ਅਤੇ ਸ੍ਰੀਲੰਕਾ ਦੇ ਨਾਲ ਗਰੁੱਪ ਏ ਵਿੱਚ ਰੱਖਿਆ ਗਿਆ ਹੈ। ਭਾਰਤੀ ਟੀਮ ਆਪਣੀ ਪਹਿਲੀ ਟੀ-20 ਵਿਸ਼ਵ ਕੱਪ ਟਰਾਫੀ ਜਿੱਤਣ ਦੇ ਟੀਚੇ ਨਾਲ ਟੂਰਨਾਮੈਂਟ ਵਿੱਚ ਉਤਰੇਗੀ। ਮਹਿਲਾ ਟੀ-20 ਵਿਸ਼ਵ ਕੱਪ ਲਈ ਭਾਰਤ ਦੀ ਟੀਮ: ਹਰਮਨਪ੍ਰੀਤ ਕੌਰ (ਕਪਤਾਨ), ਸਮ੍ਰਿਤੀ ਮੰਧਾਨਾ (ਉਪ-ਕਪਤਾਨ), ਸ਼ੈਫਾਲੀ ਵਰਮਾ, ਦੀਪਤੀ ਸ਼ਰਮਾ, ਜੇਮਿਮਾ ਰੌਡਰਿਗਜ਼, ਰਿਚਾ ਘੋਸ਼ (ਵਿਕਟਕੀਪਰ), ਯਸਤਿਕਾ ਭਾਟੀਆ (ਵਿਕਟਕੀਪਰ), ਪੂਜਾ ਵਸਤਰਾਕਰ, ਅਰੁੰਧਤੀ ਰੈੱਡੀ, ਰੇਣੁਕਾ ਸਿੰਘ ਠਾਕੁਰ, ਦਿਆਲਨ ਹੇਮਲਤਾ, ਆਸ਼ਾ ਸੋਭਨਾ, ਰਾਧਾ ਯਾਦਵ, ਸ਼੍ਰੇਅੰਕਾ ਪਾਟਿਲ, ਸਜਨਾ ਸਜੀਵਨ।

# ਪ੍ਰਵਾਸੀਆਂ ਨੂੰ ਝਟਕਾ, ਬਾਈਡੇਨ ਦੇ ਨਾਗਰਿਕਤਾ ਦੇਣ ਦੇ ਪ੍ਰੋਗਰਾਮ 'ਤੇ ਰੋਕ

**ਨਿਊਯਾਰਕ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਅਮਰੀਕਾ ਦੇ ਰਾਸ਼ਟਰਪਤੀ ਜੋਅ ਬਾਈਡੇਨ ਦਾ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਨੂੰ ਨਾਗਰਿਕਤਾ ਦੇਣ ਦਾ ਪ੍ਰੋਗਰਾਮ ਅਦਾਲਤ ਵੱਲੋਂ ਰੋਕ ਦਿੱਤਾ ਗਿਆ ਹੈ।ਇਸ ਨਵੰਬਰ ਵਿੱਚ ਹੋਣ ਵਾਲੀਆਂ ਅਮਰੀਕੀ ਰਾਸ਼ਟਰਪਤੀ ਚੋਣਾਂ ਵਿੱਚ ਗੈਰ-ਕਾਨੂੰਨੀ ਪਰਵਾਸ ਇੱਕ ਅਹਿਮ ਮੁੱਦਾ ਹੈ। ਜਿਸ ਵਿੱਚ ਰਾਸ਼ਟਰਪਤੀ ਬਾਈਡੇਨ ਨੇ ਇੱਕ ਪ੍ਰੋਗਰਾਮ ਸ਼ੁਰੂ ਕੀਤਾ ਸੀ ਜੋ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਗੈਰ-ਦਸਤਾਵੇਜ਼ ਰਹਿਤ ਪ੍ਰਵਾਸੀਆਂ ਨੂੰ ਕਾਨੂੰਨੀ ਨਾਗਰਿਕਤਾ ਪ੍ਰਦਾਨ ਕਰੇਗਾ, ਪਰ ਇਸ ਪ੍ਰੋਗਰਾਮ ਨੂੰ ਫਿਲਹਾਲ ਟੈਕਸਾਸ ਵਿੱਚ ਇੱਕ ਜੱਜ ਨੇ ਰੋਕ ਦਿੱਤਾ ਹੈ।

ਬਾਈਡੇਨ ਪ੍ਰਸ਼ਾਸਨ ਦੇ ਪ੍ਰੋਗਰਾਮ ਦਾ ਰਿਪਬਲਿਕਨਾਂ ਵੱਲੋਂ ਵਿਰੋਧ ਕੀਤਾ ਗਿਆ ਹੈ।ਟੈਕਸਾਸ ਵਿੱਚ ਇੱਕ ਸੰਘੀ ਜੱਜ ਨੇ ਸੋਮਵਾਰ ਨੂੰ ਬਾਈਡੇਨ ਪ੍ਰਸ਼ਾਸਨ ਦੇ ਪ੍ਰੋਗਰਾਮ ਨੂੰ ਅਸਥਾਈ ਤੌਰ 'ਤੇ ਰੋਕ ਦਿੱਤਾ। ਇਹ ਪ੍ਰੋਗਰਾਮ ਅਮਰੀਕੀ ਨਾਗਰਿਕਾਂ ਨਾਲ ਵਿਆਹ ਕਰਨ ਵਾਲੇ ਪੰਜ ਲੱਖ ਗੈਰ-ਦਸ਼ਤਾਵੇਜ਼ੀ ਪ੍ਰਵਾਸੀਆਂ ਲਈ ਅਮਰੀਕਾ ਦੀ ਨਾਗਰਿਕਤਾ ਪ੍ਰਦਾਨ ਕਰ ਸਕਦਾ ਸੀ। ਟੈਕਸਾਸ ਦੇ ਅਗਵਾਈ ਹੇਠ 16 ਰਾਜਾਂ ਵੱਲੋਂ ਦਾਇਰ ਮੁਕੱਦਮੇ ਵਿਚ ਦਲੀਲ ਦਿੱਤੀ ਗਈ ਹੈ ਕਿ ਗੈਰਕਾਨੂੰਨੀ ਪ੍ਰਵਾਸੀਆਂ ਨੂੰ ਗਰੀਨ ਕਾਰਡ ਮਿਲਣ ਨਾਲ ਸੂਬਾ ਸਰਕਾਰਾਂ ਨੂੰ ਵੱਡਾ ਆਰਥਿਕ ਨੁਕਸਾਨ ਹੋਵੇਗਾ ਅਤੇ ਅਜਿਹੇ ਵਿਚ ਫੈਡਰਲ ਸਰਕਾਰ ਦੀ ਯੋਜਨਾ ਰੱਦ ਕਰ ਦਿਤੀ ਜਾਵੇ। ਟੈਕਸਾਸ ਦੇ ਉਤਰੀ ਜ਼ਿਲ੍ਹੇ ਦੀ ਅਦਾਲਤ ਵਿਚ ਦਾਇਰ ਮੁਕੱਦਮੇ ਵਿਚ ਦੋਸ਼ ਲਾਇਆ ਗਿਆ ਹੈ ਕਿ ਗ੍ਰਹਿ ਸੁਰੱਖਿਆ ਵਿਭਾਗ ਵੱਲੋਂ ਲਿਆਂਦੀ ਯੋਜਨਾ ਸਰਾਸਰ ਗੈਰਕਾਨੂੰਨੀ ਹੈ। ਗਰੀਨ ਕਾਰਡ ਯੋਜਨਾ ਵਿਰੁੱਧ ਟੈਕਸਾਸ ਵਿਚ ਮੁਕੱਦਮਾ ਦਾਇਰ ਕਰਨ ਵਾਲੇ ਰਾਜਾਂ ਵਿਚ ਐਲਾਬਾਮਾ, ਅਰਕੰਸਾ, ਫਲੋਰੀਡਾ, ਜਾਰਜੀਆ, ਆਇਓਵਾ, ਕੈਨਸਸ, ਲੁਈਜ਼ੀਆਨਾ, ਮਜ਼ੂਰੀ, ਨੌਰਥ ਡੈਕੋਟਾ, ਓਹਾਇਓ, ਸਾਊਥ ਕੈਰੋਲਾਈਨਾ, ਸਾਊਥ ਡੈਕੋਟਾ, ਟੈਨੇਸੀ ਅਤੇ ਵਯੋਮਿੰਗ ਸ਼ਾਮਲ ਹਨ।

# ਭਗਵੰਤ ਮਾਨ ਵੱਲੋਂ ਐਂਟੀ ਨਾਰਕੋਟਿਕ ਟਾਸਕ ਫੋਰਸ ਦਾ ਗਠਨ

**ਚੰਡੀਗੜ੍ਹ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ ਪੰਜਾਬ ਨੂੰ ਨਸ਼ਾ ਮੁਕਤ ਬਣਾਉਣ ਲਈ ਇਕ ਹੋਰ ਅਹਿਮ ਕਦਮ ਚੁੱਕਿਆ ਗਿਆ ਹੈ। ਦੱਸ ਦੇਈਏ ਕਿ ਨਸ਼ਿਆਂ ਵਿਰੁੱਧ ਮੁਹਿੰਮ ਤੇਜ਼ ਕਰਨ ਲਈ ਹੁਣ ਨਵੀਂ ਐਂਟੀ ਨਾਰਕੋਟਿਕ ਟਾਸਕ ਫੋਰਸ ਵੱਲੋਂ ਨਸ਼ਾ ਤਸਕਰਾਂ 'ਤੇ ਸ਼ਿਕੰਜਾ ਕੱਸਿਆ ਜਾਵੇਗਾ। ਐਂਟੀ ਨਾਰਕੋਟਿਕ ਟਾਸਕ ਫੋਰਸ ਦਾ ਟੀਚਾ ਪੰਜਾਬ ਵਿੱਚ ਨਸ਼ਿਆਂ ਨੂੰ ਖ਼ਤਮ ਕਰਨਾ ਹੋਵੇਗਾ।

ਮੁੱਖ ਮੰਤਰੀ ਭਗਵੰਤ ਮਾਨ ਮੁਹਾਲੀ 'ਚ ਐਂਟੀ ਨਾਰਕੋਟਿਕ ਟਾਸਕ ਫੋਰਸ ਦੀ ਨਵੀਂ ਇਮਾਰਤ ਦਾ ਕੱਲ੍ਹ ਸਵੇਰੇ 11 ਵਜੇ ਉਦਘਾਟਨ ਕਰਨਗੇ। ਪੰਜਾਬ ਸਰਕਾਰ ਐਂਟੀ ਨਾਰਕੋਟਿਕ ਟਾਸਕ ਫੋਰਸ ਦਾ ਵਟਸਐਪ ਨੰਬਰ ਵੀ ਜਾਰੀ ਕਰਨਗੇ, ਜਿਸ ਰਾਹੀਂ ਪੰਜਾਬ ਦੇ ਲੋਕ ਵਟਸਐਪ 'ਤੇ ਨਸ਼ਾ ਤਸਕਰੀ ਦੀ ਜਾਣਕਾਰੀ ਦੇ ਸਕਣਗੇ। ਇਸ ਤੋਂ ਇਲਾਵਾ ਐਂਟੀ ਨਾਰਕੋਟਿਕ ਟਾਸਕ ਫੋਰਸ ਦੀ ਨਵੀਂ ਇਮਾਰਤ 'ਚ ਬਣਾਈ ਗਈ ਅਤਿ ਆਧੁਨਿਕ ਕੰਪਿਊਟਰ ਲੈਬ ਨਾਲ ਪੰਜਾਬ 'ਚ ਨਸ਼ਾ ਤਸਕਰਾਂ 'ਤੇ ਤਿੱਖੀ ਨਜ਼ਰ ਰੱਖੀ ਜਾਵੇਗੀ।

# ਮਾਇਆਵਤੀ ਮੁੜ ਚੁਣੀ ਗਈ ਬਸਪਾ ਦੀ ਰਾਸ਼ਟਰੀ ਪ੍ਰਧਾਨ

**ਲਖਨਊ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਉੱਤਰ ਪ੍ਰਦੇਸ਼ ਦੀ ਸਾਬਕਾ ਮੁੱਖ ਮੰਤਰੀ ਮਾਇਆਵਤੀ ਨੂੰ ਮੰਗਲਵਾਰ ਨੂੰ ਇਕ ਵਾਰ ਫਿਰ ਸਰਬਸੰਮਤੀ ਨਾਲ ਬਹੁਜਨ ਸਮਾਜ ਪਾਰਟੀ (ਬਸਪਾ) ਦਾ ਰਾਸ਼ਟਰੀ ਪ੍ਰਧਾਨ ਚੁਣ ਲਿਆ ਗਿਆ। ਬਸਪਾ ਨੇ ਇਕ ਬਿਆਨ ਜਾਰੀ ਕਰਕੇ ਇਹ ਜਾਣਕਾਰੀ ਦਿੱਤੀ ਹੈ। ਬਿਆਨ 'ਚ ਕਿਹਾ ਗਿਆ ਹੈ ਕਿ ਮੰਗਲਵਾਰ ਨੂੰ ਇੱਥੇ ਬਸਪਾ ਕਾਰਜਕਾਰਨੀ ਦੀ ਮੀਟਿੰਗ 'ਚ ਮਾਇਆਵਤੀ ਨੂੰ ਇਕ ਵਾਰ ਫਿਰ ਸਰਬਸੰਮਤੀ ਨਾਲ ਪਾਰਟੀ ਦਾ ਕੌਮੀ ਪ੍ਰਧਾਨ ਚੁਣਿਆ ਗਿਆ। ਬਿਆਨ 'ਚ ਕਿਹਾ ਗਿਆ ਹੈ,"ਮਾਇਆਵਤੀ ਜੀ ਨੂੰ ਇਕ ਵਾਰ ਫਿਰ ਸਰਬਸੰਮਤੀ ਨਾਲ ਬਸਪਾ ਦਾ ਰਾਸ਼ਟਰੀ ਪ੍ਰਧਾਨ ਚੁਣਿਆ ਗਿਆ ਅਤੇ ਉਨ੍ਹਾਂ ਨੇ ਆਪਣੇ ਸੰਕਲਪ ਨੂੰ ਦੁਹਰਾਇਆ ਕਿ ਦੇਸ਼ 'ਚ ਬਹੁਜਨਾਂ ਦੇ ਮਾਣ ਲਈ ਬਸਪਾ ਅੰਦੋਲਨ ਦੇ ਹਿੱਤ 'ਚ ਅਸੀਂ ਕਦੇ ਵੀ ਨਹੀਂ ਰੁਕਾਂਗੇ, ਸਮਝੌਤਾ ਨਹੀਂ ਕਰਾਂਗੇ, ਟੁੱਟਣ ਦੀ ਗੱਲ ਤਾਂ ਦੂਰ ਦੀ ਹੈ।"

ਮਾਇਆਵਤੀ ਨੇ ਪਾਰਟੀ ਦੀ ਰਾਸ਼ਟਰੀ ਕਾਰਜਕਾਰਨੀ ਦੀ ਬੈਠਕ ਤੋਂ ਇਕ ਦਿਨ ਪਹਿਲਾਂ ਸੋਮਵਾਰ ਨੂੰ ਕਿਹਾ ਸੀ ਕਿ ਉਨ੍ਹਾਂ ਦੇ ਸਰਗਰਮ ਰਾਜਨੀਤੀ ਤੋਂ ਸੰਨਿਆਸ ਲੈਣ ਦਾ ਸਵਾਲ ਹੀ ਪੈਦਾ ਨਹੀਂ ਹੁੰਦਾ। ਬਸਪਾ ਦੀ ਰਾਸ਼ਟਰੀ ਕਾਰਜਕਾਰਣੀ ਦੀ 28 ਅਗਸਤ ਨੂੰ ਇੱਥੇ ਪਾਰਟੀ ਦਫ਼ਤਰ 'ਚ ਹੋਣ ਵਾਲੀ ਬਸਪਾ ਦੀ ਕੌਮੀ ਕਾਰਜਕਾਰਨੀ ਦੀ ਮੀਟਿੰਗ ਦੇ ਸਬੰਧ 'ਚ ਮੀਡੀਆ 'ਚ ਅਟਕਲਾਂ ਲਗਾਈਆਂ ਜਾ ਰਹੀਆਂ ਸਨ ਕਿ ਮਾਇਆਵਤੀ ਆਪਣੇ ਭਤੀਜੇ ਆਕਾਸ਼ ਆਨੰਦ ਦੀ ਪ੍ਰੋਫ਼ਾਈਲ ਨੂੰ ਵਧਾ ਸਕਦੀ ਹੈ। ਇਸ ਤੋਂ ਇਲਾਵਾ ਉਨ੍ਹਾਂ ਦੇ ਸੰਨਿਆਸ ਨੂੰ ਲੈ ਕੇ ਵੀ ਅਟਕਲਾਂ ਲਗਾਈਆਂ ਜਾ ਰਹੀਆਂ ਸਨ। ਬਸਪਾ ਮੁਖੀ ਨੇ ਸੋਮਵਾਰ ਨੂੰ 'ਐਕਸ' 'ਤੇ ਲਿਖਿਆ ਸੀ,"ਬਸਪਾ ਬਾਬਾ ਸਾਹਿਬ ਡਾ: ਭੀਮ ਰਾਓ ਅੰਬੇਡਕਰ ਅਤੇ ਕਾਂਸ਼ੀ ਰਾਮ ਜੀ ਵਾਂਗ ਬਹੁਜਨਾਂ ਦੇ ਅੰਬੇਡਕਰਵਾਦੀ ਕਾਫ਼ਲੇ ਨੂੰ ਕਮਜ਼ੋਰ ਕਰਨ ਦੀਆਂ ਵਿਰੋਧੀਆਂ ਦੀਆਂ ਸਾਜ਼ਿਸ਼ਾਂ ਨੂੰ ਨਾਕਾਮ ਕਰਨ ਲਈ ਆਪਣੀ ਜ਼ਿੰਦਗੀ ਦੇ ਆਖਰੀ ਸਾਹ ਤੱਕ ਬਸਪਾ ਦੇ ਆਤਮ ਸਨਮਾਨ ਅਤੇ ਸਵੈ-ਮਾਣ ਅੰਦੋਲਨ ਨੂੰ ਸਮਰਪਿਤ ਰਹਿਣ ਦਾ ਫ਼ੈਸਲਾ ਅਟਲ ਹੈ।"

# ਅਲਾਇੰਸ ਕਲੱਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਸਮੇਤ ਸਮੁੱਚੀ ਟੀਮ ਦਾ ਵਿਸ਼ੇਸ਼ ਸਨਮਾਨ

**ਆਨੰਦਪੁਰ ਸਾਹਿਬ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪ੍ਰਸਿੱਧ ਸਮਾਜ ਸੇਵੀ ਸੰਸਥਾ ਅਲਾਇੰਸ ਕਲੱਬ ਇੰਟਰਨੈਸ਼ਨਲ ਜਿਲਾ-126 ਐਨ ਵੱਲੋਂ ਬੀਤੇ ਦਿਨੀਂ ਹੋਟਲ ਰੌਚੇ ਹਾਰਬਰ ਡੇਰਾਬਸੀ ਵਿਖੇ ਦੋ ਦਿਨਾਂ ਸਲਾਨਾ ਪ੍ਰੋਗਰਾਮ ÷14*9-2024÷ ਕਰਵਾਇਆ ਗਿਆ ਜਿਸ ਵਿੱਚ ਪੰਜਾਬ ਭਰ ਦੇ ਅਲਾਇੰਸ ਕਲੱਬਾਂ ਦੇ 109 ਮੈਂਬਰਾਂ ਨੇ ਭਾਗ ਲਿਆ। ਇਸ ਪ੍ਰੋਗਰਾਮ ਵਿੱਚ ਜਿੱਥੇ ਅਲਾਇੰਸ ਕਲੱਬ ਇੰਟਰਨੈਸ਼ਨਲ ਜਿਲਾ-126 ਐਨ ਦੇ ਗਵਰਨਰ ਐਲੀ ਪਵਨਜੀਤ ਸਿੰਘ ਵਾਲੀਆ ਨੇ ਮੁੱਖ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ ਉਥੇ ਹੀ ਮਿਸ ਗ੍ਰੈਂਡ ਇੰਡੀਆ ਰੈਚਲ ਗੁਪਤਾ ਨੇ ਵਿਸ਼ੇਸ਼ ਮਹਿਮਾਨ ਵਜੋਂ ਸ਼ਮੂਲੀਅਤ ਕੀਤੀ।

ਇਸ ਪ੍ਰੋਗਰਾਮ ਵਿੱਚ ਗਵਰਨਰ ਐਲੀ ਪਵਨਜੀਤ ਸਿੰਘ ਵਾਲੀਆ ਵਲੋਂ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਅਤੇ ਸਮੁੱਚੀ ਟੀਮ ਦਾ ਵਾਤਾਵਰਨ ਪ੍ਰਤੀ ਕੀਤੇ ਗਏ ਸ਼ਲਾਘਾਯੋਗ ਕੰਮਾਂ ਬਦਲੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਅਲਾਇੰਸ ਕਲੱਬ ਸ਼੍ਰੀ ਅਨੰਦਪੁਰ ਸਾਹਿਬ ਦੇ ਪ੍ਰਧਾਨ ਦਵਿੰਦਰਪਾਲ ਸਿੰਘ ਨੇ ਧੰਨਵਾਦ ਕਰਦਿਆਂ ਕਿਹਾ ਕਿ ਸਾਡੀ ਸੰਸਥਾ ਵੱਲੋਂ ਵਾਤਾਵਰਨ ਅਤੇ ਸਮਾਜ ਸੇਵਾ ਪ੍ਰਤੀ ਕੰਮ ਅੱਗੇ ਤੋਂ ਵੀ ਇਸੇ ਤਰ੍ਹਾਂ ਜਾਰੀ ਰਹਿਣਗੇ। ਇਸ ਮੌਕੇ ਫੰਕਸ਼ਨ ਦੇ ਚੇਅਰਮੈਨ ਐਲੀ ਜੇ ਐਸ ਕੁੰਦੀ 9. 4 Abroad, ਕਨਵੀਨਰ PDG ਐਲੀ ਐਮ ਪੀ ਸਿੰਘ ਬਿਨਾਕਾ, ਪ੍ਰੀਜ਼ਾਈਡਿੰਗ ਅਫਸਰ VDGA ਐਲੀ ਸੰਦੀਪ ਕੁਮਾਰ, VDGB ਐਲੀ N. K ਮਹਿੰਦਰੂ, ਐਲੀ ਜੀ ਐਸ ਜੱਜ ਚਾਰਟਰ ਜਿਲ੍ਹਾ ਗਵਰਨਰ, ਐਲੀ ਜੇ ਐਸ ਡਾਂਗ PID, ਐਲੀ ਅਨਿਲ ਕੁਮਾਰ PID,ਐਲੀ ਡਾ.ਹਰਦਿਆਲ ਸਿੰਘ ਪੰਨੂੰ ਸਾਬਕਾ ਵਾਇਸ ਮਲਟੀਪਲ ਕੌਂਸਲ ਚੇਅਰਮੈਨ ,ਐਲੀ ਰਾਕੇਸ਼ ਸ਼ਰਮਾ PID, ਐਲੀ ਟੀ ਐਸ ਵਾਲੀਆ PID, ਜ਼ਿਲ੍ਹਾ ਕੈਬਨਿਟ ਸੈਕਟਰੀ ਕੁਲਵਿੰਦਰ ਢੁੱਲ,ਅਲਾਇੰਸ ਕਲੱਬ ਸ੍ਰੀ ਅਨੰਦਪੁਰ ਸਾਹਿਬ ਤੋਂ ਜਸਵਿੰਦਰ ਸਿੰਘ ਰਤਨ, ਅਵਤਾਰ ਸਿੰਘ, ਆਤਮਾ ਸਿੰਘ ਘਟੀਵਾਲ, ਜਸਦੀਪ ਸਿੰਘ ਧਾਰੀਵਾਲ, ਅੰਕੁਸ਼ ਕੁਮਾਰ ਅਤੇ ਅਲਾਇੰਸ ਕਲੱਬ ਚਕ-ਅਗੰਮਪੁਰ ਤੋਂ ਪ੍ਰਿੰਸੀਪਲ ਨਿਰੰਜਨ ਸਿੰਘ ਰਾਣਾ,ਇਕਬਾਲ ਸਿੰਘ,ਅਮਰਜੀਤ ਸਿੰਘ,ਬਲਮ ਸਿੰਘ,ਵਲੀ ਸਿੰਘ,ਵਿੰਗ ਕਮਾਂਡਰ ਕੁਲਦੀਪ ਸਿੰਘ,ਕਰਮਜੀਤ ਸਿੰਘ ਆਦਿ ਹਾਜ਼ਰ ਸਨ।



ਅਲਾਇੰਸ ਕਲੱਬ ਦੇ ਜਿਲ੍ਹਾ ਗਵਰਨਰ ਐਲੀ ਪਵਨਜੀਤ ਸਿੰਘ ਵਾਲੀਆ ਦਾ

## ਸੰਪਾਦਕੀ

# ਡੈਮੋਕਰੈਟ ਉਮੀਦਵਾਰ ਉਪ ਰਾਸ਼ਟਰਪਤੀ ਕਮਲਾ ਹੈਰਿਸ

ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਵੱਲੋਂ ਡੈਮੋਕਰੈਟਿਕ ਪਾਰਟੀ ਦੀ ਉਮੀਦਵਾਰੀ ਸਵੀਕਾਰਨ ਦੇ ਨਾਲ ਹੀ 5 ਨਵੰਬਰ ਦੀਆਂ ਰਾਸ਼ਟਰਪਤੀ ਚੋਣਾਂ ਲਈ ਮੁਕਾਬਲੇ ਦੀਆਂ ਰੇਖਾਵਾਂ ਸਪੱਸ਼ਟ ਤੌਰ ’ਤੇ ਖਿੱਚੀਆਂ ਗਈਆਂ ਹਨ। ਕਮਲਾ ਦਾ ਵਿਰੋਧੀ ਰਿਪਬਲਿਕਨ ਪਾਰਟੀ ਦਾ ਉਮੀਦਵਾਰ ਡੋਨਲਡ ਟਰੰਪ ਪਿਛਲੇ ਮਹੀਨੇ ਤੱਕ ਬਿਨਾਂ ਕਿਸੇ ਰੋਕ ਤੋਂ ਅੱਗੇ ਵਧ ਰਿਹਾ ਸੀ। ਜਾਨਲੇਵਾ ਹਮਲੇ ’ਚ ਵਾਲ-ਵਾਲ ਬਚਣ ਤੋਂ ਬਾਅਦ ਸਾਬਕਾ ਰਾਸ਼ਟਰਪਤੀ ਨੇ ਨਿਡਰਤਾ ਨਾਲ ਆਪਣੀ ਮੁੱਠੀ ਨੂੰ ਹਵਾ ’ਚ ਲਹਿਰਾਇਆ ਸੀ ਤੇ ਮੌਜੂਦਾ ਰਾਸ਼ਟਰਪਤੀ ਜੋਅ ਬਾਇਡਨ ਦੀ ਪ੍ਰਚਾਰ ਮੁਹਿੰਮ ਮਾੜੀ ਤੋਂ ਹੋਰ ਬਦਤਰ ਹੋਣ ਉੱਤੇ ਉਹ ਖ਼ੁਸ਼ ਹੋ ਰਿਹਾ ਸੀ। ਹਾਲਾਂਕਿ ਪਿਛਲੇ ਕੁਝ ਹਫ਼ਤਿਆਂ ’ਚ ਚੀਜ਼ਾਂ ਨਾਟਕੀ ਢੰਗ ਨਾਲ ਬਦਲੀਆਂ ਹਨ। ਆਪਣੀ ਪਾਰਟੀ ਵੱਲੋਂ ਬਣੇ ਜ਼ੋਰਦਾਰ ਦਬਾਅ ਅੱਗੇ ਝੁਕਦਿਆਂ ਬਾਇਡਨ ਨੇ ਦੁਬਾਰਾ ਚੋਣ ਨਾ ਲੜਨ ਦਾ ਫ਼ੈਸਲਾ ਕੀਤਾ ਤੇ ਭਾਰਤੀ ਅਤੇ ਜਮਾਇਕਨ ਆਵਾਸੀ ਮਾਪਿਆਂ ਦੀ ਧੀ ਕਮਲਾ ਹੈਰਿਸ ਲਈ ਰਾਹ ਪੱਧਰਾ ਕਰ ਦਿੱਤਾ। ਡੈਮੋਕਰੈਟ ਹੁਣ ਅਸਲੋਂ ਪਟੜੀ ’ਤੇ ਆ ਗਏ ਹਨ ਅਤੇ ਡੋਨਲਡ ਟਰੰਪ ਕੋਲ ਬੇਚੈਨ ਹੋਣ ਦੇ ਕਈ ਕਾਰਨ ਹਨ।

ਉਮੀਦਵਾਰੀ ਸਵੀਕਾਰਨ ਮੌਕੇ ਦਿੱਤੇ ਭਾਸ਼ਣ ’ਚ ਕਮਲਾ ਨੇ ਕਈ ਪੱਖਾਂ ਨੂੰ ਸਹੀ ਢੰਗ ਨਾਲ ਛੂਹਿਆ ਹੈ। ਉਮੀਦ ਮੁਤਾਬਿਕ ਉਸ ਨੇ ਅਮਰੀਕੀਆਂ ਨੂੰ ਚਿਤਾਵਨੀ ਦਿੱਤੀ ਕਿ ਇੱਕ ‘ਹੋਛੇ ਆਦਮੀ’ ਨੂੰ ਦੁਬਾਰਾ ਵ੍ਹਾਈਟ ਹਾਊਸ ’ਚ ਬਿਠਾਉਣ ਦੇ ‘ਬੇਹੱਦ ਗੰਭੀਰ’ ਨਤੀਜੇ ਨਿਕਲ ਸਕਦੇ ਹਨ। ਆਪਣੇ ਜਾਣੇ-ਪਛਾਣੇ ਗੱਲ ਨੂੰ ਵਧਾ-ਚੜ੍ਹਾ ਕੇ ਕਹਿਣ ਵਾਲੇ ਅੰਦਾਜ਼ ਵਿੱਚ ਟਰੰਪ ਨੇ ਪੁੱਛਿਆ ਕਿ ਕੀ ਉਹ ਉਸ ਬਾਰੇ ਗੱਲ ਕਰ ਰਹੀ ਸੀ। ਪਰ ਧੁਰ ਅੰਦਰੋਂ ਟਰੰਪ ਬਹੁਤ ਚੰਗੀ ਤਰ੍ਹਾਂ ਜਾਣਦਾ ਹੈ ਕਿ ਉਹ (ਕਮਲਾ) ਉਸ ਦੇ ਕਥਿਤ ਅਪਰਾਧਾਂ ਤੇ ਕੁਕਰਮਾਂ ਨੂੰ ਭੰਡਣ ਦਾ ਕੋਈ ਮੌਕਾ ਹੱਥੋਂ ਨਹੀਂ ਜਾਣ ਦੇਵੇਗੀ। ਓਵਲ ਆਫਿਸ ’ਚ ਬਿਤਾਏ ਉਸ ਦੇ ਸਾਲਾਂ ਦੌਰਾਨ ਹੋਈ ਹਨੇਰਗਰਦੀ ਤੇ 2020 ਦੀਆਂ ਚੋਣਾਂ ’ਚ ਹਾਰ ਦੀ ਨਿਰਾਸ਼ਾ ਵਿੱਚ ਕੈਪੀਟਲ ਉੱਤੇ ਕੀਤੇ ਹਮਲੇ ਦੀਆਂ ਯਾਦਾਂ ਅਜੇ ਵੀ ਅਮਰੀਕੀਆਂ ਦੇ ਮਨਾਂ ’ਚ ਤਾਜ਼ਾ ਹਨ। ਕਮਲਾ ਦੀ ਵਧ ਰਹੀ ਪ੍ਰਸਿੱਧੀ ਦੀ ਟਾਕਰਾ ਕਰਨ ਲਈ ਟਰੰਪ ਨੂੰ ਹੁਣ ਕੋਈ ਨਵਾਂ ਚੁਸਤ ਹੱਲ ਤਲਾਸ਼ਣਾ ਪਏਗਾ। ਇੱਕ ਨਵੇਂ ਚੋਣ ਸਰਵੇਖਣ ਵਿੱਚ ਕਮਲਾ, ਟਰੰਪ ਨਾਲੋਂ ਅੱਗੇ ਨਿਕਲਦੀ ਨਜ਼ਰ ਆ ਰਹੀ ਹੈ। ਉਸ ਲਈ ਸਮਰਥਨ ਵਧਿਆ ਹੈ ਤੇ ਦਰਜੇ ’ਚ ਸੁਧਾਰ ਹੋ ਰਿਹਾ ਹੈ।

ਅਗਲੇ ਮਹੀਨੇ ਟੀਵੀ ’ਤੇ ਪ੍ਰਸਾਰਿਤ ਹੋਣ ਵਾਲੀ ਬਹਿਸ ਵਿੱਚ ਟਰੰਪ ਨੂੰ ਆਪਣੀ ਪਦਵੀ ਬਚਾਉਣ ਲਈ ਜੱਦੋਜਹਿਦ ਕਰਨੀ ਪਏਗੀ। ਜੂਨ ਮਹੀਨੇ ਹੋਈ ਬਹਿਸ ਵਿੱਚ ਉਸ ਨੇ ਬਾਇਡਨ ਨੂੰ ਪਛਾੜ ਦਿੱਤਾ ਸੀ। ਹਾਲਾਂਕਿ ਉਸ ਦਾ ਮੁੱਖ ਕਾਰਨ ਰਾਸ਼ਟਰਪਤੀ ਜੋਅ ਬਾਇਡਨ ਦੀ ਉਮਰ ਤੇ ਸਿਹਤ ਸੀ। ਬਾਇਡਨ ਤੋਂ ਕਿਤੇ ਛੋਟੀ ਤੇ ਤਿੱਖੀ ਕਮਲਾ ਦਾ ਸਾਹਮਣਾ ਕਰਨਾ ਟਰੰਪ ਲਈ ਚੁਣੌਤੀਪੂਰਨ ਹੋਵੇਗਾ। ਫੇਰ ਵੀ ਸਿਰਫ਼ ਟਰੰਪ ’ਤੇ ਹੱਲਾ ਬੋਲਣਾ ਹੈਰਿਸ ਲਈ ਕਾਫ਼ੀ ਨਹੀਂ ਹੋਵੇਗਾ। ਉਸ ਨੂੰ ਅਮਰੀਕਾ ਲਈ ਇੱਕ ਨਵੀਂ ਕਾਰਜ ਯੋਜਨਾ ਨਾਲ ਆਉਣਾ ਪਵੇਗਾ ਜੋ ਵਿਹਾਰਿਕ ਹੋਵੇ ਤੇ ਦੇਸ਼ ਨੂੰ ਨਵੀਂ ਦਿਸ਼ਾ ਦਿਖਾਏ।

# ਕੇਂਦਰ ਸਰਕਾਰ ਵੱਲੋਂ ਯੂਨੀਫਾਈਡ ਪੈਨਸ਼ਨ ਸਕੀਮ

ਕੇਂਦਰ ਸਰਕਾਰ ਨੇ ਨਵੀਂ ਗਾਰੰਟੀਸ਼ੁਦਾ ਪੈਨਸ਼ਨ ਸਕੀਮ ਵਿੱਚ ਮੁਲਾਜ਼ਮਾਂ ਲਈ ਵਿਆਪਕ ਲਾਭਾਂ ਦਾ ਐਲਾਨ ਕੀਤਾ ਹੈ। ਯੂਨੀਫਾਈਡ ਪੈਨਸ਼ਨ ਸਕੀਮ (ਯੂਪੀਐੱਸ) ਯਕੀਨੀ ਤੌਰ ’ਤੇ ਇੱਕ ਸਿਆਸੀ ਪ੍ਰਤੀਕਿਰਿਆ ਹੈ ਜੋ 2004 ਤੋਂ ਪਹਿਲਾਂ ਦੀ ਪੁਰਾਣੀ ਪੈਨਸ਼ਨ ਸਕੀਮ (ਓਪੀਐੱਸ) ਨੂੰ ਲਾਗੂ ਕਰਨ ਦੀ ਦੇਸ਼-ਵਿਆਪੀ ਮੰਗ ਦੇ ਜਵਾਬ ਵਿੱਚ ਆਈ ਹੈ। ਜ਼ਿਕਰਯੋਗ ਹੈ ਕਿ ਪੁਰਾਣੀ ਪੈਨਸ਼ਨ ਸਕੀਮ ਨੂੰ ਲਾਗੂ ਕਰਨ ਦੀ ਮੰਗ ਪੂਰੇ ਦੇਸ਼ ’ਚ ਪਹਿਲਾਂ ਹੀ ਹੋ ਰਹੀ ਹੈ। ਕੇਂਦਰ ਸਰਕਾਰ ਦਾ ਦਾਅਵਾ ਹੈ ਕਿ ਅਗਲੇ ਸਾਲ ਅਪਰੈਲ ਤੋਂ ਲਾਗੂ ਹੋਣ ਵਾਲੀ ਯੂਨੀਫਾਈਡ ਪੈਨਸ਼ਨ ਸਕੀਮ ਦਾ ਲਾਭ 23 ਲੱਖ ਕਰਮਚਾਰੀਆਂ ਨੂੰ ਮਿਲੇਗਾ। ਵਰਤਮਾਨ ਨੈਸ਼ਨਲ ਪੈਨਸ਼ਨ ਸਿਸਟਮ ਤਹਿਤ ਆਉਂਦੇ ਲੋਕਾਂ ਕੋਲ ਯੂਨੀਫਾਈਡ ਪੈਨਸ਼ਨ ਸਕੀਮ ’ਚ ਤਬਦੀਲ ਹੋਣ ਦਾ ਮੌਕਾ ਹੋਵੇਗਾ। ਇਹ ਕਦਮ ਪੁਰਾਣੀ ਪੈਨਸ਼ਨ ਸਕੀਮ ’ਤੇ ਜਾਰੀ ਬਹਿਸ ਨੂੰ ਖ਼ਤਮ ਕਰਨ ਲਈ ਚੁੱਕਿਆ ਜਾ ਰਿਹਾ ਹੈ। ਵਿਰੋਧੀ ਧਿਰਾਂ ਦੇ ਸ਼ਾਸਨ ਵਾਲੇ ਕਈ ਰਾਜ ਪਹਿਲਾਂ ਹੀ ਪੁਰਾਣੀ ਸਕੀਮ ਨੂੰ ਲਾਗੂ ਕਰ ਚੁੱਕੇ ਹਨ, ਜਿਨ੍ਹਾਂ ’ਚ ਹਿਮਾਚਲ ਪ੍ਰਦੇਸ਼ ਤੇ ਪੰਜਾਬ ਵੀ ਸ਼ਾਮਿਲ ਹਨ। ਜ਼ਮੀਨੀ ਪੱਧਰ ’ਤੇ ਯੂਨੀਫਾਈਡ ਸਕੀਮ ਦੇ ਲਾਭਾਂ ਨੂੰ ਵੱਧ ਫ਼ਾਇਦੇਮੰਦ ਦੱਸ ਕੇ ਪ੍ਰਚਾਰਿਆ ਜਾਵੇਗਾ।

ਆਗਾਮੀ ਵਿਧਾਨ ਸਭਾ ਚੋਣਾਂ ’ਤੇ ਅੱਖ ਰੱਖਦਿਆਂ ਭਾਜਪਾ ਸ਼ਾਸਿਤ ਪ੍ਰਦੇਸ਼ਾਂ ਵੱਲੋਂ ਇਸ ਨੂੰ ਅਪਣਾਉਣ ਦੀ ਸੰਭਾਵਨਾ ਹੈ। ਪੈਨਸ਼ਨ ਸਕੀਮ ਦੇ ਇਸ ਬਦਲਾਅ ਨੇ ਸਾਰੇ ਰਾਜਾਂ ਵਿੱਚ ਹਿੱਤਧਾਰਕਾਂ ਨੂੰ ਸੋਚ-ਸਮਝ ਕੇ ਖੁੱਲ੍ਹੇ ਮਨ ਨਾਲ ਫ਼ੈਸਲਾ ਲੈਣ ਦਾ ਇੱਕ ਮੌਕਾ ਪ੍ਰਦਾਨ ਕੀਤਾ ਹੈ। ਸਕੀਮ ਦੀਆਂ ਤਜਵੀਜ਼ਾਂ ਦੇ ਡੂੰਘਾਈ ’ਚ ਅਧਿਐਨ ਜਾਂ ਵਿਹਾਰਕ ਸੁਝਾਵਾਂ ਦੀ ਪੇਸ਼ਕਸ਼ ਤੋਂ ਬਿਨਾਂ ਇਸ ਨੂੰ ਤੁਰੰਤ ਖਾਰਜ ਕਰਨਾ, ਇੱਕ ਸੁਨਹਿਰੀ ਮੌਕਾ ਗੁਆਉਣ ਦੇ ਸਮਾਨ ਹੋਵੇਗਾ।

ਭਾਰਤੀ ਰਿਜ਼ਰਵ ਬੈਂਕ (ਆਰਬੀਆਈ) ਨੇ ਪਿਛਲੇ ਸਾਲ ਪੁਰਾਣੀ ਪੈਨਸ਼ਨ ਸਕੀਮ ਅਪਣਾਉਣ ਵਾਲੇ ਰਾਜਾਂ ਲਈ ਚਿੰਤਾ ਜ਼ਾਹਿਰ ਕਰਦਿਆਂ ਇਸ ਦੇ ਸਰਕਾਰੀ ਵਿੱਤ (ਖ਼ਜ਼ਾਨੇ) ਅਤੇ ਕਰਜ਼ਿਆਂ ’ਤੇ ਪੈਣ ਵਾਲੇ ਦਬਾਅ ਦੀ ਗੱਲ ਕੀਤੀ ਸੀ। ਕੇਂਦਰ ਦੀ ਦਲੀਲ ਹੈ ਕਿ ਯੂਨੀਫਾਈਡ ਪੈਨਸ਼ਨ ਸਕੀਮ ਵਿੱਤੀ ਪੱਖ ਤੋਂ ਜ਼ਿਆਦਾ ਵਿਵੇਕਪੂਰਨ ਹੈ ਕਿਉਂਕਿ ਪੁਰਾਣੀ ਸਕੀਮ ਤੋਂ ਵੱਖਰੀ ਇਹ ਇੱਕ ਲਾਗਤ ਤੇ ਹਿੱਸੇਦਾਰੀ ਵਾਲੀ ਸਕੀਮ ਹੈ। ਫਿਲਹਾਲ ਕੇਂਦਰ ਤੇ ਰਾਜਾਂ ਉੱਤੇ ਪੈਣ ਵਾਲੇ ਸੰਭਾਵੀ ਵਾਧੂ ਵਿੱਤੀ ਬੋਝ ਨੂੰ ਸਰਕਾਰੀ ਮਨਜ਼ੂਰੀ ਮਿਲ ਗਈ ਹੈ। ਮੁਲਾਜ਼ਮਾਂ ਦੀ ਭਲਾਈ ਤੇ ਉਨ੍ਹਾਂ ਦੀਆਂ ਇੱਛਾਵਾਂ ਦਾ ਵਿੱਤੀ ਜ਼ਿੰਮੇਵਾਰੀਆਂ ਨਾਲ ਸੰਤੁਲਨ ਬਿਠਾਉਣਾ ਜ਼ਰੂਰੀ ਹੈ ਤੇ ਇਸੇ ਸਿਧਾਂਤ ਤੋਂ ਸੇਧ ਲੈ ਕੇ ਅਗਲੇ ਕਦਮ ਚੁੱਕਣੇ ਚਾਹੀਦੇ ਹਨ। ਦੋਵੇਂ ਚੀਜ਼ਾਂ ਬਹੁਤ ਅਹਿਮੀਅਤ ਰੱਖਦੀਆਂ ਹਨ।

ਉਮੀਦ ਮੁਤਾਬਿਕ ਕਰਮਚਾਰੀਆਂ ਦੀਆਂ ਜਥੇਬੰਦੀਆਂ ਵੱਲੋਂ ਰਲੀ-ਮਿਲੀ ਪ੍ਰਤੀਕਿਰਿਆ ਆਈ ਹੈ। ਉਨ੍ਹਾਂ ਦੀ ਇਸ ਸਬੰਧੀ ਵੱਖ-ਵੱਖ ਤਰ੍ਹਾਂ ਦੀ ਰਾਇ ਹੈ। ਇਸ ਤੋਂ ਪਹਿਲਾਂ ਜਾਰੀ ਪੈਨਸ਼ਨ ਸਕੀਮਾਂ ’ਤੇ ਵੀ ਉਹ ਆਪਣੇ ਸੁਝਾਅ ਦਿੰਦੇ ਰਹੇ ਹਨ। ਹਾਲਾਂਕਿ ਸਖ਼ਤ ਰੁਖ਼ ’ਤੇ ਅੜੇ ਰਹਿਣਾ ਗ਼ੈਰ-ਵਾਜਬ ਪਹੁੰਚ ਹੋਵੇਗੀ। ਜਿੱਥੋਂ ਤੱਕ ਪ੍ਰਾਈਵੇਟ ਸੈਕਟਰ ਦਾ ਸਵਾਲ ਹੈ, ਪੈਨਸ਼ਨ ਜਾਂ ਸੇਵਾਮੁਕਤੀ ਲਾਭਾਂ ’ਚ ਵਾਧੇ ਬਾਰੇ ਇਨ੍ਹਾਂ ਕਰਮਚਾਰੀਆਂ ਦੀਆਂ ਆਸਾਂ-ਉਮੀਦਾਂ, ਅਜੇ ਸਰਕਾਰ ਦੀਆਂ ਤਰਜੀਹਾਂ ਵਿੱਚ ਸ਼ਾਮਿਲ ਨਹੀਂ ਜਾਪਦੀਆਂ।

# ਭਾਰੀ ਬਾਰਸ਼ ਨਾਲ ਨੁਕਸਾਨੀ ਕੰਢੀ ਨਹਿਰ ਦੀ ਮੁਰੰਮਤ ਪੂਰੀ, ਪਾਣੀ ਦੀ ਸਪਲਾਈ ਫਿਰ ਤੋਂ ਸ਼ੁਰੂ

**ਹੁਸ਼ਿਆਰਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਕੰਢੀ ਕਨਾਲ ਦੇ ਐਸ.ਈ ਨੇ ਦੱਸਿਆ ਕਿ ਪਿਛਲੇ ਦਿਨੀਂ 11 ਅਗਸਤ ਨੂੰ ਹਿਮਾਚਲ ਪ੍ਰਦੇਸ਼ ਦੇ ਜੇਜੋਂ ਹਲਕੇ ਵਿਚ ਭਾਰੀ ਬਾਰਸ਼ ਕਾਰਨ ਨਹਿਰ ਵਿਚ ਸ਼ੀਟ ਫਲੋਅ ਦੇ ਦਾਖਲ ਨਾਲ ਨੀਮ ਪਹਾੜੀ ਪਿੰਡਾਂ ਤੋਂ ਗੁਜਰਨ ਵਾਲੀ ਕੰਢੀ ਨਹਿਰ ਦੇ ਕਿਨਾਰਿਆਂ ਨੂੰ ਨੁਕਸਾਨ ਹੋਇਆ ਸੀ ਅਤੇ ਨਹਿਰ ਵਿਚ ਗਾਰ ਭਰ ਗਈ ਸੀ। ਇਸ ਤਰ੍ਹਾਂ ਕੰਢੀ ਨਹਿਰ ਸਟੇਜ-2 ਤਹਿਤ ਪਿੰਡ ਰਾਮਪੁਰ, ਖਾਨਪੁਰ ਅਤੇ ਸ਼ਾਹਪੁਰ ਦੇ ਤਿੰਨ ਥਾਵਾਂ ਤੋਂ ਨਹਿਰ ਟੁੱਟ ਗਈ ਅਤੇ ਕੁਝ ਥਾਵਾਂ ’ਤੇ ਤਰੇੜਾਂ ਪੈ ਗਈਆਂ ਸਨ।

ਕੰਢੀ ਕਨਾਲ ਦੇ ਐਸ. ਈ ਨੇ ਦੱਸਿਆ ਕਿ ਇਸ ਦੇ ਤੁਰੰਤ ਬਾਅਦ ਹੀ ਨਹਿਰੀ ਵਿਭਾਗ ਦੁਆਰਾ ਕਰਵਾਈ ਕਰਦੇ ਹੋਏ ਨਹਿਰ ਤੋਂ ਗਾਰ ਹਟਾਉਣ, ਦਰਾੜਾਂ ਨੂੰ ਭਰਨ ਅਤੇ ਨਹਿਰ ਦੇ ਨਿਰੀਖਣ ਮਾਰਗ/ਕਿਨਾਰਿਆਂ ਨੂੰ ਪੁਨਰ ਸਥਾਪਿਤ ਕਰਨ ਲਈ ਮੈਨਪਾਵਰ ਅਤੇ ਮਸ਼ੀਨਰੀ ਤਾਇਨਾਤ ਕਰ ਦਿੱਤੀ ਗਈ ਸੀ। ਹੁਣ ਇਹ ਕੰਮ ਪੂਰਾ ਕਰ ਲਿਆ ਗਿਆ ਹੈ ਅਤੇ ਵਰਤਮਾਨ ਸਮੇਂ ਨਹਿਰ ਵਿਚ ਪਾਣੀ ਛੱਡਿਆ ਜਾ ਰਿਹਾ ਹੈ। ਉਨ੍ਹਾਂ ਦੱਸਿਆ ਕਿ ਨਹਿਰੀ ਵਿਭਾਗ ਨੇ ਇਸ ਕਾਰਜ ਨੂੰ ਪਹਿਲ ਦੇ ਆਧਾਰ ’ਤੇ ਪੂਰਾ ਕੀਤਾ, ਤਾਂ ਜੋ ਕਿਸਾਨਾਂ ਅਤੇ ਸਥਾਨਿਕ ਨਿਵਾਸੀਆਂ ਨੂੰ ਕਿਸੇ ਵੀ ਪ੍ਰਕਾਰ ਦੀ ਅਸੁਵਿਧਾ ਦਾ ਸਾਹਮਣਾ ਨਾ ਕਰਨਾ ਪਵੇ।

# ਓਲੰਪੀਅਨਾਂ ਦੀ ਓਲੰਪੀਅਨ ਪਹਿਲਵਾਨ ਵਿਨੇਸ਼ ਫੋਗਾਟ

**ਪ੍ਰਿੰ. ਸਰਵਣ ਸਿੰਘ**

ਵਿਨੇਸ਼ ਫੋਗਾਟ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਉਹ ਰਾਸ਼ਟਰਮੰਡਲ ਖੇਡਾਂ, ਏਸ਼ਿਆਈ ਚੈਂਪੀਅਨਸ਼ਿਪਾਂ ਤੇ ਵਿਸ਼ਵ ਚੈਂਪੀਅਨਸ਼ਿਪਾਂ ’ਚੋਂ 5 ਸੋਨੇ, 3 ਚਾਂਦੀ ਤੇ 7 ਕਾਂਸੀ ਦੇ ਤਗ਼ਮਿਆਂ ਸਣੇ ਭਾਰਤ ਲਈ 15 ਮੈਡਲ ਜਿੱਤ ਚੁੱਕੀ ਹੈ।

ਵਿਨੇਸ਼ ਫੋਗਾਟ ਓਲੰਪਿਕ ਚੈਂਪੀਅਨ ਬਣ ਰਹੀ ਸੀ। ਅਫ਼ਸੋਸ ਕਿ ਬਣਦੀ ਬਣਦੀ ਰਹਿ ਗਈ। ਸੈਮੀਫਾਈਨਲ ਜਿੱਤ ਕੇ ਵੀ ਉਸ ਨੂੰ ਕੋਈ ਤਗ਼ਮਾ ਨਾ ਮਿਲਿਆ। ਉਹਦੇ ਨਾਲ ਜੱਗੋਂ ਤੇਰ੍ਹਵੀਂ ਹੋਈ। ਦੇਸ਼ ਵਾਸੀ ਤਾਂ ਕੀ ਵਿਦੇਸ਼ੀ ਵੀ ਕਹਿੰਦੇ ਹਨ ਕਿ ਵਿਨੇਸ਼ ਨਾਲ ਡਾਹਢਾ ਅਨਿਆਂ ਹੋਇਆ। ਕੋਈ ਇਸ ਪਿੱਛੇ ਸਾਜ਼ਿਸ਼ ਦੱਸ ਰਿਹਾ ਹੈ, ਕੋਈ ਉਹਦੇ ਵੱਲੋਂ ਲੜੇ ਜੁਝਾਰੂ ਸੰਘਰਸ਼ ਦਾ ਬਦਲਾ। ਆਮ ਲੋਕਾਂ ਦੀਆਂ ਨਜ਼ਰਾਂ ’ਚ ਉਹ ਫਿਰ ਵੀ ਓਲੰਪੀਅਨਾਂ ਦੀ ਓਲੰਪੀਅਨ ਤੇ ਚੈਂਪੀਅਨਾਂ ਦੀ ਚੈਂਪੀਅਨ ਹੈ। ਇਹ ਵੱਖਰੀ ਗੱਲ ਹੈ ਕਿ 50 ਕਿਲੋ ਤੋਂ 100 ਗਰਾਮ ਵੱਧ ਨਹੀਂ, ਸਿਰਫ਼ 50 ਗਰਾਮ ਵਾਧੂ ਵਜ਼ਨ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਮੈਡਲ ਤੋਂ ਮਹਿਰੂਮ ਕਰਵਾ ਦਿੱਤਾ। ਨਿਯਮਾਂ ਅਨੁਸਾਰ 50 ਗਰਾਮ ਤੱਕ ਵਧੇ ਵਜ਼ਨ ਦੀ ਛੋਟ ਸੀ।

ਉਹ ਭਾਰਤ ਲਈ ਕੁਸ਼ਤੀ ਦਾ ਪਹਿਲਾ ਗੋਲਡ ਮੈਡਲ ਜਿੱਤਣ ਵਾਲੀ ਸੀ। ਚਾਰ ਵਾਰ ਦੀ ਵਿਸ਼ਵ ਜੇਤੂ, ਟੋਕੀਓ ਦੀ ਓਲੰਪਿਕ ਚੈਂਪੀਅਨ ਜਾਪਾਨ ਦੀ ਸੁਜ਼ਾਕੀ ਨੂੰ ਉਸ ਨੇ ਪ੍ਰੀ-ਕੁਆਰਟਰ ਮੁਕਾਬਲੇ ’ਚ ਹਰਾ ਦਿੱਤਾ ਸੀ। ਪ੍ਰੀ ਕੁਆਰਟਰ, ਕੁਆਰਟਰ ਫਾਈਨਲ ਤੇ ਸੈਮੀਫਾਈਨਲ ਮੁਕਾਬਲਾ 49 ਕਿਲੋ 900 ਗਰਾਮ ਦੇ ਸਹੀ ਵਜ਼ਨ ਨਾਲ ਜਿੱਤ ਕੇ ਉਹ ਸਿਲਵਰ ਮੈਡਲ ਲਈ ਕੁਆਲੀਫਾਈ ਕਰ ਗਈ ਸੀ, ਪਰ ਫਾਈਨਲ ਮੁਕਾਬਲੇ ਤੋਂ ਪਹਿਲਾਂ ਜੋਖੇ ਵਜ਼ਨ ਵਿੱਚ 50 ਗਰਾਮ ਦੇ ਵਾਧੂ ਭਾਰ ਦੀ ਸਜ਼ਾ ਏਡੀ ਮਿਲੀ ਕਿ ਉਸ ਨੂੰ ਡਿਸਕੁਆਲੀਫਾਈ ਕਰ ਕੇ ਸਭ ਤੋਂ ਥੱਲੇ ਲਾ ਦਿੱਤਾ ਗਿਆ। ਜਿਸ ਪਹਿਲਵਾਨ ਨੂੰ ਉਸ ਨੇ ਸੈਮੀਫਾਈਨਲ ਵਿੱਚ ਹਰਾਇਆ ਸੀ ਉਸ ਨਾਲ ਹੀ ਸਿਲਵਰ ਮੈਡਲ ਸਾਂਝਾ ਕਰਨ ਲਈ ਕੀਤੀ ਉਸ ਦੀ ਅਪੀਲ ਵੀ ਰੱਦ ਕਰ ਦਿੱਤੀ ਗਈ। ਸੋਚੋ ਉਸ ਦੇ ਦਿਲ ’ਤੇ ਕੀ ਬੀਤੀ ਹੋਵੇਗੀ?

ਉਸ ਨੇ ਆਪਣੀ ਮਾਂ ਨੂੰ ਲਿਖਿਆ, ਮਾਂ, ਕੁਸ਼ਤੀ ਜਿੱਤ ਗਈ, ਮੈਂ ਹਾਰ ਗਈ। ਕ੍ਰਿਪਾ ਕਰ ਕੇ ਮੈਨੂੰ ਮੁਆਫ਼ ਕਰ ਦਿਓ। ਤੁਹਾਡੇ ਸੁਫ਼ਨੇ ਤੇ ਮੇਰੀ ਹਿੰਮਤ, ਸਭ ਕੁਝ ਟੁੱਟ ਗਿਆ। ਮੇਰੇ ਵਿੱਚ ਹੁਣ ਹੋਰ ਤਾਕਤ ਨਹੀਂ ਬਚੀ। ਕੁਸ਼ਤੀ 2001-2024 ਨੂੰ ਅਲਵਿਦਾ! ਮੈਂ ਤੁਹਾਡੀ ਸਾਰਿਆਂ ਦੀ ਸ਼ੁਕਰਗੁਜ਼ਾਰ ਰਹਾਂਗੀ। ਮੈਨੂੰ ਮੁਆਫ਼ ਕਰ ਦਿਓ।

ਏਧਰ ਮੀਡੀਆ ਖ਼ਬਰਾਂ ਪ੍ਰਸਾਰਿਤ ਕਰ ਰਿਹਾ ਸੀ: ਪੈਰਿਸ ਓਲੰਪਿਕ ਵਿੱਚ 7 ਅਗਸਤ ਨੂੰ ਜਦੋਂ ਕਰੋੜਾਂ ਭਾਰਤ ਵਾਸੀ ਕੁਸ਼ਤੀ ’ਚ ਪਹਿਲੇ ਗੋਲਡ ਮੈਡਲ ਦੀ ਉਡੀਕ ਕਰ ਰਹੇ ਸਨ ਤਾਂ ਭਾਰਤੀ ਖੇਡ ਇਤਿਹਾਸ ਦੀ ਸਭ ਤੋਂ ਸੰਵੇਦਨਸ਼ੀਲ ਤੇ ਸ਼ੱਕ ਭਰਪੂਰ ਘਟਨਾ ਨੇ ਪੂਰਾ ਦੇਸ਼ ਝੰਜੋੜ ਕੇ ਰੱਖ ਦਿੱਤਾ। 50 ਕਿਲੋ ਵਜ਼ਨ ਵਰਗ ਦੇ ਫਾਈਨਲ ਵਿੱਚ ਪੁੱਜੀ ਭਾਰਤੀ ਪਹਿਲਵਾਨ ਵਿਨੇਸ਼ ਫੋਗਾਟ ਨੂੰ 50 ਗਰਾਮ ਵਜ਼ਨ ਵੱਧ ਹੋਣ ਕਰਕੇ ਅਯੋਗ ਕਰਾਰ ਦੇ ਦਿੱਤਾ ਗਿਆ। ਵਿਨੇਸ਼ ਲਈ ਇਸ ਸਦਮੇ ’ਚੋਂ ਉੱਭਰਨਾ ਸੌਖਾ ਨਹੀਂ ਹੋਵੇਗਾ। ਰੀਓ ਦੀਆਂ ਓਲੰਪਿਕ ਖੇਡਾਂ 2016 ਵਿੱਚ ਵੀ ਉਹ ਮੈਡਲ ਜਿੱਤਦੀ ਜਿੱਤਦੀ ਸੱਟ ਖਾ ਬੈਠੀ ਸੀ ਜਿਸ ਕਰਕੇ ਮੁਕਾਬਲੇ ਤੋਂ ਬਾਹਰ ਹੋ ਗਈ ਸੀ। ਪਰ ਪੈਰਿਸ ’ਚ।

ਭਾਰਤ ਪਰਤ ਕੇ ਕੁਝ ਸਮਾਂ ਉਹ ਕੁਝ ਵੀ ਨਹੀਂ ਸੀ ਬੋਲ ਸਕੀ। ਫਿਰ ‘ਆਪਣਿਆਂ’ ਨੂੰ ਆਇਆਂ ਵੇਖ ਕੇ ਉਹਦੇ ਸੀਨੇ ’ਚੋਂ ਨਿਕਲੇ ਹਉਕੇ ਤੇ ਅੱਖਾਂ ’ਚੋਂ ਡੁੱਲ੍ਹਦੇ ਹੰਝੂ ਹੀ ਉਸ ਦੀ ਜ਼ੁਬਾਨ ਬਣੇ ਜਿਨ੍ਹਾਂ ਨਾਲ ਉਸ ਦੇ ਸਵਾਗਤ ਲਈ ਆਏ ਲੋਕਾਂ ਦੀਆਂ ਅੱਖਾਂ ਵਿੱਚ ਵੀ ਅੱਥਰੂ ਛਲਕ ਪਏ। ਬਾਅਦ ਵਿੱਚ ਉਸ ਨੇ ਕੇਵਲ ਏਨਾ ਕਿਹਾ: “ਠੀਕ ਸਮਾਂ ਆਇਆ ਤਾਂ ਮੈਂ ਜ਼ਰੂਰ ਬੋਲਾਂਗੀ। 6 ਅਗਸਤ ਦੀ ਰਾਤ ਤੇ 7 ਅਗਸਤ ਦੀ ਸਵੇਰ ਮੇਰੇ ਲਈ ਕਹਿਰ ਦਾ ਸਮਾਂ ਸੀ। ਮੈਂ ਇੰਨਾ ਹੀ ਆਖਾਂਗੀ ਕਿ ਮੈਂ ਹੌਸਲਾ ਨਹੀਂ ਛੱਡਿਆ। ਮੈਂ ਝੁਕੀ ਨਹੀਂ। ਨਾ ਹੀ ਡੋਲੀ ਹਾਂ। ਸਾਡੇ ਯਤਨ ਜਾਰੀ ਰਹਿਣਗੇ। ਪਰ ਘੜੀ ਹੀ ਰੁਕ ਗਈ ਸੀ ਤੇ ਸਮਾਂ ਮੇਰੇ ਨਾਲ ਨਹੀਂ ਸੀ। ਇਹੋ ਮੇਰੀ ਤਕਦੀਰ ਸੀ। ਮੇਰੀ ਟੀਮ, ਮੇਰੇ ਦੇਸ਼ ਵਾਸੀ ਤੇ ਮੇਰਾ ਪਰਿਵਾਰ, ਮੈਂ ਸਭਨਾਂ ਨੂੰ ਕਹਿਣਾ ਚਾਹੁੰਦੀ ਹਾਂ ਕਿ ਮੇਰਾ ਮਕਸਦ, ਮੇਰਾ ਨਿਸ਼ਾਨਾ, ਮੇਰੀ ਮੰਜ਼ਿਲ ਅਜੇ ਨਹੀਂ ਆਈ। ਹਾਲਾਤ ਹਰ ਸਮੇਂ ਇੱਕੋ ਜਿਹੇ ਨਹੀਂ ਰਹਿੰਦੇ। ਹਾਲਾਤ ਬਦਲੇ ਤਾਂ ਹੋ ਸਕਦੈ ਮੈਂ 2032 ਤੱਕ ਵੀ ਕੁਸ਼ਤੀ ਕਰ ਸਕਾਂ ਕਿਉਂਕਿ ਮੇਰੇ ਅੰਦਰ ਕੁਸ਼ਤੀ ਲਈ ਜੋ ਅੱਗ ਬਲਦੀ ਹੈ ਉਹ ਬੁਝਣ ਵਾਲੀ ਨਹੀਂ।” ਪਹਿਲਾਂ ਓਲੰਪਿਕ ਖੇਡਾਂ ਵਿੱਚ ਕੁਸ਼ਤੀਆਂ ਦੇ ਦਸ ਵਜ਼ਨ ਹੁੰਦੇ ਸਨ। ਇੱਕੋ ਵਾਰ ਵਜ਼ਨ ਤੁਲਵਾ ਕੇ ਫਾਈਨਲ ਤੱਕ ਕੁਸ਼ਤੀਆਂ ਕਰਵਾ ਲਈਆਂ ਜਾਂਦੀਆਂ ਸਨ। ਪਰ ਪੈਰਿਸ ਵਿੱਚ ਕੁਸ਼ਤੀਆਂ ਦੇ ਛੇ ਵਜ਼ਨ ਹੀ ਸਨ। 50, 53, 57, 62, 68 ਤੇ 76 ਕਿਲੋ। ਵਿਨੇਸ਼ ਨੇ 2014 ਦੀਆਂ ਏਸ਼ਿਆਈ ਖੇਡਾਂ ਵਿੱਚੋਂ 48 ਕਿਲੋ ਵਜ਼ਨ ਵਰਗ ਦਾ ਕਾਂਸੀ ਦਾ ਤਗ਼ਮਾ ਜਿੱਤਿਆ ਸੀ। ਉਸੇ ਸਾਲ 48 ਕਿਲੋ ਵਜ਼ਨ ’ਚ ਰਾਸ਼ਟਰਮੰਡਲ ਖੇਡਾਂ ਦਾ ਸੋਨ ਤਗ਼ਮਾ ਜਿੱਤਿਆ। 48 ਕਿਲੋ ਵਿੱਚ ਹੀ ਦੋਹਾ ਦੀ ਏਸ਼ਿਆਈ ਚੈਂਪੀਅਨਸ਼ਿਪ ਜਿੱਤੀ। 50 ਕਿਲੋ ਵਜ਼ਨ ਵਿੱਚ ਜਕਾਰਤਾ-



2018 ਦੀਆਂ ਏਸ਼ਿਆਈ ਖੇਡਾਂ ਦਾ ਸੋਨ ਤਗ਼ਮਾ ਜਿੱਤਿਆ। 50 ਕਿਲੋ ਵਿੱਚ ਹੀ ਗੋਲਡ ਕੋਸਟ ਦੀਆਂ ਰਾਸ਼ਟਰਮੰਡਲ ਖੇਡਾਂ ਦਾ ਗੋਲਡ ਮੈਡਲ ਮਾਰਿਆ।

ਵਿਨੇਸ਼ ਦੀਆਂ ਵਧੇਰੇ ਜਿੱਤਾਂ 53 ਕਿਲੋਗਰਾਮ ਵਜ਼ਨ ਵਰਗ ਦੀਆਂ ਹਨ। ਮਸਲਨ ਵਿਸ਼ਵ ਚੈਂਪੀਅਨਸ਼ਿਪ 2019 ਤੇ 2022 ਵਿੱਚ ਉਸ ਨੇ 53 ਕਿਲੋ ਵਜ਼ਨ ਦੇ ਦੋ ਕਾਂਸੀ ਦੇ ਤਗ਼ਮੇ ਜਿੱਤੇ। 2022 ਵਿੱਚ ਬਰਮਿੰਘਮ ਦੀਆਂ ਰਾਸ਼ਟਰਮੰਡਲ ਖੇਡਾਂ ਵਿੱਚੋਂ 53 ਕਿਲੋਗਰਾਮ ਵਰਗ ਦਾ ਸੋਨ ਤਗ਼ਮਾ ਜਿੱਤਿਆ। 53 ਕਿਲੋ ਨਾਲ ਉਸ ਨੇ ਹੋਰ ਵੀ ਮਹਾਂਦੀਪੀ ਚੈਂਪੀਅਨਸ਼ਿਪਾਂ ਜਿੱਤੀਆਂ। ਟੋਕੀਓ ਓਲੰਪਿਕ ਖੇਡਾਂ-2021 ਵਿੱਚ ਵੀ ਉਸ ਨੇ 53 ਕਿਲੋ ਵਜ਼ਨ ’ਚ ਹੀ ਭਾਗ ਲਿਆ ਸੀ। ਇਸੇ ਕਰਕੇ ਉਹ ਪੈਰਿਸ ਦੀਆਂ ਓਲੰਪਿਕ ਖੇਡਾਂ ਵਿੱਚ ਵੀ 53 ਕਿਲੋਗਰਾਮ ਵਰਗ ਦੇ ਮੁਕਾਬਲਿਆਂ ’ਚ ਭਾਗ ਲੈਣਾ ਚਾਹੁੰਦੀ ਸੀ ਪਰ ਭਾਰਤੀ ਕੁਸ਼ਤੀ ਸੰਘ ਨੇ ਉਸ ਵਜ਼ਨ ਲਈ ਵਿਨੇਸ਼ ਦੇ ਟਰਾਇਲ ਨਾ ਲਏ। ਸੰਘ ਨੇ ਵਿਸ਼ਵ ਚੈਂਪੀਅਨਸ਼ਿਪ ’ਚੋਂ ਕਾਂਸੀ ਦਾ ਤਗ਼ਮਾ ਜਿੱਤੀ ਅੰਤਿਮ ਪੰਘਾਲ ਨੂੰ ਹੀ 53 ਕਿਲੋਗਰਾਮ ਵਰਗ ਦੀ ਕੁਸ਼ਤੀ ਲਈ ਚੁਣ ਲਿਆ, ਪਰ ਪੰਘਾਲ ਉਮੀਦਾਂ ’ਤੇ ਖਰੀ ਨਾ ਉਤਰ ਸਕੀ। ਉਲਟਾ ਆਪਣਾ ਸ਼ਨਾਖ਼ਤੀ ਕਾਰਡ ਆਪਣੀ ਭੈਣ ਨੂੰ ਦੇਣ ਕਰਕੇ ਦੇਸ਼ ਦੀ ਬਦਨਾਮੀ ਦਾ ਕਾਰਨ ਬਣੀ।

ਵਿਨੇਸ਼ ਨੇ ਕੁਸ਼ਤੀ ਸੰਘ ਮੂਹਰੇ ਕੋਈ ਚਾਰਾ ਨਾ ਚਲਦਾ ਵੇਖ ਆਪਣਾ ਵਜ਼ਨ ਬੜੀ ਮੁਸ਼ਕਲ ਨਾਲ ਘਟਾਇਆ ਤੇ 50 ਕਿਲੋਗਰਾਮ ਦੇ ਟਰਾਇਲ ਜਿੱਤ ਕੇ ਓਲੰਪਿਕ ਲਈ ਭਾਰਤੀ ਟੀਮ ਵਿੱਚ ਥਾਂ ਬਣਾਈ। 53 ਕਿਲੋ ’ਚ ਅੰਤਿਮ ਪੰਘਾਲ ਪਹਿਲੀ ਕੁਸ਼ਤੀ ਵਿੱਚ ਹੀ 0-10 ਅੰਕਾਂ ਨਾਲ ਹਾਰ ਕੇ ਮੁਕਾਬਲੇ ’ਚੋਂ ਬਾਹਰ ਹੋ ਗਈ ਪਰ ਵਿਨੇਸ਼ ਮਜਬੂਰੀਵੱਸ ਚੁਣੇ 50 ਕਿਲੋ ਵਜ਼ਨ ਵਰਗ ਦੇ ਫਾਈਨਲ ਮੁਕਾਬਲੇ ’ਚ ਪੁੱਜ ਗਈ। ਵਿਨੇਸ਼ ਪੂਰੇ ਅਨੁਸ਼ਾਸਨ ਵਿੱਚ ਰਹੀ ਜਦੋਂਕਿ ਅੰਤਿਮ ਪੰਘਾਲ ਨੂੰ ਅਨੁਸ਼ਾਸਨ ਭੰਗ ਕਰਨ ’ਤੇ ਉਸੇ ਵੇਲੇ ਓਲੰਪਿਕ ਪਿੰਡ ’ਚੋਂ ਕੱਢ ਕੇ ਜਹਾਜ਼ ਚੜ੍ਹਾ ਦਿੱਤਾ ਗਿਆ। ਵਿਨੇਸ਼ ਦੀਆਂ ਕੁਸ਼ਤੀਆਂ ਬੇਸ਼ਕ 7 ਅਗਸਤ ਨੂੰ ਖ਼ਤਮ ਹੋ ਗਈਆਂ ਸਨ ਪਰ ਉਸ ਨੂੰ 16 ਅਗਸਤ ਤੋਂ ਪਹਿਲਾਂ ਜਹਾਜ਼ ਨਾ ਚੜ੍ਹਾਇਆ ਗਿਆ। 17 ਅਗਸਤ ਨੂੰ ਉਹ ਪੈਰਿਸ ਤੋਂ ਦਿੱਲੀ ਪਰਤੀ ਤਾਂ ਉਸ ਦਾ ਅਜਿਹਾ ਸਵਾਗਤ ਹੋਇਆ ਜਿਹੋ ਜਿਹਾ ਪਹਿਲਾਂ ਕਿਸੇ ਖਿਡਾਰੀ ਦਾ ਨਹੀਂ ਸੀ ਹੋਇਆ। ਲੋਕਾਂ ਨੇ ਉਸ ਨੂੰ ਓਲੰਪਿਕ ਖੇਡਾਂ ਦੇ ਸੋਨ ਤਗ਼ਮਾ ਜੇਤੂ ਖਿਡਾਰੀਆਂ ਤੋਂ ਵੀ ਵੱਧ ਕਰੋੜਾਂ ਰੁਪਈਆਂ ਦੇ ‘ਲੋਕ ਸਨਮਾਨ’ ਦਿੱਤੇ। 25 ਅਗਸਤ ਉਸ ਦਾ ਜਨਮ ਦਿਨ ਹੈ ਜਿਸ ਦੀਆਂ ਹਾਰਦਿਕ ਮੁਬਾਰਕਾਂ! ਹੋ ਸਕਦਾ ਹੈ ਭਾਰਤ ਦੀਆਂ ਜਾਈਆਂ 25 ਅਗਸਤ ਦਾ ਦਿਨ ਧੀਆਂ ਦੇ ਖੇਡ ਦਿਵਸ ਵਜੋਂ ਹੀ ਮਨਾਉਣ ਲੱਗ ਜਾਣ! ਵਿਨੇਸ਼ ਫੋਗਾਟ ਹਰਿਆਣੇ ਦਾ ਮਾਣ ਤੇ ਭਾਰਤ ਦੀ ਸ਼ਾਨ ਹੈ। ਏਸ਼ਿਆਈ ਖੇਡਾਂ, ਰਾਸ਼ਟਰਮੰਡਲ ਖੇਡਾਂ, ਏਸ਼ਿਆਈ ਚੈਂਪੀਅਨਸ਼ਿਪਾਂ ਤੇ ਵਿਸ਼ਵ ਚੈਂਪੀਅਨਸ਼ਿਪਾਂ ’ਚੋਂ 5 ਸੋਨੇ, 3 ਚਾਂਦੀ ਤੇ 7 ਕਾਂਸੀ ਦੇ ਤਗ਼ਮਿਆਂ ਸਣੇ ਭਾਰਤ ਲਈ 15 ਮੈਡਲ ਜਿੱਤਣ ਵਾਲੀ ਇਸ ਲੜਕੀ ਦਾ ਜਨਮ ਹਰਿਆਣੇ ਦੇ ਪਿੰਡ ਬਲਾਲੀ ਵਿੱਚ 25 ਅਗਸਤ 1994 ਨੂੰ ਕਿਸਾਨ ਪਰਿਵਾਰ ’ਚ ਹੋਇਆ ਸੀ। ਰੀਓ-2016, ਟੋਕੀਓ-2021 ਤੇ ਪੈਰਿਸ-2024 ਦੀਆਂ ਓਲੰਪਿਕ ਖੇਡਾਂ ’ਚੋਂ ਭਾਵੇਂ ਉਸ ਨੂੰ ਕੋਈ ਤਗ਼ਮਾ ਨਹੀਂ ਮਿਲ ਸਕਿਆ, ਫਿਰ ਵੀ ਉਹ ਸਭ ਤੋਂ ਵੱਧ ਚਰਚਿਤ ਓਲੰਪੀਅਨ ਹੈ।

ਵਿਨੇਸ਼ ਦੇ ਸਿਰੜੀ ਸੰਘਰਸ਼ ਦੀ ਗਾਥਾ ਜੱਗੋਂ ਨਿਆਰੀ ਹੈ। ਉਸ ਦਾ ਪਿਤਾ ਰਾਜਪਾਲ ਨਿਮਨ ਕਿਸਾਨ ਸੀ ਜੋ ਹਰਿਆਣਾ ਰੋਡਵੇਜ਼ ਦਾ ਬੱਸ ਡਰਾਈਵਰ ਬਣਿਆ। ਉਸ ਦੀ ਮਾਂ ਪ੍ਰੇਮ ਲਤਾ ਘਰੇਲੂ ਸੁਆਣੀ ਰਹੀ। ਫੋਗਾਟ ਜੋੜੇ ਦੇ ਤਿੰਨ ਧੀਆਂ ਪੁੱਤਰ ਹਨ: ਪ੍ਰਿਅੰਕਾ, ਹਰਵਿੰਦਰ ਤੇ ਵਿਨੇਸ਼। ਬਚਪਨ ’ਚ ਵਿਨੇਸ਼ ਦੀ ਰੀਝ ਸੀ ਕਿ ਉਸ ਦੇ ਵਾਲ਼ ਲੰਮੇ ਹੋਣ, ਹੱਥ ’ਚ ਮੋਬਾਈਲ ਹੋਵੇ ਤੇ ਹਵਾਈ ਜਹਾਜ਼ਾਂ ਦੀ ਸਵਾਰ ਬਣੇ। ਹੋਣੀ ਦੀ ਮਾਰ ਕਿ ਉਹ ਨੌਂ ਸਾਲਾਂ ਦੀ ਹੀ ਸੀ ਜਦੋਂ ਉਸ ਦਾ ਪਿਤਾ ਵੱਟ-ਬੰਨੇ ਦੇ ਝਗੜੇ ’ਚ ਮਾਰਿਆ ਗਿਆ। ਵਿਧਵਾ ਮਾਂ ਤਿੰਨ ਬੱਚਿਆਂ ਦੀ ਪਾਲਣਾ ਦਾ ਭਾਰ ਚੁੱਕੀ ਕੈਂਸਰ ਦੀ ਤੀਜੀ ਸਟੇਜ ਨੂੰ ਜਾ ਢੁੱਕੀ। ਬੱਚਿਆਂ ਦੇ ਤਾਇਆ ਮਹਾਵੀਰ ਸਿੰਘ ਤੇ ਉਸ ਦੀ ਪਤਨੀ ਦਇਆ ਕੌਰ ਦੇ ਆਪਣੇ ਪੰਜ ਬੱਚੇ ਸਨ, ਚਾਰ ਧੀਆਂ ਤੇ ਇੱਕ ਪੁੱਤਰ। ਮਹਾਵੀਰ ਸਿੰਘ ਹੀ ਆਪਣੇ ਛੋਟੇ ਭਰਾ ਦੀਆਂ ਦੋ ਧੀਆਂ ਤੇ ਇੱਕ ਪੁੱਤਰ ਦਾ ਆਸਰਾ ਬਣਿਆ।

ਮਹਾਵੀਰ ਨੇ ਆਪਣੀਆਂ ਧੀਆਂ ਨਾਲ ਭਤੀਜੀਆਂ ਨੂੰ ਵੀ ਪਹਿਲਵਾਨੀ ਦੀ ਸਿਖਲਾਈ ਦੇਣੀ ਸ਼ੁਰੂ ਕੀਤੀ। ਇਹ ਬੇਹੱਦ ਕਠਿਨ ਕਾਰਜ ਸੀ। ਹਰਿਆਣੇ ਦਾ ਜਾਟ ਸਭਿਆਚਾਰ ਮਰਦਾਂ ਦੀ ਕੁਸ਼ਤੀ ਨੂੰ ਤਾਂ ਸਲਾਹੁੰਦਾ ਸੀ ਪਰ ਔਰਤਾਂ ਦੀ ਕੁਸ਼ਤੀ ਨੂੰ ਉੱਕਾ ਨਹੀਂ ਸੀ ਜਰਦਾ। ਉਲਟਾ ਮਿਹਣੇ ਦਿੰਦਾ ਸੀ। ਭਾਈਚਾਰੇ ਦੇ ਬੋਲ-ਕੁਬੋਲ ਸੁਣਦਿਆਂ ਵੀ ਮਹਾਵੀਰ ਸਿੰਘ ਨੇ ਕੁੜੀਆਂ ਨੂੰ ਕੁਸ਼ਤੀਆਂ ਦੀ ਸਿਖਲਾਈ ਦੇਣ ਦਾ ਧਰਮ ਨਿਭਾਇਆ ਤੇ ਫੋਗਾਟ ਧੀਆਂ ਨੂੰ ਦੇਸ਼ ਵਿਦੇਸ਼ ਦੇ ਕੁਸ਼ਤੀ ਅਖਾੜਿਆਂ ਵਿੱਚ ਘੁਲਣ ਜੋਗੀਆਂ ਬਣਾਇਆ। ਗੀਤਾ, ਬਬੀਤਾ, ਪ੍ਰਿਅੰਕਾ ਤੇ ਵਿਨੇਸ਼ ਨੇ ਅਨੇਕਾਂ ਕੌਮਾਂਤਰੀ ਕੁਸ਼ਤੀ ਮੁਕਾਬਲੇ ਜਿੱਤੇ ਜਿਨ੍ਹਾਂ ਨਾਲ ਦੇਸ਼ ਦਾ ਮਾਣ ਵਧਿਆ। ਉਨ੍ਹਾਂ ਦੀ ਰੀਸ ਨਾਲ ਹੋਰ ਲੜਕੀਆਂ ਵੀ ਕੁਸ਼ਤੀਆਂ ਦੇ ਰਾਹ ਪਈਆਂ। ਪਹਿਲਾਂ ਏਸ਼ੀਆ ਦਾ ਚੈਂਪੀਅਨ ਪਹਿਲਵਾਨ ਚੰਦਗੀ ਰਾਮ ਵੀ ਆਪਣੀਆਂ ਧੀਆਂ ਨੂੰ ਕੁਸ਼ਤੀ ਦੇ ਅਖਾੜਿਆਂ ਵਿੱਚ ਲਿਆਇਆ ਸੀ। ਫਿਰ ਫੋਗਾਟ ਭੈਣਾਂ ਦੇ ਕੁਸ਼ਤੀ ’ਚ ਆਉਣ ਨਾਲ ਹਰਿਆਣਾ ਔਰਤਾਂ ਦੀਆਂ ਕੁਸ਼ਤੀਆਂ ਦਾ ਹੱਬ ਬਣ ਗਿਆ। ਹੁਣ ਹਰਿਆਣਾ ਤੇ ਪੰਜਾਬ ਹੀ ਹਨ ਜੋ ਕੌਮਾਂਤਰੀ ਖੇਡ ਮੁਕਾਬਲਿਆਂ ’ਚੋਂ ਭਾਰਤ ਲਈ ਵਧੇਰੇ ਤਗ਼ਮੇ ਜਿੱਤਦੇ ਹਨ। ਇਹ ਦੱਸਣਾ ਵੀ ਵਾਜਬ ਹੋਵੇਗਾ ਕਿ ਵਧੇਰੇ ਖਿਡਾਰੀ ਕਿਰਤੀਆਂ ਤੇ ਕਿਸਾਨ ਘਰਾਂ ਦੇ ਜਾਏ ਹੁੰਦੇ ਹਨ।

ਹੁਣ ਫੇਰ ਵਿਨੇਸ਼ ਨਾਲ ਹਮਦਰਦੀ ਦੀ ਲੋਕ ਲਹਿਰ ਚੱਲ ਪਈ ਹੈ। ਭਾਰਤ ਦੇ ਕਰੋੜਾਂ ਲੋਕ ਉਸ ਨਾਲ ਆ ਖੜ੍ਹੇ ਹਨ। ਭਾਰਤੀ ਕੁਸ਼ਤੀ ਸੰਘ ਦੇ ਹੰਕਾਰੀ ਪ੍ਰਧਾਨ ਵੱਲੋਂ ਪਹਿਲਵਾਨ ਬੀਬੀਆਂ ਨਾਲ ਕੀਤੇ ਦੁਰਵਿਹਾਰ ਵਿਰੁੱਧ ਵਿਨੇਸ਼ ਤੇ ਉਸ ਦੇ ਸਾਥੀਆਂ ਵੱਲੋਂ ਲੜੇ ਜੁਝਾਰੂ ਸੰਘਰਸ਼ ਦੀਆਂ ਲੂੰ ਕੰਡੇ ਖੜ੍ਹੇ ਕਰਨ ਵਾਲੀਆਂ ਵਾਰਦਾਤਾਂ ਮੁੜ ਯਾਦ ਆ ਗਈਆਂ ਹਨ। ਕਿਵੇਂ ਉਸ ਨੂੰ ਤੇ ਉਸ ਦੀਆਂ ਸਾਥਣਾਂ ਨੂੰ ਜੰਤਰ ਮੰਤਰ ’ਤੇ ਖੱਜਲ ਖੁਆਰ ਕੀਤਾ ਗਿਆ ਤੇ ਪੁਲੀਸ ਨੇ ਉਸ ਨੂੰ ਤੇ ਓਲੰਪਿਕ ਖੇਡਾਂ ਦੀ ਤਗ਼ਮਾ ਜੇਤੂ ਸਾਕਸ਼ੀ ਮਲਿਕ ਨੂੰ ਦਿੱਲੀ ਦੀਆਂ ਸੜਕਾਂ ’ਤੇ ਘੜੀਸਿਆ। ਧੱਕੜਾਂ ਦੇ ਧੱਕੇ ਵਿਰੁੱਧ ਆਮ ਲੋਕਾਂ ਦੀ ਦੱਬਿਆਂ ਲਤਾੜਿਆਂ ਨਾਲ ਹਮਦਰਦੀ ਹੋਣੀ ਹੀ ਸੀ। ਹਮਦਰਦੀ ਦੀ ਇਸ ਲਹਿਰ ਵਿੱਚ ਵਿਨੇਸ਼ ਫੋਗਾਟ ਨੂੰ ਲੋਕਾਂ ਵੱਲੋਂ ਮਿਲ ਰਹੇ ਮਾਣ-ਸਨਮਾਨਾਂ ਦਾ ਸੱਚੀਓਂ ਕੋਈ ਹੱਦ ਬੰਨਾ ਨਹੀਂ ਰਿਹਾ। ਖ਼ਬਰਾਂ ਹਨ ਕਿ ਦੇਸੀ ਘਿਓ ਦੇ ਪੀਪੇ, ਡਰਾਈ ਫਰੂਟਾਂ ਦੇ ਬੋਰੇ, ਪਗੜੀਆਂ, ਗੁਰਜਾਂ, ਸੋਨ ਤਗ਼ਮੇ, ਦੋ ਏਕੜ ਜ਼ਮੀਨ ਤੇ ਕਰੋੜਾਂ ਰੁਪਏ ਦੇ ਨਕਦ ਸਨਮਾਨ ਤਾਂ ਮਿਲ ਵੀ ਚੁੱਕੇ ਹਨ। ਅਜੇ ਕਿਹੜਾ ਬੱਸ ਹੈ?

ਬੇਸ਼ੱਕ ਸੋਨੇ, ਜ਼ਮੀਨ ਤੇ ਰੁਪਿਆਂ ਦੀ ਹੁਣ ਸਾਡੀ ਧੀ ਨੂੰ ਲੋੜ ਨਹੀਂ, ਸਿਰ ’ਤੇ ਆਸ਼ੀਰਵਾਦੀ ਹੱਥ ਰੱਖਣ ਦੀ ਲੋੜ ਹੈ, ਪਰ ਪਰਵਾਸੀ ਪੰਜਾਬੀ ਖੇਡ ਪ੍ਰਮੋਟਰ ਵੀ ਸਿਰ ’ਤੇ ਹੱਥ ਰੱਖਦਿਆਂ ਸ਼ਹੀਦ ਭਗਤ ਸਿੰਘ ਦੇ ਪਿੰਡ ਖਟਕੜ ਕਲਾਂ ਨੇੜੇ ਮਨਾਏ ਜਾਂਦੇ ‘ਪੁਰੇਵਾਲ ਖੇਡ ਮੇਲੇ’ ਵਿੱਚ ਉਸ ਦਾ ਵਿਲੱਖਣ ਸਨਮਾਨ ਕਰਨਗੇ। ‘ਪੇਂਡੂ ਓਲੰਪਿਕ’ ਵਜੋਂ ਜਾਣੇ ਜਾਂਦੇ ਇਸ ਖੇਡ ਮੇਲੇ ’ਚ ਪਹਿਲਵਾਨਾਂ ਦੀਆਂ ਕੁਸ਼ਤੀਆਂ ਵੀ ਹੁੰਦੀਆਂ ਆ ਰਹੀਆਂ ਹਨ। ਓਲੰਪਿਕ ਚੈਂਪੀਅਨ ਡੇਨੀਅਲ ਇਗਾਲੀ, ਓਲੰਪਿਕ ਮੈਡਲਿਸਟ ਸੁਸ਼ੀਲ ਕੁਮਾਰ, ਰਾਸ਼ਟਰਮੰਡਲ ਤੇ ਏਸ਼ਿਆਈ ਖੇਡਾਂ ਦੇ ਚੈਂਪੀਅਨ ਅਤੇ ਅਨੇਕ ਨੈਸ਼ਨਲ ਚੈਂਪੀਅਨ ਪਹਿਲਵਾਨ ਇੱਥੇ ਘੁਲਦੇ ਆ ਰਹੇ ਹਨ। ਵਿਨੇਸ਼ ਦੇ ਤਾਇਆ ਪਹਿਲਵਾਨ ਮਹਾਵੀਰ ਸਿੰਘ ਵੀ ਬਤੌਰ ਕੋਚ ਆਪਣੇ ਸ਼ਾਗਿਰਦਾਂ ਤੇ ਫੋਗਾਟ ਧੀਆਂ ਨੂੰ ਕੁਸ਼ਤੀਆਂ ਲੜਾਉਣ ਲਈ ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ’ਚ ਲਿਆਉਂਦੇ ਰਹੇ ਹਨ। ਇਹ ਖੇਡ ਮੇਲਾ ਹਰ ਸਾਲ ਜਗਤਪੁਰ ਦੇ ਨਿਰੰਜਣ ਸਿੰਘ ਯਾਦਗਾਰੀ ਸਟੇਡੀਅਮ ਵਿੱਚ ਭਰਦਾ ਹੈ। ਇਸ ਵਿੱਚ ਹਜ਼ਾਰਾਂ ਦਰਸ਼ਕਾਂ ਨੂੰ ਸਮਾਉਣ ਦੀ ਸਮਰੱਥਾ ਹੈ। ਵਿਨੇਸ਼ ਦੀ ਇੱਛਾ ਅਨੁਸਾਰ ਉਸ ਨੂੰ ਸ਼ਹੀਦ ਭਗਤ ਸਿੰਘ, ਰਾਜਗੁਰੂ ਤੇ ਸੁਖਦੇਵ ਜੀ ਦੀ ਯਾਦਗਾਰ ਦੇ ਦਰਸ਼ਨ ਵੀ ਕਰਾਏ ਜਾਣਗੇ। ਕਾਸ਼! ਵਿਨੇਸ਼ ਆਪਣੇ ਸਹੀ ਵਜ਼ਨ 53 ਕਿਲੋਗਰਾਮ ਵਰਗ ਲਈ ਚੁਣੀ ਹੁੰਦੀ। ਨਾ ਉਸ ਨੂੰ 50 ਗਰਾਮ ਵਜ਼ਨ ਵਧਣ ਕਰਕੇ ਕੁਸ਼ਤੀ ਦੇ ਫਾਈਨਲ ਮੁਕਾਬਲੇ ’ਚੋਂ ਬਾਹਰ ਹੋਣਾ ਪੈਂਦਾ, ਨਾ ਓਲੰਪਿਕ ਮੈਡਲ ਖੁੱਸਦਾ ਤੇ ਨਾ ਪੰਘਾਲ ਨੂੰ ਅਨੁਸ਼ਾਸਨ ਭੰਗ ਕਰਨ ਬਦਲੇ ਓਲੰਪਿਕ ਖੇਡਾਂ ’ਚੋਂ ਅਗਾਊਂ ਕੱਢਣਾ ਪੈਂਦਾ। ਸਰਕਾਰ ਨੂੰ ਭਾਰਤੀ ਕੁਸ਼ਤੀ ਸੰਘ ਦੀਆਂ ਕਾਰਵਾਈਆਂ ਦੀ ਨਿਰਪੱਖ ਜਾਂਚ ਕਰਵਾਉਣੀ ਚਾਹੀਦੀ ਹੈ ਤਾਂ ਜੋ ਦੋਸ਼ੀਆਂ ਨੂੰ ਕਟਹਿਰੇ ’ਚ ਖੜ੍ਹਾ ਕੀਤਾ ਜਾ ਸਕੇ। ਕੀ ਕਾਰਨ ਸਨ ਕਿ ਵਿਨੇਸ਼ ਦੀ ਅਪੀਲ ਦਾ ਫ਼ੈਸਲਾ ਵਾਰ ਵਾਰ ਲਮਕਾਇਆ ਗਿਆ? ਆਖ਼ਰ 15 ਅਗਸਤ ਨੂੰ ਅਪੀਲ ਖਾਰਜ ਕਰਨ ਦਾ ਫ਼ੈਸਲਾ ਸੁਣਾਇਆ ਤਾਂ ਪੰਜਾਬੀ ਦੇ ‘ਵਰਿਆਮ’ ਲੇਖਕ ਵਰਿਆਮ ਸਿੰਘ ਸੰਧੂ ਨੇ ਵਿਨੇਸ਼ ਨੂੰ ‘ਔਰਤ ਦੀ ਆਜ਼ਾਦੀ ਦੀ ਸ਼ਹੀਦ’ ਆਖਿਆ। ਉਸ ਨੇ ਆਪਣੀ ਪੋਸਟ ਵਿੱਚ ਲਿਖਿਆ:

ਸਾਡੀ ਵਿਨੇਸ਼ ਔਰਤ ਦੀ ਇੱਜ਼ਤ ਤੇ ਮਾਣ-ਸਨਮਾਨ ਦੀ ਬਹਾਲੀ ਲਈ ਬੇਖ਼ੌਫ਼ ਹੋ ਕੇ ਰਣਤੱਤੇ ਵਿੱਚ ਜੂਝੀ ਹੈ। ਧੌਣ ਉੱਚੀ ਚੁੱਕ ਕੇ ਲੜੀ ਹੈ ਤਾਂ ਕਿ ਔਰਤ-ਜ਼ਾਤ ਦੀ ਧੌਣ ਉੱਚੀ ਰਹਿ ਸਕੇ। ਉਸ ਨੇ ਕੇਵਲ ਅਖਾੜੇ ਤੇ ਅਖਾੜੇ ਤੋਂ ਬਾਹਰ ਹੀ ਕੁਸ਼ਤੀ ਲੜਨ ਦੀ ਜਾਚ ਨਹੀਂ ਦੱਸੀ ਸਗੋਂ ਔਰਤ ਦੀ ਇੱਜ਼ਤ ਆਬਰੂ ਤੇ ਅਜ਼ਮਤ ਦੀ ਰਾਖੀ ਲਈ ਲੜਨ ਦੀ ਜਾਚ ਵੀ ਦੱਸੀ ਹੈ। ਸੱਚ ਲਈ ਅੜਨਾ ਤੇ ਲੜਨਾ ਦੱਸਿਆ ਹੈ। ਸੱਤਾ ਨੇ ਵਿਨੇਸ਼ ਦਾ ਮਾਣ ਸਨਮਾਨ ਹੀ ਨਹੀਂ ਖੋਹਿਆ, ਓਲੰਪਿਕ ਖੇਡਾਂ ਦੀ ਤਿਆਰੀ ਲਈ ਉਸ ਦਾ ਸਮਾਂ ਵੀ ਖੋਹਿਆ ਤੇ ਉਸ ਦੀ ਕੁਸ਼ਤੀ ਵਾਲੀ ਭਾਰ ਸ਼੍ਰੇਣੀ ਵੀ ਖੋਹੀ।

# ਨਗਰ ਕੌਂਸਲ ਅਵਾਰਾ ਪਸ਼ੂਆਂ ਨੂੰ ‘ਨੱਥ’ ਪਾਉਣ ’ਚ ਨਾਕਾਮ

**ਜ਼ੀਰਕਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜਿਥੇ ਬੇਸਹਾਰਾ ਪਸ਼ੂਆ ਨੇ ਲੋਕਾਂ ਦਾ ਜਿਊਣਾ ਹਰਾਮ ਕੀਤਾ ਹੋਇਆ ਹੈ ਉਥੇ ਨਗਰ ਕੌਂਸਲ ਜ਼ੀਰਕਪੁਰ ਵੀ ਇਸ ਸਮੱਸਿਆ ’ਤੇ ਨੱਥ ਪਾਉਣ ’ਚ ਨਾਕਾਮ ਸਾਬਤ ਹੋ ਰਹੀ ਹੈ। ਹਾਲਾਂਕਿ ਸ਼ਹਿਰ ’ਚ ਲਾਵਾਰਿਸ ਘੁੰਮਦੇ ਪਸ਼ੂ ਬਹੁਤ ਸਾਰੇ ਲੋਕਾ ਨੂੰ ਫੱਟੜ ਕਰ ਚੁੱਕੇ ਹਨ ਅਤੇ ਕਈ ਲੋਕਾਂ ਨੂੰ ਦੁਰਘਟਨਾ ਦਾ ਸ਼ਿਕਾਰ ਵੀ ਬਣਾ ਚੁੱਕੇ ਹਨ। ਸ਼ਹਿਰ ਦੇ ਬਾਜ਼ਾਰ ਦੀਆਂ ਸੜਕਾਂ ਹੋਣ ਜਾਂ ਕਾਲੋਨੀਆਂ ਇਨ੍ਹਾਂ ਆਵਾਰਾਂ ਪਸ਼ੂਆਂ ਦੇ ਦਰਸ਼ਨ ਆਮ ਹਨ। ਸ਼ਹਿਰ ’ਚ ਹੁਣ ਇਨਾਂ ਬੇਸਹਾਰਾ ਪਸ਼ੂਆ ਦਾ ਘੁੰਮਣਾ ਇਕ ਆਮ ਜਿਹੀ ਗੱਲ ਹੋ ਚੁੱਕੀ ਹੈ, ਸ਼ਹਿਰ ’ਚ ਤਕਰੀਬਨ ਹਰ ਰੋਜ਼ ਇਕ ਦੋ ਘਟਨਾਵਾਂ ਇਨ੍ਹਾਂ ਬੇਸਹਾਰਾ ਪਸ਼ੂਆ ਦੇ ਸੜਕਾਂ ’ਤੇ ਘੁੰਮਣ ਕਾਰਨ ਹੋਏ ਹਾਦਸਿਆਂ ’ਚ ਜਾਨੀ ਤੇ ਮਾਲੀ ਨੁਕਸਾਨ ਦੀਆਂ ਮਿਲ ਜਾਂਦੀਆਂ ਹਨ। ਪਰ ਸਥਾਨਕ ਨਗਰ ਕੌਂਸਲ ਜ਼ੀਰਕਪੁਰ ਇਸ ’ਤੇ ਨੱਥ ਪਾਉਣ ’ਚ ਬੁਰੀ ਤਰ੍ਹਾਂ ਫ਼ੇਲ੍ਹ ਹੋ ਚੁੱਕਿਆ ਹੈ। ਪ੍ਰਸ਼ਾਸਨ ਦੇ ਵਾਰ-ਵਾਰ ਯਤਨ ਕਰਨ ’ਤੇ ਵੀ ਇਨ੍ਹਾਂ ਦੀ ਗਿਣਤੀ ਘਟਣ ਦੀ ਬਜਾਏ ਵਧਦੀ ਚਲੀ ਜਾ ਰਹੀ ਹੈ। ਹੁਣ ਤਾਂ ਆਲਮ ਇਹ ਹੋ ਚੁੱਕਿਆ ਹੈ ਕਿ ਇਹ ਬੇਸਹਾਰਾ ਪਸ਼ੂ ਲੋਕਾਂ ਦੀਆਂ ਦੁਕਾਨਾਂ ਅਤੇ ਘਰਾਂ ’ਚ ਬੜੀ ਆਸਾਨੀ ਨਾਲ ਵੜ ਕੇ ਨੁਕਸਾਨ ਪਹੁੰਚਾ ਰਹੇ ਹਨ। ਦਿਨ ਹੋਵੇ ਜਾਂ ਰਾਤ ਇਨ੍ਹਾਂ ਬੇਸਹਾਰਾ ਪਸ਼ੂਆਂ ਨੂੰ ਸ਼ਹਿਰ ਅਤੇ ਸ਼ਹਿਰ ’ਚ ਝੁੰਡਾਂ ਦੇ ਰੂਪ ’ਚ ਆਮ ਦੇਖ ਸਕਦੇ ਹੈ। ਇਨ੍ਹਾਂ ਪਸ਼ੂਆਂ ਦੇ ਝੁੰਡ ਜਿੱਥੇ ਦਿਨ ਸਮੇਂ ਸੜਕਾਂ ਦੇ ਦੋਵਾਂ ਕਿਨਾਰਿਆਂ ’ਤੇ ਘੁੰਮਦੇ ਰਹਿੰਦੇ ਹਨ, ਉਥੇ ਇਹ ਰਾਤ ਦੇ ਹਨੇਰੇ ’ਚ ਫੁਟਪਾਥ ਜਾਂ ਸੜਕ ਦੇ ਦਰਮਿਆਨ ਵੀ ਡੇਰਾ ਜਮ੍ਹਾ ਲੈਂਦੇ ਹਨ, ਜਿਸ ਕਾਰਨ ਤੇਜ਼ ਰਫ਼ਤਾਰ ਨਾਲ ਆ ਰਹੇ ਵਾਹਨ ਲਈ ਇਹ ਬੇਸਹਾਰਾ ਪਸ਼ੂ ਕਿਸੇ ਆਫ਼ਤ ਤੋਂ ਘੱਟ ਨਹੀਂ ਹਨ। ਹੁਣ ਇਨ੍ਹਾਂ ਪਸ਼ੂਆਂ ਨੇ ਸ਼ਹਿਰ ਦੀਆਂ ਕਲੋਨੀਆਂ ਦੀਆਂ ਗਲੀਆਂ ’ਚ ਵੀ ਡੇਰੇ ਲਾਉਣੇ ਸ਼ੁਰੂ ਕਰ



ਦਿੱਤੇ ਹਨ। ਜਿਸ ਕਰਕੇ ਬਹੁਤ ਸਾਰੇ ਲੋਕ ਇਨ੍ਹਾਂ ਪਸ਼ੂਆ ਵੱਲੋਂ ਬੱਚਿਆਂ ਤੇ ਬਜ਼ੁਰਗਾ ਨੂੰ ਨੁਕਸਾਨ ਪਹੁੰਚਾਉਣ ਤੋਂ ਡਰ ਦੇ ਮਾਹੌਲ ’ਚ ਹਨ। ਕਿਉਂਕਿ ਭੁੱਖ ਦੇ ਸਤਾਏ ਬੇਸਹਾਰਾ ਪਸ਼ੂ ਸਾਰਾ ਦਿਨ ਇੱਧਰ-ਉਧਰ ਹਰਲ-ਹਰਲ ਕਰਦੇ ਫਿਰਦੇ ਹਨ ਜੋ ਕਿਸੇ ਵੀ ਰਾਹਗੀਰ ਦੇ ਸੱਟ ਮਾਰ ਸਕਦੇ ਹਨ। ਪ੍ਰਸ਼ਾਸਨ ਤੇ ਨਗਰ ਕੌਂਸਲ ਵੱਲੋਂ ਸ਼ਹਿਰ ਵਾਸੀਆਂ ਨੂੰ ਅਵਾਰਾ ਪਸ਼ੂਆਂ ਤੋਂ ਨਿਜ਼ਾਤ ਦਵਾਉਣ ਦੇ ਵੱਡੇ-ਵੱਡੇ ਦਾਅਵੇ ਕੀਤੇ ਜਾਦੇ ਹਨ ਪਰ ਇਸ ਦਾਅਵਿਆਂ ਦੇ ਉਲਟ ਜ਼ਮੀਨੀ ਹਕੀਕਤ ਕੁੱਝ ਹੋਰ ਹੀ ਹੈ, ਸ਼ਹਿਰ ’ਚ ਅਵਾਰਾ ਪਸ਼ੂ ਘੁੰਮਦੇ ਆਮ ਨਜ਼ਰ ਆਉਂਦੇ ਹਨ। ਦੱਖਣ ਵਾਲੀ ਗੱਲ ਇਹ ਹੈ ਕਿ ਸ਼ਹਿਰ ਵਾਸੀਆਂ ਨੂੰ ਅਵਾਰਾ ਪਸ਼ੂਆਂ ਤੋਂ ਨਿਜ਼ਾਤ ਦਵਾਉਣ ਲਈ ਸ਼ਹਿਰ ’ਚ ਗਊਸ਼ਾਲਾ ਵੀ ਬਣਾਈ ਗਈ ਹੈ ਪਰ ਫਿਰ ਵੀ ਲੋਕਾਂ ਨੂੰ ਪੂਰੀ ਤਰ੍ਹਾਂ ਨਾਲ ਬੇਸਹਾਰਾ ਪਸ਼ੂਆ ਤੋਂ ਨਿਜ਼ਾਤ ਮਿਲਦੀ ਨਜ਼ਰ ਨਹੀਂ ਆ ਰਹੀ। ਦਿਨੋਂ-ਦਿਨ ਬੇਸਹਾਰਾ ਪਸ਼ੂਆਂ ਦੀ ਗਿਣਤੀ ਲਗਾਤਰ ਵੱਧਦੀ ਜਾ ਰਹੀ ਹੈ। ਇਸ ਸਬੰਧੀ ਜਦੋਂ ਨਗਰ ਕੌਂਸਲ ਦੇ ਅਧਿਕਾਰੀਆਂ ਨਾਲ ਗੱਲ ਕੀਤੀ ਜਾਂਦੀ ਹੈ। ਤਾਂ ਉਨ੍ਹਾਂ ਦਾ ਕਹਿਣਾ ਹੈ ਕਿ ਗਊਸ਼ਾਲਾ ’ਚ ਪਸ਼ੂ ਰੱਖੇ ਜਾ ਰਹੇ ਹਨ। ਪਰ ਫਿਰ ਵੀ ਪਤਾ ਨਹੀਂ ਕਿੱਥੇ ਅਵਾਰਾ ਪਸ਼ੂ ਆ ਜਾਂਦੇ ਹਨ ਇਹ ਗੱਲ ਉਨ੍ਹ ਦੀ ਸਮਝ ਤੋਂ ਵੀ ਪਰੇ ਹੈ।

ਇਸ ਸਬੰਧੀ ਜਦੋਂ ਨਗਰ ਕੌਂਸਲ ਜ਼ੀਰਕਪੁਰ ਦੇ ਕਾਰਜਸਾਧਕ ਅਫਸਰ ਅਸ਼ੋਕ ਪਥਰੀਆ ਨਾਲ ਗੱਲਬਾਤ ਕੀਤੀ ਗਈ ਤਾਂ ਉਨ੍ਹਾਂ ਕਿਹਾ ਕਿ ਬੇਸਹਾਰਾ ਪਸ਼ੂਆਂ ਨੂੰ ਕਾਬੂ ਕਰਨ ਲਈ ਨਗਰ ਕੌਂਸਲ ਵੱਲੋਂ ਕਈ ਉਪਰਾਲੇ ਕੀਤੇ ਜਾ ਰਹੇ ਹਨ। ਉਨ੍ਹਾਂ ਦੱਸਿਆ ਕਿ ਕਈ ਲੋਕ ਜੋ ਗਾਵਾ ਵੱਲੋਂ ਦੁੱਧ ਨਹੀ ਦੇਣ ਤੇ ਛੱਡ ਦਿੰਦੇ ਹਨ। ਪਰ ਫਿਰ ਵੀ ਪ੍ਰਸ਼ਾਸਨ ਵੱਲੋਂ ਅਵਾਰਾ ਪਸ਼ੂਆ ’ਤੇ ਕਾਬੂ ਪਾਉਣ ਲਈ ਪੂਰੀ ਕੋਸ਼ਿਸ਼ ਕੀਤੀ ਜਾ ਰਹੀ ਹੈ।

**ਦੁੱਧ ਦੇਣ ਵਾਲੇ ਪਸ਼ੂ ਰੱਖਣ ਨੂੰ ਹੀ ਦਿੱਤੀ ਜਾਂਦੀ ਹੈ ਤਵੱਜੋਂ**

ਜ਼ੀਰਕਪੁਰ ’ਚ ਇਕ ਗਊਸ਼ਾਲਾ ਵੀ ਹੈ ਪਰ ਇਸ ਗਊਸ਼ਾਲਾ ’ਚ ਵੀ ਜ਼ਿਆਦਾਤਰ ਦੁੱਧ ਦੇਣ ਵਾਲੇ ਪਸ਼ੂਆਂ ਨੂੰ ਹੀ ਤਰਜੀਹ ਦਿੱਤੀ ਜਾਂਦੀ ਹੈ। ਜੋ ਗਊਆਂ ਦੁੱਧ ਦੇਣ ਦੇ ਕਾਬਿਲ ਨਹੀਂ ਹਨ ਉਨ੍ਹਾਂ ਨੂੰ ਸੜਕਾਂ ’ਤੇ ਛੱਡ ਦਿੱਤਾ ਜਾਂਦਾ ਹੈ। ਇਸੇ ਤਰ੍ਹਾਂ ਸ਼ਹਿਰ ’ਚ ਅਵਾਰਾ ਸਾਨਾ ਦੀ ਗਿਣਤੀ ਵਧਦੀ ਜਾ ਰਹੀ ਹੈ। ਸੜਕਾਂ ’ਤੇ ਆਪਸ ’ਚ ਭੀੜਦੇ ਸਾਨ੍ਹ ਆਮ ਨਜ਼ਰ ਆਉਂਦੇ ਹਨ ਜਿਸ ਨਾਲ ਆਏ ਦਿਨ ਹਾਦਸੇ ਹੁੰਦੇ ਰਹਿੰਦੇ ਹਨ ਜਿਨ੍ਹਾਂ ’ਚ ਕਈ ਲੋਕਾਂ ਦੀ ਜਾਨਾਂ ਵੀ ਜਾ ਚੁੱਕੀਆਂ ਹਨ। ਪਰ ਫਿਰ ਵੀ ਨਗਰ ਕੌਂਸਲ ਜ਼ੀਰਕਪੁਰ ਦੇ ਅਧਿਕਾਰੀ ਅਤੇ ਕਾਬਜ਼ ਆਗੂ ਇਨ੍ਹਾਂ ਦੁਰਘਟਨਾਵਾਂ ਤੋਂ ਸਬਕ ਲੈਣ ਨੂੰ ਤਿਆਰ ਨਜ਼ਰ ਨਹੀਂ ਆਉਂਦੇ।

# 39ਵਾਂ ਰਾਸ਼ਟਰੀ ਨੇਤਰ ਦਾਨ ਪੰਦਰਵਾੜਾ: ਲੋਕਾਂ ਨੂੰ ਨੇਤਰ ਦਾਨ ਜਿਹੇ ਨੇਕ ਕਾਰਜ ਲਈ ਵਧ-ਚੜ੍ਹਕੇ ਅੱਗੇ ਆਉਣਾ ਚਾਹੀਦਾ ਹੈ : ਡਾ ਬਲਬੀਰ ਸਿੰਘ

- ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਅੱਖਾਂ ਦਾਨ ਕਰਨ ਸਬੰਧੀ ਜਾਗਰੂਕਤਾ ਦੀ ਭੂਮਿਕਾ ’ਤੇ ਦਿੱਤਾ ਜ਼ੋਰ
- ਪੰਦਰਵਾੜੇ ਦੌਰਾਨ ਰਾਜ ਵਿੱਚ ਵੱਡੇ ਪੱਧਰ ’ਤੇ ਕੀਤੀਆਂ ਜਾਣਗੀਆਂ ਆਈ.ਈ.ਸੀ. ਗਤੀਵਿਧੀਆਂ

**ਚੰਡੀਗੜ੍ਹ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਨੇਤਰ ਦਾਨ ਦੀ ਮਹੱਤਤਾ ਬਾਰੇ ਲੋਕਾਂ ਵਿੱਚ ਜਾਗਰੂਕਤਾ ਫੈਲਾਉਣ ਅਤੇ ਟਰਾਂਸਪਲਾਂਟੇਸ਼ਨ ਲਈ ਕੌਰਨੀਆ ਦੀ ਗੰਭੀਰ ਘਾਟ ਨੂੰ ਪੂਰਾ ਕਰਨ ਦੇ ਮੱਦੇਨਜ਼ਰ ਲੋਕਾਂ ਨੂੰ ਮੌਤ ਉਪਰੰਤ ਅੱਖਾਂ ਦਾਨ ਕਰਨ ਲਈ ਪ੍ਰੇਰਿਤ ਕਰਨ ਦੇ ਉਦੇਸ਼ ਨਾਲ, ਪੰਜਾਬ ਦੇ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਡਾ: ਬਲਬੀਰ ਸਿੰਘ ਨੇ ਐਤਵਾਰ ਨੂੰ 39ਵੇਂ ਰਾਸ਼ਟਰੀ ਨੇਤਰ ਦਾਨ ਪੰਦਰਵਾੜੇ ਦੀ ਸ਼ੁਰੂਆਤ ਕੀਤੀ।

ਸਿਹਤ ਮੰਤਰੀ ਨੇ ਲੋਕਾਂ ਨੂੰ ਅੱਖਾਂ ਦਾਨ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਅੱਖਾਂ ਦਾਨ ਇੱਕ ਨੇਕ ਕਾਰਜ ਹੈ ਕਿਉਂਕਿ ਇਹ ਅੱਖਾਂ ਤੋਂ ਵਾਂਝੇ ਕਿਸੇ ਵਿਅਕਤੀ ਦੇ ਹਨ੍ਹੇਰੇ ਜੀਵਨ ਨੂੰ ਚਾਨਣ ਦੀ ਸੌਗਾਤ ਦੇ ਸਕਦਾ ਹੈ।

39ਵਾਂ ਰਾਸ਼ਟਰੀ ਨੇਤਰ ਦਾਨ ਪੰਦਰਵਾੜਾ 8 ਸਤੰਬਰ ਤੱਕ ਮਨਾਇਆ ਜਾਵੇਗਾ। ਸਿਹਤ ਵਿਭਾਗ ਵੱਲੋਂ ਇਸ ਪੰਦਰਵਾੜੇ ਦੌਰਾਨ ਲੋਕਾਂ ਨੂੰ ਜਾਗਰੂਕ ਕਰਨ ਲਈ ਵੱਡੇ ਪੱਧਰ ’ਤੇ ਸੂਚਨਾ, ਸਿੱਖਿਆ ਅਤੇ ਸੰਚਾਰ (ਆਈ.ਈ.ਸੀ.) ਗਤੀਵਿਧੀਆਂ ਤੇਜ਼ ਕੀਤੀਆਂ ਜਾਣਗੀਆਂ।

ਡਾ: ਬਲਬੀਰ ਸਿੰਘ, ਜੋ ਕਿ ਖੁਦ ਆਈ ਸਰਜਨ(ਅੱਖਾਂ ਦੇ ਸਰਜਨ) ਹਨ, ਨੇ ਦੱਸਿਆ ਕਿ ਕੌਰਨੀਆ ਵਿੱਚ ਨੁਕਸ ਹੋਣ ਨਾਲ ਅੰਨ੍ਹਾਪਣ ਹੋ ਜਾਂਦਾ ਹੈ, ਜਿਸ ਨੂੰ ਕੌਰਨੀਅਲ ਬਲਾਈਂਡਨੈੱਸ ਕਿਹਾ ਜਾਂਦਾ ਹੈ। ਦਰਅਸਲ ਕੌਰਨੀਆ, ਪੁਤਲੀ (ਆਇਰਿਸ) ਦੇ ਸਾਹਮਣੇ ਇੱਕ ਪਾਰਦਰਸ਼ੀ ਪਰਤ ਹੁੰਦੀ ਹੈ। ਉਨ੍ਹਾਂ ਦੱਸਿਆ, ਦਾਨੀ ਸੱਜਣ ਦੀਆਂ ਅੱਖਾਂ ਚੋਂ ਕੌਰਨੀਆ ਲੈ ਲਿਆ ਜਾਂਦਾ ਹੈ ਅਤੇ ਇਸ ਨੂੰ ਲੋੜਵੰਦ ਵਿਅਕਤੀ ਦੀਆਂ ਅੱਖਾਂ ਵਿੱਚ ਟਰਾਂਸਪਲਾਂਟ ਕੀਤਾ ਜਾਂਦਾ ਹੈ, ਜਿਸ ਨਾਲ ਉਹ ਇਸ ਰੰਗ-ਬਰੰਗੇ ਸੰਸਾਰ ਨੂੰ ਦੇਖਣਯੋਗ ਬਣ ਜਾਂਦਾ ਹੈ,। ਉਹਨਾਂ ਅੱਗੇ ਕਿਹਾ ਕਿ ਸਰਜਰੀ ਦੀ ਇਸ ਪ੍ਰਕਿਰਿਆ ਨੂੰ ਕੇਰਾਟੋਪਲਾਸਟੀ ਕਿਹਾ ਜਾਂਦਾ ਹੈ।

ਨੇਤਰ ਦਾਨ ਦੀ ਮਹੱਤਤਾ ਨੂੰ ਰੇਖਾਂਕਿਤ ਕਰਦੇ ਹੋਏ ਸਿਹਤ ਮੰਤਰੀ ਨੇ ਕਿਹਾ ਕਿ ਅੱਖਾਂ ਸਾਡੀਆਂ ਪ੍ਰਮੁੱਖ ਗਿਆਨ ਇੰਦਰੀ ਹਨ ਕਿਉਂਕਿ ਲਗਭਗ 80 ਫੀਸਦ ਸੰਵੇਦਨਾਤਮਕ ਪ੍ਰਭਾਵ ਅਸੀਂ ਆਪਣੀ ਨਜ਼ਰ ਰਾਹੀਂ ਮਹਿਸੂਸਦੇ ਹਾਂ। ਅੱਖਾਂ ਤੋਂ ਬਿਨਾਂ ਜੀਵਨ ਦੀ ਕਲਪਨਾ ਕਰਨਾ ਵੀ ਬਹੁਤ ਚੁਣੌਤੀਪੂਰਨ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਕੌਰਨੀਅਲ ਬਲਾਈਂਡਨੈਸ ਮੁੱਖ ਤੌਰ ’ਤੇ ਬੱਚਿਆਂ ਅਤੇ ਨੌਜਵਾਨਾਂ ਨੂੰ ਪ੍ਰਭਾਵਿਤ ਕਰਦਾ ਹੈ, ਜਿਨ੍ਹਾਂ ਲਈ ਅੱਗੇ ਜ਼ਿੰਦਗੀ ਦਾ ਲੰਮੇਰਾ ਪੰਧ ਚੁਣੌਤੀ ਬਣ ਕੇ ਖੜ੍ਹਾ ਹੁੰਦਾ ਹੈ। ਉਨ੍ਹਾਂ ਦੱਸਿਆ ਕਿ ਇੱਕ ਅੱਖ ਦਾਨ ਕਰਨ ਨਾਲ ਦੋ ਕੌਰਨੀਅਲ ਬਲਾਈਂਡ ਵਿਅਕਤੀਆਂ ਨੂੰ ਨਜ਼ਰ ਦੀ ਸੌਗਾਤ ਦਿੱਤੀ ਜਾ ਸਕਦੀ ਹੈ।

ਉਨ੍ਹਾਂ ਦੱਸਿਆ ਕਿ ਭਾਰਤ ਵਿੱਚ ਲਗਭਗ 11 ਲੱਖ ਲੋਕ ਕੌਰਨੀਅਲ ਬਲਾਈਂਡਨੈਸ ਤੋਂ ਪੀੜਤ ਹਨ ਅਤੇ ਹਰ ਸਾਲ 25,000 ਨਵੇਂ ਕੇਸ ਸ਼ਾਮਲ ਹੋ ਰਹੇ ਹਨ। ਪਰ, ਭਾਰਤ ਵਿੱਚ ਹਰ ਸਾਲ ਸਿਰਫ 25000 ਕੌਰਨੀਅਲ ਟਰਾਂਸਪਲਾਂਟ ਹੀ ਕਰਵਾਏ ਜਾਂਦੇ ਹਨ।

ਨੇਤਰ ਦਾਨੀਆਂ ਅਤੇ ਕੌਰਨੀਅਲ ਨੇਤਰਹੀਣ ਵਿਅਕਤੀਆਂ ਦੀ ਗਿਣਤੀ ਵਿੱਚ ਬਹੁਤ ਵੱਡਾ ਪਾੜਾ ਹੈ। ਇਸ ਲਈ ਸਾਨੂੰ ਸਾਰਿਆਂ ਨੂੰ ਅੱਖਾਂ ਦਾਨ ਕਰਨ ਦਾ ਅਹਿਦ ਲੈਣ ਲਈ ਅੱਗੇ ਆਉਣਾ ਚਾਹੀਦਾ ਹੈ ਤਾਂ ਜੋ ਆਪਣੇ ਸੂਬੇ ਅਤੇ ਦੇਸ਼ ਨੂੰ ਕੌਰਨੀਆ ਬਲਾਈਂਡਨੈਸ ਤੋਂ ਮੁਕਤ ਕੀਤਾ ਜਾ ਸਕੇ। ਉਹਨਾਂ ਅੱਗੇ ਕਿਹਾ ਕਿ ਹਾਲਾਂਕਿ ਸਾਡੇ ਕੋਲ ਟਰਾਂਸਪਲਾਂਟ ਕਰਨ ਲਈ ਸਿਖਲਾਈ ਪ੍ਰਾਪਤ, ਉੱਚ ਯੋਗਤਾ ਪ੍ਰਾਪਤ ਸਰਜਨ ਅਤੇ ਹਸਪਤਾਲ ਦੀਆਂ ਸਹੂਲਤਾਂ ਮੌਜੂਦ ਹਨ ਪਰ ਸਾਡੇ ਕੋਲ ਸਰਜਰੀ ਕਰਨ ਲਈ ਲੋੜੀਂਦੇ ਅੱਖਾਂ ਦੇ ਟਿਸ਼ੂ ਨਹੀਂ ਹਨ।

ਪੰਜਾਬ ਵਿੱਚ ਕੁੱਲ 10 ਰਜਿਸਟਰਡ ਅੱਖਾਂ ਦੇ ਬੈਂਕ ਅਤੇ 27 ਕੌਰਨੀਅਲ ਟਰਾਂਸਪਲਾਂਟੇਸ਼ਨ ਕੇਂਦਰ ਹਨ। ਪੰਜਾਬ ਵਿੱਚ 2023-24 ਵਿੱਚ ਕੁੱਲ 940 ਕੇਰਾਟੋਪਲਾਸਟੀ ਸਰਜਰੀਆਂ ਕੀਤੀਆਂ ਗਈਆਂ ਸਨ, ਜਦੋਂ ਕਿ ਜੁਲਾਈ-2024 ਤੱਕ ਅਜਿਹੀਆਂ 275 ਸਰਜਰੀਆਂ ਸਫਲਤਾਪੂਰਵਕ ਕੀਤੀਆਂ ਗਈਆਂ ਹਨ।

ਸਿਹਤ ਤੇ ਪਰਿਵਾਰ ਭਲਾਈ ਵਿਭਾਗ ਦੇ ਡਾਇਰੈਕਟਰ ਡਾ. ਹਿਤਿੰਦਰ ਕੌਰ ਨੇ ਦੱਸਿਆ ਕਿ ਇਸ ਪੰਦਰਵਾੜੇ ਦੌਰਾਨ ਸੂਬੇ ਭਰ ਵਿੱਚ ਵੱਖ-ਵੱਖ ਆਈ.ਈ.ਸੀ ਗਤੀਵਿਧੀਆਂ ਕੀਤੀਆਂ ਜਾਣੀਆਂ ਹਨ ਅਤੇ ਇਸ ਸਬੰਧੀ ਸਾਰੇ ਸਿਵਲ ਸਰਜਨਾਂ ਨੂੰ ਪਹਿਲਾਂ ਹੀ ਵਿਸਥਾਰਤ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਜਾ ਚੁੱਕੇ ਹਨ। ਉਨ੍ਹਾਂ ਅੱਗੇ ਕਿਹਾ ਕਿ ਇਸ ਜਾਗਰੂਕਤਾ ਮੁਹਿੰਮ ਦੌਰਾਨ ਅੱਖਾਂ ਦਾਨ ਕਰਨ ਨਾਲ ਸਬੰਧਤ ਕਈ ਮਿੱਥਾਂ ਅਤੇ ਨਿਰਾਧਾਰ ਧਾਰਨਾਵਾਂ ਦਾ ਸੱਚ ਵੀ ਬੇਪਰਦ ਹੋ ਜਾਵੇਗਾ।

ਨੈਸ਼ਨਲ ਪ੍ਰੋਗਰਾਮ ਫਾਰ ਕੰਟਰੋਲ ਆਫ਼ ਬਲਾਇੰਡਨੈੱਸ ਐਂਡ ਵਿਜ਼ੂਅਲ ਇੰਪੇਅਰਮੈਂਟ (ਐਨ.ਪੀ.ਸੀ.ਬੀ.ਵੀ. ਆਈ.) ਦੇ ਸਟੇਟ ਪ੍ਰੋਗਰਾਮ ਅਫਸਰ ਡਾ. ਨੀਤੀ ਸਿੰਗਲਾ ਨੇ ਦੱਸਿਆ ਕਿ ਨੇਤਰ ਦਾਨ ਕਰਨ ਸਬੰਧੀ ਰਜਿਸਟਰੇਸ਼ਨ ਫਾਰਮ ਸਾਰੇ ਜ਼ਿਲਾ ਹਸਪਤਾਲਾਂ, ਸਬ-ਡਵੀਜ਼ਨ ਹਸਪਤਾਲਾਂ ਅਤੇ ਕਮਿਊਨਿਟੀ ਹੈਲਥ ਸੈਂਟਰਾਂ ਵਿਖੇ ਉਪਲਬਧ ਹਨ। ਅੱਖਾਂ ਦਾਨ ਕਰਨ ਸਬੰਧੀ ਰਜਿਸਟਰੇਸ਼ਨ ਵੈੱਬਸਾਈਟ www.nhm.punjab.gov.in/Eye_Donation/formA.php ’ਤੇ ਆਨਲਾਈਨ ਵੀ ਕੀਤੀ ਜਾ ਸਕਦੀ ਹੈ।

**ਅੱਖਾਂ ਦਾਨ ਕਰਨ ਬਾਰੇ ਅਕਸਰ ਪੁੱਛੇ ਜਾਂਦੇ ਸਵਾਲ, ਤੱਥ ਅਤੇ ਮਿੱਥਾਂ**

* ਆਈ ਬੈਂਕ ਕੀ ਹੈ - ਇਹ ਦਾਨੀ ਅਤੇ ਪ੍ਰਾਪਤਕਰਤਾ / ਅੱਖਾਂ ਦੇ ਸਰਜਨ ਦਰਮਿਆਨ ਇੱਕ ਕੜੀ ਹੈ। ਇਹ ਇੱਕ ਸਰਕਾਰੀ ਮਾਨਤਾ ਪ੍ਰਾਪਤ ਸੰਸਥਾ ਹੈ , ਜੋ ਦਾਨ ਕਰਨ ਵਾਲਿਆਂ ਤੋਂ ਅੱਖਾਂ ਲੈਣ ਅਤੇ ਕੋਰਨੀਅਲ ਟਰਾਂਸਪਲਾਂਟੇਸ਼ਨ ਦੇ ਲੋੜਵੰਦਾਂ ਨੂੰ ਦੇਣ ਦਾ ਕੰਮ ਕਰਦੀ ਹੈ।
* ਅੱਖਾਂ ਦਾਨ ਕੌਣ ਕਰ ਸਕਦਾ ਹੈ - ਕੋਈ ਵੀ ਵਿਅਕਤੀ ਉਮਰ, ਲਿੰਗ ਅਤੇ ਬਲੱਡ ਗਰੁੱਪ ਦੀ ਪਰਵਾਹ ਕੀਤੇ ਬਿਨਾਂ ਅੱਖਾਂ ਦਾਨ ਕਰ ਸਕਦਾ ਹੈ।
* ਕੀ ਟਰਾਂਸਪਲਾਂਟ ਲਈ ਪੂਰੀ ਅੱਖ ਦੀ ਵਰਤੋਂ ਕੀਤੀ ਜਾਂਦੀ ਹੈ- ਨਹੀਂ, ਟਰਾਂਸਪਲਾਂਟ ਲਈ ਸਿਰਫ ਪੁਤਲੀ (ਆਇਰਿਸ) ਦੇ ਸਾਹਮਣੇ ਵਾਲੀ ਪਤਲੀ ਪਾਰਦਰਸ਼ੀ ਪਰਤ, ਜਿਸ ਨੂੰ ਕੋਰਨੀਆ ਕਿਹਾ ਜਾਂਦਾ ਹੈ, ਦੀ ਵਰਤੋਂ ਕੀਤੀ ਜਾਂਦੀ ਹੈ। ਕੋਰਨੀਆ ਬਿਨਾਂ ਕਿਸੇ ਖ਼ੂਨ ਦੀਆਂ ਨਾੜੀਆਂ ਵਾਲਾ ਇੱਕ ਪਾਰਦਰਸ਼ੀ ਟਿਸ਼ੂ ਹੈ। ਸਪਸ਼ਟ ਕੋਰਨੀਆ ਨਾਲ ਵਿਅਕਤੀ ਚੰਗੀ ਤਰ੍ਹਾਂ ਦੇਖਣ ਦੇ ਯੋਗ ਬਣ ਜਾਂਦਾ ਹੈ।
* ਕੌਰਨੀਆ ਟਰਾਂਸਪਲਾਂਟੇਸ਼ਨ ਦਾ ਕੀ ਅਰਥ ਹੈ - ਇਹ ਇੱਕ ਸਰਜੀਕਲ ਪ੍ਰਕਿਰਿਆ ਹੈ, ਜਿੱਥੇ ਮਰੀਜ਼ ਨੂੰ ਫਿਰ ਤੋਂ ਦੇਖਣ ਦੇ ਯੋਗ ਬਣਾਉਣ ਲਈ ਉਸਦੇ ਖਰਾਬ ਹੋ ਚੁੱਕੇ ਕੌਰਨੀਆ ਨੂੰ ਦਾਨੀ ਤੋਂ ਪ੍ਰਾਪਤ ਸਿਹਤਮੰਦ ਕੋਰਨੀਆ ਨਾਲ ਬਦਲ ਦਿੱਤਾ ਜਾਂਦਾ ਹੈ।
* ਮੌਤ ਤੋਂ ਬਾਅਦ ਕਿੰਨੇ ਸਮੇਂ ਦੇ ਅੰਦਰ ਕੌਰਨੀਆ/ਅੱਖ ਨੂੰ ਕੱਢ ਦੇਣਾ ਚਾਹੀਦਾ ਹੈ - ਮੌਤ ਦੇ 6 ਘੰਟਿਆਂ ਦਰਮਿਆਨ।
* ਕੀ ਸ਼ੂਗਰ ਅਤੇ ਹਾਈਪਰਟੈਨਸ਼ਨ ਦਾ ਮਰੀਜ਼ ਅੱਖਾਂ ਦਾਨ ਕਰ ਸਕਦਾ ਹੈ? - ਹਾਂ
* ਅੱਖਾਂ ਕੌਣ ਦਾਨ ਨਹੀਂ ਕਰ ਸਕਦਾ? - ਉਨ੍ਹਾਂ ਦਾਨੀਆਂ ਤੋਂ ਅੱਖਾਂ ਨਹੀਂ ਲਈਆਂ ਜਾਂਦੀਆਂ ਜੋ ਹੇਠ ਲਿਖੇ ਕਾਰਨਾਂ ਨਾਲ ਸੰਕਰਮਿਤ ਹੁੰਦੇ ਜਾਂ ਮੌਤ ਹੋ ਜਾਂਦੀ ਹੈ: ਏਡਜ਼ (ਐਚਆਈਵੀ) / ਹੈਪੇਟਾਈਟਸ ਬੀ ਜਾਂ ਸੀ, ਸੇਪਸਿਸ, ਲਿਊਕੇਮੀਆ, ਰੇਬੀਜ਼, ਮੈਨਿਨਜਾਈਟਿਸ, ਇਨਸੇਫਲਾਈਟਿਸ, ਟੈਟਨਸ ਅਤੇ ਹੋਰ ਵਾਇਰਲ ਬਿਮਾਰੀਆਂ।
* ਮ੍ਰਿਤਕ ਦੇ ਰਿਸ਼ਤੇਦਾਰਾਂ ਨੂੰ ਕੀ ਕਰਨਾ ਚਾਹੀਦਾ ਹੈ? - ਮੌਤ ਤੋਂ ਤੁਰੰਤ ਬਾਅਦ ਨਜ਼ਦੀਕੀ ਆਈ ਬੈਂਕ ਜਾਂ, ਅੱਖਾਂ ਦੇ ਸੰਗ੍ਰਹਿ ਕੇਂਦਰ ਨੂੰ ਸੂਚਿਤ ਕਰੋ।

# ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਨਸ਼ਿਆਂ ਤੇ ਭ੍ਰਿਸ਼ਟਾਚਾਰ ਵਿਰੁੱਧ ਕਰ ਰਹੀ ਹੈ ਗੰਭੀਰ ਉਪਰਾਲੇ: ਡਾ. ਬਲਬੀਰ ਸਿੰਘ

**➢ ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਵਿੰਗ ਵੱਲੋਂ ਮੇਜਰ ਰਮਨ ਮਲਹੋਤਰਾ ਦੀ ਅਗਵਾਈ ਹੇਠ ਨਸ਼ਿਆਂ ਤੇ ਭ੍ਰਿਸ਼ਟਾਚਾਰ 'ਤੇ ਜ਼ਿਲ੍ਹਾ ਪੱਧਰੀ ਸੈਮੀਨਾਰ ➢ ਬੁਲਾਰਿਆਂ ਨੇ ਪੰਜਾਬ ਸਰਕਾਰ ਵੱਲੋਂ ਨਸ਼ਾ ਕਰਨ ਵਾਲਿਆਂ ਨੂੰ ਨਸ਼ੇੜੀ ਨਾ ਸਮਝਕੇ ਉਨ੍ਹਾਂ ਦੀ ਬਿਮਾਰੀ ਨੂੰ ਠੀਕ ਕਰਨ ਵੱਲ ਸੇਧਿਤ ਹੋਣ ਦੀ ਕੀਤੀ ਸ਼ਲਾਘਾ**



ਸਿਹਤ ਮੰਤਰੀ ਡਾ. ਬਲਬੀਰ ਸਿੰਘ ਆਪ ਦੇ ਬੁੱਧੀਜੀਵੀ ਵਿੰਗ ਦੇ ਸੂਬਾ ਪ੍ਰਧਾਨ ਮੇਜਰ ਆਰ.ਪੀ.ਐਸ. ਮਲਹੋਤਰਾ ਵੱਲੋਂ ਪਟਿਆਲਾ ਵਿਖੇ ਕਰਵਾਏ ਗਏ 'ਨਸ਼ੇ ਤੇ ਭ੍ਰਿਸ਼ਟਾਚਾਰ : ਕਾਰਨ ਅਤੇ ਹੱਲ' ਵਿਸ਼ੇ 'ਤੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਸੈਮੀਨਾਰ ਵਿੱਚ ਸ਼ਿਰਕਤ ਕਰਦੇ ਹੋਏ।

**ਪਟਿਆਲਾ, 28 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਤੇ ਮੈਡੀਕਲ ਸਿੱਖਿਆ ਤੇ ਖੋਜ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਹੈ ਕਿ ਪੰਜਾਬ ਵਿੱਚ ਪਾਕਿਸਤਾਨ ਸਮੇਤ ਦੂਜੇ ਸੂਬਿਆਂ ਤੋਂ ਆਉਂਦਾ ਨਸ਼ਾ ਅਤੇ ਭ੍ਰਿਸ਼ਟਾਚਾਰ ਪੰਜਾਬ ਲਈ ਵੱਡਾ ਦੁਖ਼ਾਂਤ ਹੈ। ਉਨ੍ਹਾਂ ਕਿਹਾ ਕਿ ਇਨ੍ਹਾਂ ਦੋਵਾਂ ਗੰਭੀਰ ਸਮੱਸਿਆਵਾਂ ਦੇ ਹੱਲ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠ ਪੰਜਾਬ ਸਰਕਾਰ ਗੰਭੀਰ ਉਪਰਾਲੇ ਕਰ ਰਹੀ ਹੈ।

ਡਾ. ਬਲਬੀਰ ਸਿੰਘ ਅੱਜ ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਵਿੰਗ ਦੇ ਸੂਬਾ ਪ੍ਰਧਾਨ ਮੇਜਰ ਰਮਨ ਮਲਹੋਤਰਾ ਦੀ ਅਗਵਾਈ ਹੇਠ ਇੱਥੇ ਪ੍ਰਭਾਤ ਪ੍ਰਵਾਨਾ ਹਾਲ ਵਿਖੇ ਕਰਵਾਏ ਗਏ ਜ਼ਿਲ੍ਹਾ ਪੱਧਰੀ ਵਿਸ਼ੇਸ਼ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ।ਉਨ੍ਹਾਂ ਕਿਹਾ ਕਿ ਪੰਜਾਬ ਨੂੰ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਕਰਨ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਗੰਭੀਰ ਹਨ, ਇਸ ਲਈ ਲੋਕ ਸਰਕਾਰ ਦਾ ਸਾਥ ਦੇਣ ਤਾਂ ਉਨ੍ਹਾਂ ਨੂੰ ਇੱਕ ਨਵਾਂ ਨਰੋਆ ਸਿਸਟਮ ਪ੍ਰਦਾਨ ਕੀਤਾ ਜਾਵੇਗਾ।

ਸਿਹਤ ਮੰਤਰੀ ਡਾ. ਬਲਬੀਰ ਸਿੰਘ ਨੇ ਇਸ ਗੱਲ 'ਤੇ ਜ਼ੋਰ ਦਿੱਤਾ ਕਿ ਸਮਾਜ ਦਾ ਚੇਤੰਨ ਵਰਗ ਤੇ ਖਾਸ ਕਰਕੇ ਬੁੱਧੀਜੀਵੀ ਨਸ਼ਿਆਂ ਤੇ ਭ੍ਰਿਸ਼ਟਾਚਾਰ ਦੀ ਗੰਭੀਰ ਬਿਮਾਰੀ ਦੇ ਹੱਲ ਲਈ ਆਪਣਾ ਯੋਗਦਾਨ ਪਾਉਣ ਲਈ ਅੱਗੇ ਆਵੇ ਤਾਂ ਕਿ ਇਨ੍ਹਾਂ ਦੋਵਾਂ ਬਿਮਾਰੀਆਂ ਦੀ ਮੰਗ ਨੂੰ ਹੀ ਮੁੱਢੋਂ ਖ਼ਤਮ ਕੀਤਾ ਜਾ ਸਕੇ ਤਾਂ ਸਪਲਾਈ ਆਪਣੇ ਆਪ ਬੰਦ ਹੋ ਜਾਵੇਗੀ। ਉਨ੍ਹਾਂ ਨਸ਼ਿਆਂ ਦੀ ਸਮੱਸਿਆ ਦੇ ਹੱਲ ਲਈ ਬੁੱਧੀਜੀਵੀ ਤੇ ਅਧਿਆਪਕ ਵਰਗ ਨੂੰ ਪੁਲਿਸ ਤੇ ਸਿਹਤ ਵਿਭਾਗ ਦਾ ਸਾਥ ਦੇਣ ਦਾ ਵੀ ਸੱਦਾ ਦਿੰਦਿਆਂ ਕਿਹਾ ਕਿ ਅਜਿਹੇ ਸੈਮੀਨਾਰਾਂ ਦੀ ਸਮਾਜ ਵਿੱਚ ਬਹੁਤ ਸਾਰਥਕਤਾ ਹੈ।

ਸੈਮੀਨਾਰ ਦੀ ਪ੍ਰਧਾਨਗੀ ਮੰਡੀ ਬੋਰਡ ਦੇ ਚੇਅਰਮੈਨ ਹਰਚੰਦ ਸਿੰਘ ਬਰਸਟ ਨੇ ਕਰਦਿਆਂ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦੀ ਰੋਕਥਾਮ ਬਾਰੇ ਪੰਜਾਬ ਸਰਕਾਰ ਦੇ ਉਪਰਾਲਿਆਂ ਦੀ ਗੱਲ ਕਰਨ ਦੇ ਨਾਲ-ਨਾਲ ਇਸ ਸੁਚੱਜੇ ਉਪਰਾਲੇ ਲਈ ਮੇਜਰ ਆਰ ਪੀਐਸ ਮਲਹੋਤਰਾ ਨੂੰ ਵਧਾਈ ਦਿੱਤੀ।

ਆਮ ਆਦਮੀ ਪਾਰਟੀ ਦੇ ਬੁੱਧੀਜੀਵੀ ਵਿੰਗ ਦੇ ਸੂਬਾ ਪ੍ਰਧਾਨ ਮੇਜਰ ਰਮਨ ਮਲਹੋਤਰਾ ਨੇ ਸਿਹਤ ਮੰਤਰੀ ਸਮੇਤ ਸਭ ਦਾ ਸਵਾਗਤ ਕਰਦਿਆਂ ਦੱਸਿਆ ਕਿ ਪਾਰਟੀ ਵੱਲੋਂ ਸੂਬੇ ਵਿੱਚ ਨਸ਼ਾ ਮੁਕਤ ਤੇ ਭ੍ਰਿਸ਼ਟਾਚਾਰ ਮੁਕਤ ਸਮਾਜ ਸਿਰਜਣ ਲਈ ਲੋਕਾਂ ਨੂੰ ਜਾਗਰੂਕ ਕੀਤਾ ਜਾ ਰਿਹਾ ਹੈ। ਰਮਨ ਮਲਹੋਤਰਾ ਨੇ ਦੱਸਿਆ ਕਿ ਆਪ ਦੇ ਬੁੱਧੀਜੀਵੀ ਵਿੰਗ ਵੱਲੋਂ ਸਾਰੇ ਪੰਜਾਬ ਵਿੱਚ ਅਜਿਹੇ ਸੈਮੀਨਾਰ ਕਰਵਾਉਣ ਦਾ ਪ੍ਰੋਗਰਾਮ ਉਲੀਕਿਆ ਗਿਆ ਹੈ।ਸੈਮੀਨਾਰ ਦਾ ਮੰਚ ਸੰਚਾਲਨ ਡਾ ਹਰਨੇਕ ਸਿੰਘ ਢੋਟ ਨੇ ਕੀਤਾ ਅਤੇ ਜਗਦੇਵ ਸਿੰਘ ਢੀਂਡਸਾ ਨੇ ਧੰਨਵਾਦ ਕੀਤਾ।

ਸੈਮੀਨਾਰ ਮੌਕੇ ਵਰਲਡ ਪੰਜਾਬੀ ਸੈਂਟਰ ਦੇ ਚੇਅਰਮੈਨ ਡਾ. ਭੀਮਇੰਦਰ ਸਿੰਘ, ਸਾਬਕਾ ਡੀ.ਆਈ.ਜੀ. ਗੁਰਪ੍ਰੀਤ ਸਿੰਘ ਤੂਰ, ਡਿਪਟੀ ਡਾਇਰੈਕਟਰ ਰੋਜ਼ਗਾਰ ਤੇ ਕਾਰੋਬਾਰ ਮੇਜਰ ਹਰਪ੍ਰੀਤ ਸਿੰਘ ਮਾਨਸ਼ਾਹੀਆ, ਰਾਜੀਵ ਗਾਂਧੀ ਨੈਸ਼ਨਲ ਲਾਅ ਯੂਨੀਵਰਸਿਟੀ ਦੇ ਪ੍ਰੋ. ਅਭਿਨੰਦਨ ਬਸੀ, ਮੈਡਮ ਸਤਿੰਦਰ ਪਾਲ ਕੌਰ ਵਾਲੀਆ, ਪੰਜਾਬੀ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਦੇ ਮੁਖੀ ਡਾ ਭੁਪਿੰਦਰ ਸਿੰਘ ਵਿਰਕ, ਪ੍ਰੋ ਹਰਜਿੰਦਰ ਪਾਲ ਸਿੰਘ ਵਾਲੀਆ, ਸਾਕੇਤ ਹਸਪਤਾਲ ਦੇ ਪ੍ਰਾਜੈਕਟ ਡਾਇਰੈਕਟਰ ਪਰਮਿੰਦਰ ਕੌਰ ਮਨਚੰਦਾ, ਮੋਹਨ ਸ਼ਰਮਾ ਤੇ ਹੋਰ ਬੁਲਾਰਿਆਂ ਨੇ ਸੰਬੋਧਨ ਕਰਦਿਆਂ ਪੰਜਾਬ ਵਿੱਚ ਨਸ਼ਿਆਂ ਅਤੇ ਭ੍ਰਿਸ਼ਟਾਚਾਰ ਦੇ ਕਾਰਨਾਂ ਤੇ ਹੱਲ ਉਪਰ ਗੰਭੀਰ ਚਿੰਤਨ ਕੀਤਾ।

ਸਾਰੇ ਬੁਲਾਰਿਆਂ ਨੇ ਨਸ਼ੇ ਦੇ ਮੁੱਖ ਕਾਰਣਾਂ ਵਿੱਚ ਬੱਚਿਆਂ ਨਾਲ ਸਮਾਂ ਨਾ ਬਿਤਾਉਣਾ, ਪ੍ਰਾਈਵੇਟ ਬੰਦਰਗਾਹਾਂ, ਹਲਕੇ ਅਤੇ ਘੱਟ ਨੁਕਸਾਨਦੇਹ ਨਸ਼ਿਆਂ ਨੂੰ ਵੀ ਗ਼ੈਰ-ਕਾਨੂੰਨੀ ਕਰਾਰ ਦਿੱਤਾ ਜਾਣਾ, ਅਦਿ ਸ਼ਾਮਲ ਸਨ। ਭ੍ਰਿਸ਼ਟਾਚਾਰ ਦੇ ਮੁੱਖ ਕਾਰਨਾਂ ਵਿੱਚ ਬੇਈਮਾਨ ਨੇਤਾ, ਰਿਸ਼ਵਤ ਨਾਲ ਦਿੱਤੀਆਂ ਨੌਕਰੀਆਂ, ਸਮਾਜਕ ਸੁਰੱਖਿਆ (ਪੈਨਸ਼ਨਾਂ) ਦੀ ਕਮੀ,ਫ਼ਾਸਟ ਟ੍ਰੈਕ ਕੋਰਟਾਂ ਦੀ ਕਮੀ ਆਦਿ ਗਿਣੇ ਗਏ। ਬੁਲਾਰਿਆਂ ਨੇ ਭ੍ਰਿਸ਼ਟਾਚਾਰ ਦੇ ਹੱਲ ਲਈ ਫ਼ੌਜੀ ਅਫ਼ਸਰਾਂ ਦੀ ਭਰਤੀ ਦੀ ਤਰ੍ਹਾਂ ਮਨੋਵਿਗਿਆਨਿਕ ਟੈਸਟ, ਪੂਰੇ ਸਰਕਾਰੀ ਤੰਤਰ ਦੀ ਹਰ ਦੋ ਤੋਂ ਤਿੰਨ ਸਾਲ ਬਾਅਦ ਜਿਲ੍ਹੇ ਤੋਂ ਬਾਹਰ ਬਦਲੀ, ਸਰਕਾਰੀ ਮੁਲਾਜ਼ਮਾਂ ਦੀ ਇੰਟੈਲੀਜੈਂਸ ਪ੍ਰੋਫਾਈਲਿੰਗ, ਐਥਿਕਸ ਕਮਿਸ਼ਨ, ਸਵਤੰਤਰ ਜਾਂਚ ਤੰਤਰ, ਸਕੂਲਾਂ ਅਤੇ ਕਾਲਜਾਂ ਵਿੱਚ ਕਦਰਾਂ-ਕੀਮਤਾਂ ਦਾ ਵਿਸ਼ਾ, ਸੱਭ ਨਾਗਰਿਕਾਂ ਲਈ ਸਮਾਜਿਕ ਸੁਰੱਖਿਆ ਪੈਨਸ਼ਨਾਂ, ਹਰ ਪੱਧਰ 'ਤੇ ਐਮ ਪੀ/ ਐਮ ਐਲ ਏ ਦੀ ਅਗਵਾਈ ਵਿੱਚ ਨਾਗਰਿਕ ਕਮੇਟੀਆਂ, ਆਦਿ ਸ਼ਾਮਿਲ ਸਨ।

ਬੁਲਾਰਿਆਂ ਨੇ ਪੰਜਾਬ ਵਿੱਚ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਹੇਠਲੀ ਮੌਜੂਦਾ ਸਰਕਾਰ ਦੀ ਇਸ ਪੱਖੋਂ ਸ਼ਲਾਘਾ ਕੀਤੀ ਕਿ ਜਿੱਥੇ ਭ੍ਰਿਸ਼ਟਾਚਾਰ ਨੂੰ ਕਰੜੇ ਹੱਥੀ ਲੈ ਰਹੀ ਹੈ, ਉਥੇ ਹੀ ਸਰਕਾਰ ਨਸ਼ਾ ਕਰਨ ਵਾਲਿਆਂ ਨੂੰ ਨਸ਼ੇੜੀ ਨਾ ਸਮਝਕੇ ਉਨ੍ਹਾਂ ਦੀ ਇਸ ਬਿਮਾਰੀ ਨੂੰ ਠੀਕ ਕਰਨ ਵੱਲ ਸੇਧਿਤ ਹੈ। ਇਸ ਮੌਕੇ ਆਮ ਆਦਮੀ ਪਾਰਟੀ ਦੇ ਜ਼ਿਲ੍ਹਾ ਪ੍ਰਧਾਨ ਸ਼ਹਿਰੀ ਤੇਜਿੰਦਰ ਮਹਿਤਾ, ਆਪ ਦੇ ਸੂਬਾ ਸੰਯੁਕਤ ਸਕੱਤਰ ਜਰਨੈਲ ਮੰਨੂ,ਕਰਨਲ ਜੇ.ਵੀ. ਸਿੰਘ, ਏ.ਡੀ.ਸੀ. ਸ਼ਹਿਰੀ ਵਿਕਾਸ ਨਵਰੀਤ ਕੌਰ ਸੇਖੋਂ, ਅੰਗਰੇਜ ਸਿੰਘ ਰਾਮਗੜ੍ਹ, ਡਾ. ਸੁਰਜੀਤ ਖੁਰਮਾ, ਐਡਵੋਕੇਟ ਐਨ.ਪੀ. ਸਿੰਘ, ਗੱਜਣ ਸਿੰਘ, ਰਾਜਬੰਸ ਸਿੰਘ, ਬਲਵਿੰਦਰ ਸਿੰਘ, ਜਗਦੇਵ ਸਿੰਘ ਢੀਂਡਸਾ, ਮਨਜੀਤ ਸਿੰਘ ਧਨੋਆ, ਪਾਲ ਸਿੰਘ ਸੈਣੀ, ਗੁਰਬਚਨ ਸਿੰਘ, ਜੀ ਐਸ਼ ਦੱਤ, ਸੁਰਿੰਦਰ ਸਿੰਘ ਕਬੋਤਰਾ, ਸਤੇ ਸਿੰਘ, ਜਗਤਾਰ ਸਿੰਘ, ਸੁਰਿੰਦਰ ਸ਼ਰਮਾ, ਐਮ ਪੀ ਸਿੰਘ, ਜਸਵਿੰਦਰ ਕੁਮਾਰ, ਜਨਕ ਰਾਜ, ਪਵਨ ਕੁਮਾਰ, ਪ੍ਰਕਾਸ਼ ਸਿੰਘ, ਦਿਲਬਾਗ ਸਿੰਘ, ਗੁਰਵਿੰਦਰ ਸ਼ਰਮਾ, ਬਲਦੇਵ ਸਿੰਘ ਹਾਜੀਮਾਜਰਾ ਤੇ ਰਾਜ ਕੁਮਾਰ ਮਿਠਾਰੀਆ ਤੋਂ ਇਲਾਵਾ ਹੋਰ ਬੁੱਧੀਜਵੀ ਤੇ ਹੋਰ ਸ਼ਖ਼ਸੀਅਤਾਂ ਵੀ ਮੌਜੂਦ ਸਨ। ਸੈਮੀਨਾਰ ਦੌਰਾਨ ਸਮਾਜ ਸੇਵੀ ਪਰਮਿੰਦਰ ਭਲਵਾਨ ਅਤੇ ਜਤਵਿੰਦਰ ਗਰੇਵਾਲ ਨੇ ਨਸ਼ਿਆਂ ਵਿਰੁੱਧ ਲਿਟਰੇਚਰ ਤਕਸੀਮ ਕੀਤਾ।

**ਹਵਨ ਅਤੇ ਭੰਡਾਰੇ ਨਾਲ ਸ਼੍ਰੀਮਦ ਭਾਗਵਤ ਕਥਾ ਦੀ ਹੋਈ ਸਮਾਪਤੀ**

# ਭਾਗਵਤ ਕਥਾ ਮਨੁੱਖੀ ਜੀਵਨ ਦੇ ਸਾਰੇ ਦੁੱਖਾਂ ਦਾ ਅੰਤ ਕਰਦੀ ਹੈ: ਸ਼੍ਰੀ ਕਮਲਾਨੰਦ ਗਿਰੀ ਜੀ ਮਹਾਰਾਜ



**ਪਟਿਆਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਮੌਕੇ 'ਤੇ ਗੁਰੂ ਨਾਨਕ ਨਗਰ ਦੀ ਗਲੀ ਨੰਬਰ 16 ਵਿੱਚ ਸਥਿਤ ਸ੍ਰੀ ਰਾਮ ਮੰਦਰ ਸਾਧਨਾ ਸਤਿਸੰਗ ਭਵਨ ਵਿਖੇ ਸ੍ਰੀਮਦ ਭਾਗਵਤ ਕਥਾ ਗਿਆਨ ਯੱਗ ਕਰਵਾਇਆ ਗਿਆ। ਅੱਜ ਹਵਨ ਯੱਗ ਕਰਨ ਉਪਰੰਤ ਵਿਸ਼ਾਲ ਭੰਡਾਰੇ ਨਾਲ ਸ਼੍ਰੀਮਦ ਭਾਗਵਤ ਕਥਾ ਦੀ ਸਮਾਪਤੀ ਕੀਤੀ ਗਈ। ਇਸ ਮੌਕੇ ਅਨੰਤ ਸ਼੍ਰੀ ਵਿਭੂਸ਼ਿਤ ਮਹਾਂਮੰਡਲੇਸ਼ਵਰ 1008 ਸਵਾਮੀ ਸ਼੍ਰੀ ਕਮਲਾਨੰਦ ਗਿਰੀ ਜੀ ਮਹਾਰਾਜ ਅਤੇ ਸਵਾਮੀ 108 ਸ਼੍ਰੀ ਸੁਸ਼ਾਂਤ ਆਨੰਦ ਗਿਰੀ ਜੀ ਮਹਾਰਾਜ ਨੇ ਸ਼੍ਰੀ ਭਾਗਵਤ ਕਥਾ ਦਾ ਗੁਣਗਾਨ ਕੀਤਾ। ਉਨ੍ਹਾਂ ਕਿਹਾ ਕਿ ਮਨੁੱਖ ਦੇ ਕਰਮਾਂ ਕਾਰਨ ਉਸ ਨੂੰ ਆਪਣੇ ਜੀਵਨ ਵਿੱਚ ਸਮੇਂ-ਸਮੇਂ ਤੇ ਦੁੱਖ-ਸੁੱਖ ਦਾ ਸਾਹਮਣਾ ਕਰਨਾ ਪੈਂਦਾ ਹੈ, ਪਰ ਭਾਗਵਤ ਕਥਾ ਦੇ ਪਾਠ ਅਤੇ ਸੁਣਨ ਨਾਲ ਮਨੁੱਖ ਦੇ ਜੀਵਨ ਦੇ ਸਾਰੇ ਦੁੱਖ ਦੂਰ ਹੋ ਜਾਂਦੇ ਹਨ। ਭਾਗਵਤ ਕਥਾ ਨਾ ਕੇਵਲ ਮਨੁੱਖੀ ਜੀਵਨ ਦੇ ਸਾਰੇ ਦੁੱਖਾਂ ਨੂੰ ਦੂਰ ਕਰਦੀ ਹੈ, ਸਗੋਂ ਚੰਗਾ ਜੀਵਨ ਜਿਊਣ ਦਾ ਰਸਤਾ ਵੀ ਦਿਖਾਉਂਦੀ ਹੈ। ਇਸ ਲਈ ਸਾਰਿਆਂ ਨੂੰ ਸ਼੍ਰੀਮਦ ਭਾਗਵਤ ਕਥਾ ਦੇ ਦਰਸਾਏ ਮਾਰਗ 'ਤੇ ਚੱਲ ਕੇ ਆਪਣੇ ਜੀਵਨ ਦੇ ਨਾਲ-ਨਾਲ ਸਮਾਜ ਦੀ ਭਲਾਈ ਲਈ ਕਾਰਜ ਕਰਨੇ ਚਾਹੀਦੇ ਹਨ।

ਸਵਾਮੀ ਕਮਲਾਨੰਦ ਗਿਰੀ ਜੀ ਮਹਾਰਾਜ ਨੇ ਕਿਹਾ ਕਿ ਪ੍ਰਮਾਤਮਾ ਨੇ ਇਸ ਸੰਸਾਰ ਦੀ ਹਰ ਚੀਜ਼ ਲੋੜ ਅਨੁਸਾਰ ਬਣਾਈ ਹੈ। ਪ੍ਰਮਾਤਮਾ ਦੁਆਰਾ ਬਣਾਈ ਗਈ ਹਰ ਚੀਜ਼ ਦੀ ਲੋਕਾਂ ਨੂੰ ਉਨ੍ਹਾਂ ਦੇ ਜੀਵਨ ਵਿੱਚ ਬਹੁਤ ਜ਼ਰੂਰਤ ਹੁੰਦੀ ਹੈ। ਪਰ ਦੁੱਖ ਅਤੇ ਬਿਪਦਾ ਨੂੰ ਆਪਣੇ ਜੀਵਨ ਵਿੱਚ ਕੋਈ ਨਹੀਂ ਚਾਹੁੰਦਾ ਹੈ। ਇਸ ਲਈ ਦੁੱਖ ਅਤੇ ਬਿਪਤਾ ਤੋਂ ਦੂਰ ਰਹਿਣ ਲਈ ਮਨੁੱਖ ਨੂੰ ਰੋਜ਼ਾਨਾ ਪ੍ਰਮਾਤਮਾ ਦਾ ਨਾਮ ਲੈਣਾ ਚਾਹੀਦਾ ਹੈ ਅਤੇ ਹਮੇਸ਼ਾ ਲੋਕ ਹਿੱਤ ਵਿੱਚ ਕੰਮ ਕਰਨਾ ਚਾਹੀਦਾ ਹੈ। ਉਨ੍ਹਾਂ ਸਾਰਿਆਂ ਨੂੰ ਮਾੜੇ ਕੰਮਾਂ ਤੋਂ ਦੂਰ ਰਹਿ ਕੇ ਸਮਾਜ ਸੇਵਾ ਅਤੇ ਆਪਣੇ ਧਰਮ ਦੇ ਪ੍ਰਚਾਰ ਲਈ ਕੰਮ ਕਰਨ ਦੀ ਅਪੀਲ ਕੀਤੀ। ਅੱਜ ਸਵੇਰੇ ਸ਼੍ਰੀ ਭਾਗਵਤ ਕਥਾ ਦੇ ਸਮਾਪਤੀ ਸਮਾਰੋਹ ਵਿੱਚ ਹਵਨ ਯੱਗ ਕੀਤਾ ਗਿਆ, ਜਿਸ ਵਿੱਚ ਵੱਡੀ ਗਿਣਤੀ ਵਿੱਚ ਇਲਾਕਾ ਨਿਵਾਸੀਆਂ ਨੇ ਪਹੁੰਚ ਕੇ ਆਹੂਤੀਆਂ ਪਾਇਆ। ਇਸ ਉਪਰੰਤ ਵਿਸ਼ਾਲ ਭੰਡਾਰਾ ਲਗਇਆ ਗਿਆ।

# ਹਰ ਮਨੁੱਖ ਨੂੰ ਦੋ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ: ਰੁਦਰਪ੍ਰਤਾਪ ਸਿੰਘ



ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਬੂਟੇ ਲਗਾਉਂਦੇ ਹੋਏ ਰੁਦਰਪ੍ਰਤਾਪ ਸਿੰਘ, ਅਤੇ ਹੋਰ

**ਪਟਿਆਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪਟਿਆਲਾ ਜ਼ਿਲ੍ਹੇ ਦੀਆਂ ਨਾਮਵਰ ਸਮਾਜ ਸੇਵੀ ਸੰਸਥਾਵਾਂ ਯੂਥ ਫੈਡਰੇਸ਼ਨ ਆਫ ਇੰਡੀਆ ਅਤੇ ਪਾਵਰ ਹਾਊਸ ਯੂਥ ਕਲੱਬ ਵੱਲੋਂ ਜ਼ਿਲ੍ਹਾ ਸਾਂਝ ਕੇਂਦਰ ਪਟਿਆਲਾ, ਯੁਵਕ ਸੇਵਾਵਾਂ ਕਲੱਬ ਦੀਪ ਨਗਰ,ਪਾਵਰ ਹਾਊਸ ਯੁਵਕ ਸੇਵਾਵਾਂ ਕਲੱਬ ਰਣਜੀਤ ਨਗਰ ਦੇ ਸਹਿਯੋਗ ਨਾਲ ਬਰਸਾਤਾਂ ਦੇ ਮੌਸਮ ਦੌਰਾਨ ਵਣ ਮਹਾਂਉਤਸਵ ਤਹਿਤ ਜੋ ਵੱਖ ਵੱਖ ਥਾਵਾਂ ਉਪਰ ਬੂਟੇ ਲਗਾਉਣ ਦੀ ਮੁਹਿੰਮ ਸ਼ੁਰੂ ਕੀਤੀ ਹੋਈ ਉਸ ਤਹਿਤ ਵੱਖ ਸੰਸਥਾ ਦੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਵਲੋਂ ਵੱਖ ਪਾਰਕਾਂ ਵਿੱਚ ਬੂਟੇ ਲਗਾਏ ਗਏ,ਜਿਸ ਵਿੱਚ ਸਤਗੁਰੂ ਸਿੰਘ ਦਫਤਰੀਵਾਲਾ,ਐਥਲੀਟ ਮਿਸਰਾ ਸਿੰਘ,ਸੁਭਾਸ ਕੁਮਾਰ, ਲੱਕੀ ਹਰਦਾਸਪੁਰ , ਜਪਨੀਤ ਸਿੰਘ ਨੇ ਸ਼ਿਰਕਤ ਕੀਤੀ, ਇਸ ਮੌਕੇ ਸੰਬੋਧਨ ਕਰਦਿਆਂ ਸਮਾਜ ਸੇਵੀ ਰੁਦਰਪ੍ਰਤਾਪ ਸਿੰਘ ਨੇ ਕਿਹਾ ਕਿ ਜਿਵੇਂ ਕਿ ਮਨੁੱਖ ਜਿਉਂਦੇ ਰਹਿਣ ਲਈ ਰੋਟੀ, ਹਵਾ, ਪਾਣੀ ਦੀ ਜ਼ਰੂਰਤ ਹੈ ਉਥੇ ਹੀ ਮਨੁੱਖ ਨੂੰ ਸ਼ੁੱਧ ਵਾਤਾਵਰਨ ਦੀ ਵੀ ਲੋੜ ਹੈ ਉਨ੍ਹਾਂ ਕਿਹਾ ਕਿ ਮਨੁੱਖ ਨੂੰ ਅਨੇਕਾਂ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਵੇਂ ਕਿ ਸਾਹ ਦੀ ਬੀਮਾਰੀ, ਫੇਫੜਿਆਂ ਦੀ ਬੀਮਾਰੀ, ਚਮੜੀ ਰੋਗ ਇਸ ਤੋਂ ਇਲਾਵਾ ਅਨੇਕਾਂ ਹੋਰ ਬੀਮਾਰੀਆਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਜਿਸ ਦਾ ਮੁੱਖ ਕਾਰਨ ਦੂਸ਼ਿਤ ਵਾਤਾਵਰਨ ਹੈ ਉਹਨਾਂ ਕਿਹਾ ਕਿ ਸਾਨੂੰ ਆਪਣੇ ਲਈ ਅਤੇ ਆਪਣੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਸ਼ੁੱਧ ਵਾਤਾਵਰਣ ਦੇਣ ਲਈ ਵੱਧ ਤੋਂ ਵੱਧ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨੀ ਚਾਹੀਦੀ ਹੈ, ਉਹਨਾਂ ਪਬਲਿਕ ਨੂੰ ਵੀ ਅਪੀਲ ਕੀਤੀ ਕਿ ਉਹੋ ਦੋ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕਰਨ। ਇਸ ਮੌਕੇ ਯੂਥ ਆਗੂ ਰੁਦਰਪ੍ਰਤਾਪ ਸਿੰਘ ਨੇ ਕਿਹਾ ਕਿ ਸਾਡੀਆਂ ਸਮਾਜ ਸੇਵੀ ਸੰਸਥਾਵਾਂ ਦੇ ਸਰਪ੍ਰਸਤ ਸਟੇਟ ਐਵਾਰਡੀ ਪਰਮਿੰਦਰ ਭਲਵਾਨ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਗਵਰਨਰ ਐਵਾਰਡੀ ਜਤਵਿੰਦਰ ਗਰੇਵਾਲ ਮੈਂਬਰ ਨਸਾ ਮੁਕਤ ਭਾਰਤ ਅਭਿਆਨ, ਸਟੇਟ ਐਵਾਰਡੀ ਰੁਪਿੰਦਰ ਕੌਰ ਦੀ ਅਗਵਾਈ ਹੇਠ ਜਿਥੇ ਪਟਿਆਲਾ ਜ਼ਿਲ੍ਹੇ ਦੇ ਵੱਖ ਵੱਖ ਥਾਵਾਂ ਉਪਰ ਬੂਟੇ ਲਗਾਕੇ ਉਹਨਾਂ ਦੀ ਸਾਭ ਸੰਭਾਲ ਕੀਤੀ ਜਾਂ ਰਹੀ ਹੈ ਉਥੇ ਹੀ ਨੌਜਵਾਨਾਂ ਨੂੰ ਨਸ਼ਿਆਂ ਵਿਰੁੱਧ ਵੀ ਜਾਗਰੂਕ ਕਰ ਰਹੀਆਂ ਹਨ।

# ਪਿੰਡ ਰਜਧਾਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਂ ਓਲੰਪੀਅਨ ਜਰਮਨਪ੍ਰੀਤ ਸਿੰਘ ਦੇ ਨਾਂ 'ਤੇ ਰੱਖਿਆ ਜਾਵੇਗਾ: ਹਰਭਜਨ ਸਿੰਘ ਈਟੀਓ



**ਚੰਡੀਗੜ੍ਹ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਦੇ ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈਟੀਓ ਨੇ ਅੱਜ ਇਥੇ ਕਿਹਾ ਕਿ ਹਾਕੀ ਓਲੰਪੀਅਨ ਜਰਮਨਪ੍ਰੀਤ ਸਿੰਘ ਦੇ ਸਨਮਾਨ ਵਿੱਚ ਉਨ੍ਹਾਂ ਦੇ ਪਿੰਡ ਰਜਧਾਨ ਦੇ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਦਾ ਨਾਂ ਬਦਲ ਕੇ ਓਲੰਪੀਅਨ ਜਰਮਨਪ੍ਰੀਤ ਸਿੰਘ ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਰੱਖਿਆ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਇਸ ਸਬੰਧੀ ਸਕੂਲ ਅਤੇ ਉਚੇਰੀ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਨੂੰ ਪੱਤਰ ਲਿਖ ਕੇ ਬੇਨਤੀ ਕੀਤੀ ਹੈ।

ਬਿਜਲੀ ਮੰਤਰੀ ਨੇ ਕਿਹਾ ਕਿ ਅਜਿਹਾ ਹਾਲ ਹੀ ਵਿੱਚ ਪੈਰਿਸ ਓਲੰਪਿਕ ਖੇਡਾਂ ਵਿੱਚ ਕਾਂਸੀ ਦਾ ਤਗਮਾ ਜਿੱਤਣ ਵਾਲੀ ਹਾਕੀ ਟੀਮ ਵਿੱਚ ਜਰਮਨਪ੍ਰੀਤ ਸਿੰਘ ਦੇ ਸ਼ਾਨਦਾਰ ਯੋਗਦਾਨ ਨੂੰ ਸਨਮਾਨ ਵਜੋਂ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਉਨ੍ਹਾਂ ਦੇ ਹਲਕੇ ਜੰਡਿਆਲਾ ਗੁਰੂ ਅਧੀਨ ਪੈਂਦੇ ਪਿੰਡ ਰਜਧਾਨ ਦੇ ਵਸਨੀਕ ਹੋਣ ਦੇ ਨਾਤੇ ਜਰਮਨਪ੍ਰੀਤ ਸਿੰਘ ਦੀ ਪ੍ਰਾਪਤੀ ਹਲਕੇ ਅਤੇ ਅੰਮ੍ਰਿਤਸਰ ਜ਼ਿਲ੍ਹੇ ਲਈ ਮਾਣ ਵਾਲੀ ਗੱਲ ਹੈ।

ਕੈਬਿਨਟ ਮੰਤਰੀ ਈ.ਟੀ.ਓ. ਨੇ ਅੱਗੇ ਕਿਹਾ, ਜੰਡਿਆਲਾ ਗੁਰੂ ਹਲਕੇ ਦੇ ਲਈ ਮਾਣ ਵਾਲੀ ਗੱਲ ਹੈ ਕਿ ਭਾਰਤੀ ਹਾਕੀ ਟੀਮ ਦੇ ਖਿਡਾਰੀਆਂ ਵਿਚੋਂ ਜਰਮਨਪ੍ਰੀਤ ਸਿੰਘ ਦਾ ਪਿੰਡ ਰਜਧਾਨ ਅਤੇ ਗੁਰਜੰਟ ਸਿੰਘ ਦਾ ਪਿੰਡ ਖਲਹਿਰਾ ਇਸੇ ਹਲਕੇ ਵਿਚ ਪੈਂਦੇ ਹਨ।

ਉਨ੍ਹਾਂ ਕਿਹਾ ਕਿ ਇਸ ਹਾਕੀ ਟੀਮ ਦੇ ਕਪਤਾਨ ਹਰਮਨਪ੍ਰੀਤ ਸਿੰਘ ਦਾ ਪਿੰਡ ਤਿੰਮੋਵਾਲ ਵੀ ਜੰਡਿਆਲਾ ਗੁਰੂ ਹਲਕੇ ਦੇ ਨਜ਼ਦੀਕ ਹੀ ਹੈ। ਇਸ ਨਾਲ ਨਾ ਸਿਰਫ ਇਸ ਇਲਾਕੇ ਦੇ ਖਿਡਾਰੀਆਂ ਦਾ ਮਨੋਬਲ ਵਧਿਆ ਹੈ, ਸਗੋਂ ਇਲਾਕੇ ਦੇ ਹੋਰ ਨੌਜਵਾਨਾਂ ਵੀ ਖੇਡਾਂ ਵੱਲ ਪ੍ਰੇਰਿਤ ਹੋਏ ਹਨ।

ਬਿਜਲੀ ਅਤੇ ਲੋਕ ਨਿਰਮਾਣ ਮੰਤਰੀ ਹਰਭਜਨ ਸਿੰਘ ਈ.ਟੀ.ਓ. ਨੇ ਪਿੰਡ ਰਜਧਾਨ ਵਿਖੇ ਜਰਮਨਪ੍ਰੀਤ ਸਿੰਘ ਦੇ ਘਰ ਜਾ ਕੇ ਹਾਕੀ ਸਟਾਰ ਖਿਡਾਰੀ ਅਤੇ ਉਸਦੇ ਪਰਿਵਾਰ ਸਮੇਤ ਉਸਦੀ ਮਾਤਾ ਕੁਲਵਿੰਦਰ ਕੌਰ ਅਤੇ ਪਿਤਾ ਬਲਬੀਰ ਸਿੰਘ ਨੂੰ ਵਧਾਈ ਦਿੱਤੀ।

**ਸ੍ਰੀ ਦਰਬਾਰ ਸਾਹਿਬ ਦੇ ਦਰਸ਼ਨ ਕਰਨ ਤੋਂ ਬਾਅਦ ਸਿਸੋਦੀਆ ਅਤੇ ਭਗਵੰਤ ਮਾਨ ਪਹੁੰਚੇ ਅਟਾਰੀ-ਵਾਹਗਾ ਬਾਰਡਰ**



**ਅੰਮ੍ਰਿਤਸਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਆਮ ਆਦਮੀ ਪਾਰਟੀ (ਆਪ) ਦੇ ਸੀਨੀਅਰ ਆਗੂ ਅਤੇ ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਆਪਣੇ ਪਰਿਵਾਰ ਸਮੇਤ ਅਤੇ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਸ੍ਰੀ ਦਰਬਾਰ ਸਾਹਿਬ ਅਤੇ ਦੁਰਗਿਆਣਾ ਮੰਦਰ ਵਿੱਚ ਮੱਥਾ ਟੇਕਣ ਤੋਂ ਬਾਅਦ 'ਆਪ' ਆਗੂਆਂ ਨਾਲ ਅਟਾਰੀ-ਵਾਹਗਾ ਬਾਰਡਰ ਪੁੱਜੇ। ਉਹ ਹਰ ਰੋਜ਼ ਸ਼ਾਮ ਨੂੰ ਹੋਣ ਵਾਲੀ ਪਰੇਡ ਦੇਖਣ ਲਈ ਉੱਥੇ ਪਹੁੰਚੇ ਅਤੇ ਪਰੇਡ ਕਰ ਰਹੇ ਫ਼ੌਜੀ ਜਵਾਨਾਂ ਦੀ ਹੌਸਲਾ ਅਫਜ਼ਾਈ ਵੀ ਕੀਤੀ।

# ਨੰਗਲ ਦੇ ਮੰਦਰ ਮਾਤਾ ਸ੍ਰੀ ਜੁਲਫਾ ਦੇਵੀ ਵਿਖੇ ਚੋਰੀ ਕਰਨ ਵਾਲਾ ਦੋਸ਼ੀ ਗ੍ਰਿਫਤਾਰ



**ਰੂਪਨਗਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸੀਨੀਅਰ ਕਪਤਾਨ ਪੁਲਿਸ ਰੂਪਨਗਰ ਸ੍ਰੀ ਗੁਲਨੀਤ ਸਿੰਘ ਖੁਰਾਣਾ, ਆਈ.ਪੀ.ਐਸ. ਵਲੋਂ ਪ੍ਰੈਸ ਕਾਨਫਰੰਸ ਰਾਹੀਂ ਜਾਣਕਾਰੀ ਦਿੰਦੇ ਹੋਏ ਦੱਸਿਆ ਗਿਆ ਕਿ ਨੰਗਲ ਦੇ ਪਿੰਡ ਹੰਬੋਵਾਲ ਵਿਖੇ ਮੰਦਰ ਮਾਤਾ ਸ੍ਰੀ ਜੁਲਫਾ ਦੇਵੀ ਵਿਖੇ ਮਾਤਾ ਦੀ ਮੂਰਤੀ ਤੇ ਮਾਤਾਰਾਣੀ ਦੀ ਨੱਥ, ਕੰਨਾ ਵਿੱਚ ਪਏ ਝੁਮਕੇ ਸੋਨਾ ਚੋਰੀ ਕਰਨ ਵਾਲੇ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ।

ਉਨ੍ਹਾਂ ਜਿਲ੍ਹਾ ਰੂਪਨਗਰ ਅੰਦਰ ਮਾੜੇ ਅਨਸਰਾਂ ਖਿਲਾਫ ਚਲਾਈ ਮੁਹਿੰਮ ਦੇ ਤਹਿਤ ਧਾਰਮਿਕ ਸਥਾਨਾਂ ਵਿੱਚ ਚੋਰੀ ਦੀ ਵਾਰਦਾਤ ਕਰਨ ਵਾਲੇ ਵਿਅਕਤੀਆਂ ਦਾ ਪਰਦਾਫਾਸ ਕਰਦੇ ਹੋਏ ਦੱਸਿਆ ਕਿ ਮਿਤੀ 23 ਅਗਸਤ 2024 ਨੂੰ ਥਾਣਾ ਨੰਗਲ ਦੇ ਪਿੰਡ ਹੰਬੋਵਾਲ ਵਿਖੇ ਮੰਦਰ ਮਾਤਾ ਸ੍ਰੀ ਜੁਲਫਾ ਦੇਵੀ ਵਿਖੇ ਮਾਤਾ ਦੀ ਮੂਰਤੀ ਤੇ ਮਾਤਾਰਾਣੀ ਦੇ ਨੱਥ, ਕੰਨਾ ਵਿੱਚ ਪਏ ਝੁਮਕੇ ਸੋਨਾ ਕਿਸੇ ਨੇ ਚੋਰੀ ਕਰ ਲਏ ਸਨ। ਜਿਸ ਸਬੰਧੀ ਸੂਚਨਾ ਮਿਲਣ ਉਤੇ ਮੰਦਰ ਦੇ ਪੁਜਾਰੀ ਸੋਹਣ ਲਾਲ ਪਿੰਡ ਬਾਬੂ ਥਾਣਾ ਟਾਹਲੀਵਾਲ ਜਿਲ੍ਹਾ ਦੇ ਬਿਆਨ ਉਤੇ ਮੁੱਕਦਮਾ ਨੰਬਰ 107 ਮਿਤੀ 24-08-2024 ਅ/ਧ/ਸ਼ 305, 331(3) 2NS ਥਾਣਾ ਨੰਗਲ ਬਰਖਿਲਾਫ ਨਾ ਮਾਲੂਮ ਵਿਅਕਤੀਆਂ ਦੇ ਦਰਜ ਰਜਿਸਟਰ ਕੀਤਾ ਗਿਆ ਸੀ।

ਇਸ ਮੁੱਕਦਮੇ ਦੀ ਤਫਤੀਸ਼ ਸਹਾਇਕ ਥਾਣੇਦਾਰ ਸੁਸ਼ੀਲ ਕੁਮਾਰ ਨੰਬਰ 574/ਆਰ ਵੱਲੋਂ ਅਮਲ ਵਿੱਚ ਲਿਆਂਦੀ ਜਾ ਰਹੀ ਸੀ ਕਿ ਦੌਰਾਨੇ ਤਫਤੀਸ਼ ਉਪ ਕਪਤਾਨ ਪੁਲਿਸ ਨੰਗਲ ਸ੍ਰੀ ਕੁਲਵੀਰ ਸਿੰਘ ਠੱਕਰ ਸੰਧੂ ਅਤੇ ਮੁੱਖ ਅਫਸਰ ਥਾਣਾ ਨੰਗਲ ਇੰਸ. ਰਾਹੁਲ ਸ਼ਰਮਾ ਦੀ ਅਗਵਾਈ ਹੇਠ ਨੰਗਲ ਪੁਲਿਸ ਨੇ ਇਸ ਵਾਰਦਾਤ ਨੂੰ ਅੰਜਾਮ ਦੇਣ ਵਾਲੇ ਦੋਸ਼ੀ ਸਿਮਰਨਪਾਲ ਸਿੰਘ ਉਰਫ ਬਾਨਾ ਸਿੰਘ ਵਾਸੀ ਮੁਹੱਲਾ ਕਮਾਲਪੁਰ, ਨੇੜੇ ਬੱਸ ਸਟੈਂਡ ਹੁਸ਼ਿਆਰਪੁਰ ਹਾਲ ਕਿਰਾਏਦਾਰ ਪਿੰਡ ਬਰਾਰੀ ਥਾਣਾ ਨੰਗਲ ਨੂੰ 24 ਅਗਸਤ 2024 ਨੂੰ ਗ੍ਰਿਫਤਾਰ ਕੀਤਾ ਗਿਆ।

ਉਨ੍ਹਾਂ ਦੱਸਿਆ ਕਿ ਦੋਸ਼ੀ ਦੀ ਪੁੱਛਗਿੱਛ ਤੋਂ ਪਤਾ ਚੱਲਿਆ ਹੈ ਕਿ ਇਸ ਦੇ ਨਾਲ ਜਸਵਿੰਦਰ ਸਿੰਘ ਉਰਫ ਜੱਸੀ ਵਾਸੀ ਪਿੰਡ ਹੰਬੋਵਾਲ ਅਤੇ ਗੁਰਦੀਪ ਸਿੰਘ ਉਰਫ ਸੋਨੂੰ ਵਾਸੀ ਪਿੰਡ ਦਬਖੇੜਾ, ਥਾਣਾ ਨੰਗਲ ਵੀ ਇਸ ਵਾਰਦਾਤ ਵਿੱਚ ਇਸ ਦੇ ਨਾਲ ਸਨ। ਜਿਹਨਾਂ ਨੂੰ ਵੀ ਇਸ ਮੁਕੱਦਮੇ ਵਿੱਚ ਨਾਮਜਦ ਕੀਤਾ ਗਿਆ ਹੈ।

ਦੋਸ਼ੀਆਂ ਵੱਲੋਂ ਮੰਦਰ ਦੀ ਮੂਰਤੀ ਤੇ ਚੋਰੀ ਕੀਤੇ ਸੋਨੇ ਦੇ ਗਹਿਣੇ ਰਣਵੀਰ ਸਿੰਘ ਉਰਫ ਬੰਟੀ ਜਿਊਲਰ ਅੱਡਾ ਮਾਰਕੀਟ ਨੰਗਲ ਨੂੰ 20,000/- ਰੁਪਏ ਵਿੱਚ ਵੇਚ ਦਿੱਤੇ ਸਨ। ਜਿਸ ਨੂੰ ਵੀ ਮਕੱਦਮਾ ਵਿੱਚ ਮਿਤੀ 24.08.2024 ਨੂੰ ਗ੍ਰਿਫਤਾਰ ਕਰਕੇ ਉਸ ਕੋਲੋਂ ਚੋਰੀ ਦੇ ਸੋਨੇ ਦੇ ਗਹਿਣੇ ਬਰਾਮਦ ਕੀਤੇ ਗਏ ਹਨ।

ਦੋਸ਼ੀ ਜਸਵਿੰਦਰ ਸਿੰਘ ਉਰਫ ਜੱਸੀ ਵਾਸੀ ਹੰਬੋਵਾਲ ਥਾਣਾ ਨੰਗਲ ਅਤੇ ਦੋਸ਼ੀ ਗੁਰਦੀਪ ਸਿੰਘ ਉਰਫ ਸੋਨੂੰ ਵਾਸੀ ਪਿੰਡ ਦਬਖੇੜਾ ਥਾਣਾ ਨੰਗਲ ਦੀ ਗ੍ਰਿਫਤਾਰੀ ਲਈ ਵੱਖ-ਵੱਖ ਟੀਮਾਂ ਬਣਾ ਕੇ ਛਾਪੇਮਾਰੀ ਕੀਤੀ ਜਾ ਰਹੀ ਹੈ। ਗ੍ਰਿਫਤਾਰ ਦੋਸ਼ੀਆਂ ਨੂੰ ਅਦਾਲਤ ਵਿੱਚ ਪੇਸ਼ ਕਰਕੇ ਪੁਲਿਸ ਰਿਮਾਂਡ ਹਾਸਲ ਕੀਤਾ ਗਿਆ ਹੈ। ਜਿਹਨਾਂ ਪਾਸੇ ਹੋਰ ਵੀ ਚੋਰੀ ਦੀਆਂ ਵਾਰਦਾਤਾਂ ਦੇ ਖੁਲਾਸੇ ਹੋਣ ਦੀ ਸੰਭਾਵਨਾ ਹੈ।

**ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਰੋਟਰੀ ਕਲੱਬ ਦੀ ਮਾਨਵਤਾ ਦੇ ਕੰਮਾਂ ਲਈ ਕੀਤੀ ਸ਼ਲਾਘਾ**



**ਲੁਧਿਆਣਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਵਿਧਾਨ ਸਭਾ ਦੇ ਸਪੀਕਰ ਸ੍ਰੀ ਕੁਲਤਾਰ ਸਿੰਘ ਸੰਧਵਾਂ ਨੇ ਐਤਵਾਰ ਨੂੰ ਰੋਟਰੀ ਕਲੱਬ ਵੱਲੋਂ ਮਾਨਵਤਾ ਲਈ ਕੀਤੀਆਂ ਸੇਵਾਵਾਂ ਦੀ ਸ਼ਲਾਘਾ ਕੀਤੀ। ਉਹ ਅੱਜ ਇੱਥੇ ਨਿਰਵਾਣਾ ਕਲੱਬ ਵਿਖੇ ਰੋਟਰੀ ਕਲੱਬ ਦੇ ਜ਼ਿਲ੍ਹਾ ਮੈਂਬਰਸ਼ਿਪ ਸੈਮੀਨਾਰ ਨੂੰ ਸੰਬੋਧਨ ਕਰ ਰਹੇ ਸਨ।

ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਿਹਾ ਕਿ ਕਲੱਬ ਵੱਲੋਂ ਸਮਾਜ ਸੇਵਾ ਅਤੇ ਵਿਕਾਸ ਲਈ ਜੋ ਯੋਗਦਾਨ ਪਾਇਆ ਜਾ ਰਿਹਾ ਹੈ ਉਹ ਬੇਮਿਸਾਲ ਹੈ। ਸ੍ਰੀ ਸੰਧਵਾਂ ਨੇ ਜ਼ਿਕਰ ਕੀਤਾ ਕਿ ਉਹਨਾਂ ਦੇ ਮੈਂਬਰ ਲੋਕਾਂ ਨੂੰ ਸਿਹਤ ਸੰਭਾਲ, ਸਫਾਈ, ਭੋਜਨ ਆਦਿ ਪ੍ਰਦਾਨ ਕਰਕੇ ਉਹਨਾਂ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਵਿੱਚ ਮਦਦ ਕਰਦੇ ਹਨ ਅਤੇ ਜਿੱਥੇ ਜਦੋਂ ਲੋਕਾਂ ਨੂੰ ਸਭ ਤੋਂ ਵੱਧ ਲੋੜ ਹੁੰਦੀ ਹੈ।

# ਚੇਤਨ ਸਿੰਘ ਜੌੜਾਮਾਜਰਾ ਨੇ ਸੰਤ ਈਸ਼ਰ ਸਿੰਘ ਰਾੜਾ ਸਾਹਿਬ ਵਾਲਿਆਂ ਦੇ ਬਰਸੀ ਸਮਾਗਮਾਂ 'ਚ ਭਰੀ ਹਾਜ਼ਰੀ



**ਲੁਧਿਆਣਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਭਗਤੀ ਦੇ ਪੁੰਜ ਅਤੇ ਵਿਸ਼ਵ ਪ੍ਰਸਿੱਧ ਗੁਰਦੁਆਰਾ ਕਰਮਸਰ ਰਾੜਾ ਸਾਹਿਬ ਦੇ ਬਾਨੀ ਸੱਚਖੰਡ ਵਾਸੀ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਦੇ 49ਵੇਂ ਬਰਸੀ ਸਮਾਗਮਾਂ ਮੌਕੇ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਧਾਨ ਸਭਾ ਹਲਕਾ ਪਾਇਲ ਦੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਨੇ ਐਤਵਾਰ ਨੂੰ ਸ਼ਰਧਾ ਤੇ ਸਤਿਕਾਰ ਸਹਿਤ ਹਾਜ਼ਰੀ ਭਰੀ।

ਕੈਬਨਿਟ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਅਤੇ ਵਿਧਾਇਕ ਸ੍ਰੀ ਮਨਵਿੰਦਰ ਸਿੰਘ ਗਿਆਸਪੁਰਾ ਦਾ ਬਰਸੀ ਸਮਾਗਮਾਂ ਵਿੱਚ ਪਹੁੰਚਣ ਤੇ ਰਾੜਾ ਸਾਹਿਬ ਸੰਪਰਦਾਇ ਵੱਲੋਂ ਉਹਨਾਂ ਨੂੰ ਸਨਮਾਨਿਤ ਕੀਤਾ ਗਿਆ ਅਤੇ ਉਹਨਾਂ ਵੱਲੋਂ ਸੰਗਤਾਂ ਵਿੱਚ ਬੈਠ ਕੇ ਕੀਰਤਨ ਵੀ ਸਰਵਣ ਕੀਤਾ ਗਿਆ।

ਇਸ ਮੌਕੇ ਕੈਬਨਿਟ ਮੰਤਰੀ ਸ੍ਰੀ ਚੇਤਨ ਸਿੰਘ ਜੌੜਾਮਾਜਰਾ ਨੇ ਆਖਿਆ ਕਿ ਧੰਨ ਧੰਨ ਬਾਬਾ ਈਸ਼ਰ ਸਿੰਘ ਜੀ ਦੀ ਵਰੋਸਾਈ ਧਰਤੀ ਕਰਮਸਰ ਰਾੜਾ ਸਾਹਿਬ ਵਿਖੇ ਨਤਮਸਤਕ ਹੋਏ ਬਹੁਤ ਚੰਗਾ ਲੱਗਿਆ ਅਤੇ ਵੱਡੀ ਗਿਣਤੀ ਵਿੱਚ ਪਹੁੰਚੀ ਸੰਗਤ ਨੂੰ ਵੇਖਕੇ ਮਨ ਨੂੰ ਸਕੂਨ ਮਿਲਿਆ ਹੈ, ਕਿਉਂਕਿ ਸੰਤ ਬਾਬਾ ਈਸ਼ਰ ਸਿੰਘ ਜੀ ਨੇ ਲੰਮਾ ਸਮਾਂ ਭਗਤੀ ਕਰਕੇ ਵਾਹਿਗੁਰੂ ਦਾ ਗਿਆਨ ਪ੍ਰਾਪਤ ਕੀਤਾ ਅਤੇ ਲੱਖਾਂ-ਕਰੋੜਾਂ ਸੰਗਤਾਂ ਨੂੰ ਮਾਰਗ ਦਰਸ਼ਨ ਕਰਕੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਾਇਆ ਹੈ। ਉਹਨਾਂ ਬਾਬਾ ਬਲਜਿੰਦਰ ਸਿੰਘ ਰਾੜਾ ਸਾਹਿਬ ਵਾਲਿਆਂ ਨੂੰ ਵਿਸ਼ਵਾਸ਼ ਦਿਵਾਇਆ ਕਿ ਮੁੱਖ ਮੰਤਰੀ ਪੰਜਾਬ ਸ੍ਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਪੰਜਾਬ ਸਰਕਾਰ ਰਾੜਾ ਸਾਹਿਬ ਦੇ ਪ੍ਰਬੰਧਕਾਂ ਅਤੇ ਸਮੁੱਚੀ ਸੰਗਤ ਦੇ ਨਾਲ ਹੈ ਅਤੇ ਹਰ ਪ੍ਰਕਾਰ ਦੀ ਸਹਾਇਤਾ ਲਈ ਉਹ ਵਚਨਬੱਧ ਹਨ।

# ਪੰਜਾਬ ਏਡਿਡ ਸਕੂਲ ਅਧਿਆਪਕ ਤੇ ਹੋਰ ਕਰਮਚਾਰੀ ਯੂਨੀਅਨ ਦੀ ਨਵੀਂ ਐਡਹਾਕ ਕਮੇਟੀ ਦੀ ਹੋਈ ਚੋਣ



**ਪਟਿਆਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਪੰਜਾਬ ਰਾਜ ਸਰਕਾਰੀ ਸਹਾਂ ਇਤਾ ਪ੍ਰਾਪਤ ਅਧਿਆਪਕ ਅਤੇ ਹੋਰ ਕਰਮਚਾਰੀ ਯੂਨੀਅਨ ਦੀ ਇੱਕ ਵਿਸ਼ੇਸ਼ ਮੀਟਿੰਗ ਅੱਜ ਰਾਮਗੜ੍ਹੀਆ ਸੀਨੀਅਰ ਸੈਕੰਡਰੀ ਸਕੂਲ ਫਗਵਾੜਾ ਵਿਖੇ ਯੂਨੀਅਨ ਦੇ ਸੂਬਾ ਪ੍ਰਧਾਨ ਐਨ ਸੈਣੀ ਦੀ ਅਗਵਾਈ ਵਿੱਚ ਕੀਤੀ ਗਈ । ਇਸ ਮੀਟਿੰਗ ਵਿੱਚ ਯੂਨੀਅਨ ਦੇ ਸੂਬਾ ਪ੍ਰਧਾਨ ਐਨ ਐਨ ਸੈਣੀ ਵੱਲੋਂ ਮੌਜੂਦਾ ਜਥੇਬੰਦੀ ਨੂੰ ਭੰਗ ਕਰਕੇ ਐਡਹਾਕ ਕਮੇਟੀ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ। ਇਸ ਮੌਕੇ ਪੰਜਾਬ ਦੇ ਵੱਖ- ਜਿਲਿਆਂ ਤੋਂ ਆਏ ਜਿਲਾ ਪ੍ਰਧਾਨ, ਜਿਲਾ ਸਕੱਤਰਾਂ ਅਤੇ ਸੂਬਾ ਕਮੇਟੀ ਮੈਂਬਰਾਂ ਵੱਲੋਂ 11 ਮੈਂਬਰੀ ਐਡਹਾਕ ਕਮੇਟੀ ਦਾ ਗਠਨ ਕੀਤਾ ਗਿਆ। ਇਸ ਮੌਕੇ ਸਰਬ ਸੰਮਤੀ ਨਾਲ ਗੁਰਮੀਤ ਸਿੰਘ ਮਦਨੀਪੁਰ ਲੁਧਿਆਣਾ ਨੂੰ ਕਮੇਟੀ ਦਾ ਕਨਵੀਨਰ, ਸ਼ਰਨਜੀਤ ਸਿੰਘ ਕੁਰਾਲੀ ਨੂੰ ਜਨਰਲ ਸਕੱਤਰ, ਹਰਦੀਪ ਸਿੰਘ ਢੀਂਡਸਾ ਨੂੰ ਪ੍ਰੈੱਸ ਸਕੱਤਰ, ਅਸ਼ੋਕ ਵਡੇਰਾ ਨੂੰ ਖਜਾਨਚੀ ਤੇ ਐਬਟ ਮਸੀਹ ਜਲੰਧਰ ਨੂੰ ਉਪ ਕਨਵੀਨਰ ਚੁਣਿਆ ਗਿਆ । ਜਦ ਕਿ ਐਨ ਐਨ ਸੈਣੀ ਅਤੇ ਗੁਰਚਰਨ ਸਿੰਘ ਚਾਹਲ ਨੂੰ ਐਡਹਾਕ ਕਮੇਟੀ ਦਾ ਸਰਪ੍ਰਸਤ, ਰਮੇਸ਼ ਦਸੂਹਾ, ਡਾਕਟਰ ਗੁਰਮੀਤ ਸਿੰਘ ਨਵਾਂਸ਼ਹਿਰ ਅਤੇ ਦਿਲਜੀਤ ਸਿੰਘ ਖਰੜ ਨੂੰ ਜਥੇਬੰਦੀ ਦਾ ਸਲਾਹਕਾਰ ਨਿਯੁਕਤ ਕੀਤਾ ਗਿਆ ਹੈ। ਇਸ ਤੋਂ ਇਲਾਵਾ ਰਣਜੀਤ ਸਿੰਘ ਅਨੰਦਪੁਰ ਸਾਹਿਬ, ਅਸ਼ਵਨੀ ਕੁਮਾਰ ਮਦਾਨ ਪਟਿਆਲਾ, ਪਰਮਜੀਤ ਸਿੰਘ ਗੁਰਦਾਸਪੁਰ, ਚਰਨਜੀਤ ਬਰਨਾਲਾ, ਜਗਜੀਤ ਸਿੰਘ ਗੁਜਰਾਲ ਅੰਮ੍ਰਿਤਸਰ, ਰਵਿੰਦਰਜੀਤ ਪੁਰੀ ਮਲੇਰਕੋਟਲਾ ਤੇ ਸੁਖਇੰਦਰ ਸਿੰਘ ਹੁਸ਼ਿਆਰਪੁਰ ਨੂੰ ਸੂਬਾ ਕਮੇਟੀ ਦਾ ਮੈਂਬਰ ਚੁਣਿਆ ਗਿਆ ਹੈ । ਇਸ ਤੋਂ ਪਹਿਲਾਂ ਮੀਟਿੰਗ ਦੌਰਾਨ ਸੂਬਾ ਪ੍ਰਧਾਨ ਐਨ ਐਨ ਸੈਣੀ ਅਤੇ ਸੂਬਾ ਸਰਪ੍ਰਸਤ ਗੁਰਚਰਨ ਸਿੰਘ ਚਾਹਲ ਨੇ ਜਥੇਬੰਦੀ ਦੀਆਂ ਪ੍ਰਾਪਤੀਆਂ ਤੇ ਇਤਿਹਾਸ ਬਾਰੇ ਜਾਣੂ ਕਰਵਾਇਆ । ਇਹਨਾਂ ਵੱਲੋਂ ਨਵੀਂ ਜਥੇਬੰਦੀ ਨੂੰ ਨਵੀਂ ਜਿੰਮੇਵਾਰੀ ਦੀਆਂ ਮੁਬਾਰਕਾਂ ਦਿੱਤੀਆਂ ਗਈਆਂ । ਇਸ ਮੌਕੇ ਰਜਿੰਦਰ ਸ਼ਰਮਾ ਨਵਾਂ ਸ਼ਹਿਰ, ਯਾਦਵਿੰਦਰ ਕੁਰਾਲੀ, ਕੁਲਵਰਨ ਸਿੰਘ, ਜਗਜੀਤ ਸਿੰਘ ਅੰਮ੍ਰਿਤਸਰ, ਕ੍ਰਿਸ਼ਨ ਕੁਮਾਰ ਫ਼ਰੀਦਕੋਟ, ਰਜਿੰਦਰ ਕਪੂਰਥਲਾ, ਸਰਬਜੀਤ ਸਿੰਘ ਹੁਸ਼ਿਆਰਪੁਰ, ਪਰਵੀਨ ਮੋਗਾ, ਦਲਜੀਤ ਸਿੰਘ ਬੋਲਾ, ਅਸ਼ਵਨੀ ਕੁਮਾਰ ਮਦਾਨ ਨਾਭਾ ਤੋਂ, ਸੁਰਿੰਦਰ ਆਨੰਦਪੁਰ, ਰਣਵੀਰ ਸਿੰਘ ਨੰਗਲ, ਲਖਵੀਰ ਸਿੰਘ ਧੂਰੀ, ਸਰਬਜੀਤ ਸਿੰਘ, ਨਰਿੰਦਰ ਸਿੰਘ ਤਰਨਤਾਰਨ ਪਰਮਜੀਤ ਸਿੰਘ ਲੁਧਿਆਣਾ, ਰਾਜਿੰਦਰ ਕੁਮਾਰ ਲੁਧਿਆਣਾ, ਤੇਜਿੰਦਰਪਾਲ ਸਿੰਘ ਲੁਧਿਆਣਾ ਤੇ ਹਰਜੀਤ ਸਿੰਘ ਲੁਧਿਆਣਾ ਆਦਿ ਹਾਜ਼ਰ ਸਨ ।

# ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਦਾ ਆਯੋਜਨ

**ਹੁਸ਼ਿਆਰਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸ਼ਿਰਕਤ ਕੀਤੀ। ਇਸ ਆਯੋਜਨ ਦਾ ਉਦੇਸ਼ ਮਿਸ਼ਨ ਵਾਤਸਲਿਆ ਯੋਜਨਾ ਤਹਿਤ 0 ਤੋਂ 18 ਸਾਲ ਤੱਕ ਦੇ ਬੇਸਹਾਰਾ ਅਤੇ ਜ਼ਰੂਰਤਮੰਦ ਬੱਚਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸੀ। ਇਸ ਯੋਜਨਾ ਤਹਿਤ 76 ਲਾਭਪਾਤਰੀਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ, ਜਿਸ ਲਈ ਕੁੱਲ 29 ਲੱਖ 40 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ। ਸਮਾਰੋਹ ਦਾ ਆਯੋਜਨ ਜ਼ਿਲ੍ਹਾ ਪ੍ਰੀਸ਼ਦ ਦੇ ਬੀ.ਆਰ.ਜੀ.ਐਫ ਹਾਲ ਵਿਚ ਕੀਤਾ ਗਿਆ, ਜਿਥੇ ਮੇਅਰ ਸੁਰਿੰਦਰ ਕੁਮਾਰ, ਐਸ.ਡੀ.ਐਮ. ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਵੀ ਮੌਜੂਦ ਸਨ।ਲਾਭਪਾਤਰੀਆਂ ਨੂੰ ਚੈਕ ਵੰਡਦੇ ਹੋਏ ਮਾਤਾ-ਪਿਤਾ ਨੂੰ ਬੱਚਿਆਂ ਦੇ ਵਿੱਤੀ ਸਸ਼ਕਤੀਕਰਨ ਲਈ ਮਿਸ਼ਨ ਵਾਤਸਲਿਆ ਯੋਜਨਾ ਤਹਿਤ ਦਿੱਤੀ ਜਾ ਰਹੀ ਸਪਾਂਸਰਸ਼ਿਪ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ।

# ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ



**ਲੁਧਿਆਣਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਡਿਪਟੀ ਕਮਿਸ਼ਨਰ ਸਾਕਸ਼ੀ ਸਾਹਨੀ ਵੱਲੋਂ ਜ਼ਿਲ੍ਹੇ ਵਿੱਚ ਕਈ ਵਿਭਾਗਾਂ ਵੱਲੋਂ ਚਲਾਏ ਜਾ ਰਹੇ ਵੱਖ-ਵੱਖ ਵਿਕਾਸ ਪ੍ਰੋਜੈਕਟਾਂ ਦੀ ਪ੍ਰਗਤੀ ਦੀ ਸਮੀਖਿਆ ਕੀਤੀ ਗਈ।

ਵਿਭਾਗਾਂ ਦੇ ਮੁਖੀਆਂ ਨਾਲ ਸ਼ੁਕਰਵਾਰ ਬੀਤੀ ਸ਼ਾਮ ਨੂੰ ਆਪਣੇ ਦਫਤਰ ਵਿਚ ਮੀਟਿੰਗ ਦੀ ਪ੍ਰਧਾਨਗੀ ਕਰਦਿਆਂ ਡਿਪਟੀ ਕਮਿਸ਼ਨਰ ਸਾਹਨੀ ਵੱਲੋਂ ਜ਼ਿਲ੍ਹੇ ਦੇ ਵੱਖ-ਵੱਖ ਹਿੱਸਿਆਂ ਵਿੱਚ ਪ੍ਰੋਜੈਕਟਾਂ ਦੀ ਭੌਤਿਕ ਅਤੇ ਵਿੱਤੀ ਸਥਿਤੀ ਦਾ ਵਿਆਪਕ ਮੁਲਾਂਕਣ ਕੀਤਾ। ਅਧਿਕਾਰੀਆਂ ਨੇ ਡਿਪਟੀ ਕਮਿਸ਼ਨਰ ਨੂੰ ਮੌਜੂਦਾ ਸਥਿਤੀ, ਚੱਲ ਰਹੇ ਪ੍ਰੋਜੈਕਟਾਂ ਦੀਆਂ ਪ੍ਰਾਪਤੀਆਂ ਅਤੇ ਨਵੇਂ ਬੁਨਿਆਦੀ ਢਾਂਚੇ ਦੇ ਵਿਕਾਸ ਜਿਵੇਂ ਕਿ ਸੜਕਾਂ, ਗਲੀਆਂ, ਲਾਇਬ੍ਰੇਰੀਆਂ, ਆਂਗਣਵਾੜੀ ਕੇਂਦਰਾਂ, ਛੱਪੜਾਂ ਦੀ ਮੁਰੰਮਤ, ਸਟੇਡੀਅਮ ਦੀ ਮੁਰੰਮਤ, ਸੀਵਰੇਜ ਟਰੀਟਮੈਂਟ ਪਲਾਂਟ (ਐਸ.ਟੀ.ਪੀ.), ਸੋਲਰ ਲਾਈਟਾਂ, ਓਪਨ ਜਿੰਮ, ਕਮਿਊਨਿਟੀ ਹਾਲ, ਨਵੇਂ ਡਰੇਨੇਜ ਸਿਸਟਮ ਅਤੇ ਸ਼ਹਿਰ ਅਤੇ ਪਿੰਡਾਂ ਵਿੱਚ ਹੋਰ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀ ਸਥਾਪਨਾ ਬਾਰੇ ਜਾਣਕਾਰੀ ਦਿੱਤੀ।

ਡਿਪਟੀ ਕਮਿਸ਼ਨਰ ਵੱਲੋਂ ਅਧਿਕਾਰੀਆਂ ਨੂੰ ਸਮੇਂ ਸਿਰ ਮੁਕੰਮਲ ਕਰਨ ਨੂੰ ਯਕੀਨੀ ਬਣਾਉਣ ਲਈ ਚੱਲ ਰਹੇ ਕੰਮਾਂ ਦੀ ਪ੍ਰਗਤੀ ਵਿੱਚ ਤੇਜ਼ੀ ਲਿਆਉਣ ਦੀ ਤਾਕੀਦ ਕੀਤੀ ਅਤੇ ਉਨ੍ਹਾਂ ਨੂੰ ਦੇਰੀ ਨੂੰ ਘੱਟ ਕਰਨ ਲਈ ਸਾਰੇ ਉਪਲਬਧ ਸਾਧਨਾਂ ਦੀ ਵਰਤੋਂ ਕਰਨ ਦੇ ਨਿਰਦੇਸ਼ ਦਿੱਤੇ।

# ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਦੇ ਪਿੰਡਾਂ 'ਚ ਪੁੱਜ ਕੇ ਸੁਣੀਆਂ ਜਾ ਰਹੀ ਨੇ ਲੋਕਾਂ ਦੀਆਂ ਸਮੱਸਿਆਵਾਂ, ਮੌਕੇ 'ਤੇ ਅਧਿਕਾਰੀਆਂ ਨੂੰ ਦਿੱਤੇ ਜਾ ਰਹੇ ਨੇ ਨਿਰਦੇਸ਼

➢ ਪਿੰਡ ਵਾਸੀਆਂ ਵੱਲੋਂ ਦੱਸੇ ਕੰਮ ਸਮਾਂਬੱਧ ਤਰੀਕੇ ਨਾਲ ਕੀਤੇ ਜਾਣਗੇ ਮੁਕੰਮਲ ➢ ਪਿੰਡ ਰੋਹਟੀ ਬਸਤਾ ਵਿਖੇ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਪਿੰਡ ਵਾਸੀਆਂ ਨੂੰ ਕੀਤਾ ਸਮਰਪਿਤ ➢ 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਪ੍ਰੋਗਰਾਮ 'ਚ ਲੋਕਾਂ ਵੱਲੋਂ ਕੀਤੀ ਜਾ ਰਹੀ ਹੈ ਭਰਵੀਂ ਸ਼ਮੂਲੀਅਤ

**ਪਟਿਆਲਾ, 28 ਅਗਸਤ**
**-ਅਮਰਜੀਤ ਸਿੰਘ ਲਾਂਬਾ-**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ 'ਤੇ ਸ਼ੁਰੂ ਕੀਤੇ 'ਤੁਹਾਡਾ ਐਮ.ਐਲ.ਏ. ਤੁਹਾਡੇ ਵਿੱਚਕਾਰ' ਪ੍ਰੋਗਰਾਮ ਤਹਿਤ ਪੰਜਾਬ ਦੇ ਸਿਹਤ ਮੰਤਰੀ ਡਾ. ਬਲਬੀਰ ਸਿੰਘ ਵੱਲੋਂ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ 'ਚ ਲੋਕਾਂ ਨਾਲ ਕੀਤੀਆਂ ਜਾ ਰਹੀਆਂ ਮੁਲਾਕਾਤਾਂ ਵਿੱਚ ਵੱਡੀ ਗਿਣਤੀ ਪਿੰਡ ਵਾਸੀਆਂ ਵੱਲੋਂ ਸ਼ਮੂਲੀਅਤ ਕਰਕੇ ਪਿੰਡਾਂ ਦੇ ਸਾਂਝੇ ਮਸਲੇ ਆਪਣੇ ਐਮ.ਐਲ.ਏ ਸਾਹਮਣੇ ਰੱਖੇ ਜਾ ਰਹੇ ਹਨ। ਪਿੰਡ ਵਾਸੀਆਂ ਦੀਆਂ ਮੁਸ਼ਕਲਾਂ ਦਾ ਮੌਕੇ 'ਤੇ ਹੀ ਨਿਪਟਾਰਾ ਕਰਨ ਲਈ ਕੈਬਨਿਟ ਮੰਤਰੀ ਡਾ. ਬਲਬੀਰ ਸਿੰਘ ਨਾਲ ਏ.ਡੀ.ਸੀ. (ਦਿਹਾਤੀ ਵਿਕਾਸ) ਡਾ. ਹਰਜਿੰਦਰ ਸਿੰਘ ਬੇਦੀ, ਐਸ.ਡੀ.ਐਮ. ਰਿਚਾ ਗੋਇਲ, ਸਿਵਲ ਸਰਜਨ ਡਾ. ਜਤਿੰਦਰ ਕਾਂਸਲ ਸਮੇਤ ਹੋਰ ਵਿਭਾਗਾਂ ਦੇ ਅਧਿਕਾਰੀ ਵੀ ਮੌਜੂਦ ਰਹੇ। ਇਸ ਮੌਕੇ ਡਾ. ਬਲਬੀਰ ਸਿੰਘ ਨੇ ਕਿਹਾ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਸੂਬਾ ਸਰਕਾਰ ਪੰਜਾਬ ਦੀਆਂ ਆਉਣ ਵਾਲੀਆਂ ਪੀੜ੍ਹੀਆਂ ਦੇ ਚੰਗੇ ਭਵਿੱਖ ਲਈ ਕੰਮ ਕਰ ਰਹੀ ਹੈ ਇਸੇ ਲਈ ਸਰਕਾਰ ਬਣਨ ਦੇ ਪਹਿਲੇ ਦਿਨ ਤੋਂ ਹੀ ਵਿਕਾਸ ਕਾਰਜ ਅਰੰਭੇ ਗਏ ਹਨ ਜੋ ਲਗਾਤਾਰ ਜਾਰੀ ਹਨ। ਉਨ੍ਹਾਂ ਅੱਜ ਪਿੰਡ ਰੋਹਟਾ, ਰੋਹਟੀ ਮੌੜਾਂ, ਰੋਹਟੀ ਬਸਤਾ, ਇੱਛੇਵਾਲ, ਲਲੋਡਾ, ਰੋਹਟੀ ਛੰਨਾ, ਰੋਹਟੀ ਖਾਸ, ਹਿਆਣਾ ਖੁਰਦ ਅਤੇ ਹਿਆਣਾ ਕਲਾਂ ਪਿੰਡਾਂ ਦਾ ਦੌਰਾ ਕੀਤਾ। ਲੋਕਾਂ ਨੂੰ ਸੰਬੋਧਨ ਕਰਦਿਆਂ ਸਿਹਤ ਮੰਤਰੀ ਕਿਹਾ ਕਿ ਪੰਜਾਬ ਸਰਕਾਰ ਲੋਕਾਂ ਦੇ ਘਰਾਂ ਨੇੜੇ ਜਾ ਕੇ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਪਟਾਰਾ ਕਰਨ ਦੇ ਨਾਲ-ਨਾਲ ਲੋਕਾਂ ਨੂੰ ਪ੍ਰਸ਼ਾਸਨਿਕ ਸੇਵਾਵਾਂ ਵੀ ਪ੍ਰਦਾਨ ਕਰ ਰਹੀ ਹੈ। ਉਨ੍ਹਾਂ ਦੱਸਿਆ ਕਿ ਜਿਹੜੇ ਪਿੰਡਾਂ ਵਿੱਚ ਡਿਸਪੈਂਸਰੀਆਂ ਨਹੀਂ ਹਨ, ਉਥੇ ਹਰੇਕ ਹਫ਼ਤੇ ਅਤਿਆਧੁਨਿਕ ਐਂਬੂਲੈਂਸ ਦੀ ਸਹੂਲਤ ਸ਼ੁਰੂ ਕੀਤੀ ਗਈ ਹੈ ਜਿਥੇ ਪਿੰਡ ਵਾਸੀ ਆਪਣੇ ਟੈਸਟ ਅਤੇ ਦਵਾਈ ਵੀ ਲੈ ਸਕਦੇ ਹਨ। ਡਾ. ਬਲਬੀਰ ਸਿੰਘ ਨੇ ਦੱਸਿਆ ਪਿੰਡਾਂ ਦੇ ਲੋਕਾਂ ਵੱਲੋਂ ਕੀਤੀ ਗਈ ਮੰਗ ਦੇ ਮੁਤਾਬਕ ਉਹ ਆਪਣੇ ਹਲਕੇ ਦੇ ਇਨ੍ਹਾਂ ਪਿੰਡਾਂ ਵਿੱਚ ਹਰੇਕ ਵਿਕਾਸ ਕੰਮ ਕਰਵਾਉਣ ਲਈ ਵਚਨਬੱਧ ਹਨ ਅਤੇ ਪਿੰਡਾਂ ਦੇ ਸਰਵਪੱਖੀ ਵਿਕਾਸ ਲਈ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੇ ਆਦੇਸ਼ਾਂ ਮੁਤਾਬਕ ਫੰਡਾਂ ਦੀ ਕੋਈ ਕਮੀ ਨਹੀਂ ਹੈ। ਇਸ ਮੌਕੇ ਉਨ੍ਹਾਂ ਪਿੰਡ ਰੋਹਟੀ ਬਸਤਾ ਵਿਖੇ ਪੰਚਾਇਤੀ ਰਾਜ ਵਿਭਾਗ ਵੱਲੋਂ ਰਾਊਂਡਗਲਾਸ ਫਾਊਂਡੇਸ਼ਨ ਦੇ ਸਹਿਯੋਗ ਨਾਲ ਬਣਾਏ ਗਏ ਸਾਲਿਡ ਵੇਸਟ ਮੈਨੇਜਮੈਂਟ ਪ੍ਰਾਜੈਕਟ ਪਿੰਡ ਵਾਸੀਆਂ ਨੂੰ ਸਮਰਪਿਤ ਕੀਤਾ। ਉਨ੍ਹਾਂ ਲੋਕਾਂ ਨੂੰ ਸੱਦਾ ਦਿੱਤਾ ਕਿ ਉਹ ਆਪਣੇ ਪਿੰਡਾਂ ਵਿੱਚ ਵੱਧ ਤੋਂ ਵੱਧ ਬੂਟੇ ਲਾਉਣ, ਸਮਸ਼ਾਨਘਾਟ ਇੱਕ ਬਣਾਉਣ ਅਤੇ ਪਿੰਡਾਂ ਵਿੱਚ ਸਾਫ਼-ਸਫ਼ਾਈ ਰੱਖਣ। ਉਨ੍ਹਾਂ ਕਿਹਾ ਕਿ ਪਿੰਡਾਂ ਵਿੱਚ ਠੋਸ ਤੇ ਤਰਲ ਕੂੜੇ ਦੇ ਪ੍ਰਬੰਧਨ ਤੇ ਸਕੂਲਾਂ ਦੀ ਬਿਹਤਰੀ ਲਈ ਹਰ ਤਰ੍ਹਾਂ ਦੇ ਪ੍ਰਬੰਧ ਕੀਤੇ ਜਾਣਗੇ। ਇਸ ਮੌਕੇ ਕਰਨਲ ਜੇ.ਵੀ. ਸਿੰਘ, ਐਡਵੋਕੇਟ ਰਾਹੁਣ ਸੈਣੀ, ਸੁਰੇਸ਼ ਰਾਏ, ਬੀ.ਡੀ.ਪੀ.ਓ. ਬਲਜੀਤ ਸਿੰਘ ਸੋਹੀ, ਜੈ ਸ਼ੰਕਰ ਸ਼ਰਮਾ, ਡੀ.ਡੀ.ਪੀ.ਓ ਵਨੀਤ ਜੋਸ਼ੀ, ਤਹਿਸੀਲਦਾਰ ਸ਼ੀਸ਼ਪਾਲ ਸਿੰਗਲਾ, ਡਾ. ਅਰਸ਼ਦੀਪ ਸਿੰਘ, ਭਰਪੂਰ ਸਿੰਘ, ਤਹਿਸੀਲ ਭਲਾਈ ਅਫ਼ਸਰ ਜਸਵੀਰ ਕੌਰ, ਸੀਮਾ ਸੋਹਲ, ਜਗਦੀਪ ਸਿੰਘ ਧੰਗੇੜਾ, ਹਰਜੀਤ ਸਿੰਘ ਕੈਦੂਪੁਰ, ਮਨਦੀਪ ਹਿਆਣਾ, ਲਖਵਿੰਦਰ ਰੋਹਟਾ, ਹੇਮਰਾਜ ਅਜਨੌਦਾ, ਗੁਰਪ੍ਰੀਤ ਰੋਹਟੀ ਮੌੜਾ, ਮਨਜਿੰਦਰ ਸਿੰਘ, ਅਮਨ ਭੁੱਲਰ, ਸਤਨਾਮ ਸਿੰਘ ਅਤੇ ਪਤਵੰਤੇ ਤੇ ਵੱਖ-ਵੱਖ ਵਿਭਾਗਾਂ ਦੇ ਅਧਿਕਾਰੀ ਤੇ ਕਰਮਚਾਰੀਆਂ ਸਮੇਤ ਪਿੰਡਾਂ ਦੇ ਵਸਨੀਕ ਮੌਜੂਦ ਸਨ।



ਸਿਹਤ ਮੰਤਰੀ ਡਾ. ਬਲਬੀਰ ਸਿੰਘ ਪਟਿਆਲਾ ਦਿਹਾਤੀ ਹਲਕੇ ਦੇ ਪਿੰਡਾਂ ਦਾ ਦੌਰਾ ਕਰਦੇ ਹੋਏ। ਉਨ੍ਹਾਂ ਦੇ ਨਾਲ ਏ.ਡੀ.ਸੀ. ਡਾ. ਹਰਜਿੰਦਰ ਸਿੰਘ ਬੇਦੀ ਤੇ ਐਸ.ਡੀ.ਐਮ. ਰਿਚਾ ਗੋਇਲ ਵੀ ਨਜ਼ਰ ਆ ਰਹੇ ਹਨ।

## ਡੀਪੂ ਹੋਲਡਰਾਂ ਦੀ ਬਕਾਇਆ 103 ਕਰੋੜ ਰਾਸ਼ੀ ਦਾ ਕੀਤਾ ਭੁਗਤਾਨ: ਕਟਾਰੂਚੱਕ



**ਪਠਾਨਕੋਟ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਦੇ ਨਿਵਾਸ ਸਥਾਨ ਤੇ ਜਿਲ੍ਹਾ ਪਠਾਨਕੋਟ ਦੇ ਡੀਪੂ ਹੋਲਡਰਾਂ ਦਾ ਇੱਕ ਸਿਸਟ ਮੰਡਲ ਮਿਲਿਆ, ਡੀਪੂ ਹੋਲਡਰਾਂ ਵੱਲੋਂ ਕੈਬਨਿਟ ਮੰਤਰੀ ਪੰਜਾਬ ਜੀ ਨੂੰ ਫੁੱਲਾਂ ਦੇ ਹਾਰ ਪਾ ਕੇ ਸੁਭਕਾਮਨਾਵਾਂ ਦਿੱਤੀਆਂ ਅਤੇ ਪੰਜਾਬ ਸਰਕਾਰ ਦਾ ਧੰਨਵਾਦ ਕੀਤਾ। ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਰਵਸ੍ਰੀ ਰਾਮਪਾਲ ਮਹਾਜਨ ਪੰਜਾਬ ਪ੍ਰਧਾਨ, ਕਪਿਲ ਸਰਮਾ ਜਰਨਲ ਸਰਕੱਤਰ, ਬਲਜੀਤ ਮਹਾਜਨ, ਪਵਨ ਕੁਮਾਰ, ਸੰਦੀਪ ਸਰਮਾ, ਮੋਹਣ ਲਾਲ, ਅਨਿਲ ਕੁਮਾਰ, ਵਿਜੈ ਕੁਮਾਰ, ਰਵਿੰਦਰ ਕੁਮਾਰ, ਰਾਜੇਸ ਸੇਠੀ ਅਤੇ ਹੋਰ ਡੀਪੂ ਹੋਲਡਰ ਵੀ ਹਾਜਰ ਸਨ। ਇਸ ਮੌਕੇ ਤੇ ਸੰਬੋਧਤ ਕਰਦਿਆਂ ਸ੍ਰੀ ਲਾਲ ਚੰਦ ਕਟਾਰੂਚੱਕ ਕੈਬਨਿਟ ਮੰਤਰੀ ਪੰਜਾਬ ਜੀ ਨੇ ਕਿਹਾ ਕਿ ਪੰਜਾਬ ਅੰਦਰ ਡੀਪੂ ਹੋਲਡਰਾਂ ਦੀਆਂ ਸਮੱਸਿਆਵਾਂ ਸਨ ਅਤੇ ਉਨ੍ਹਾਂ ਦੇ ਧਿਆਨ ਵਿੱਚ ਲਿਆਂਦੀਆਂ ਗਈਆਂ ਸਨ। ਉਨ੍ਹਾਂ ਵੱਲੋਂ ਅਪਣੇ ਅਧਿਕਾਰੀਆਂ ਨਾਲ ਚਰਚਾ ਕਰਕੇ ਡੀਪੂ ਹੋਲਡਰਾਂ ਦੇ ਜੋ ਬਕਾਇਆ ਰਾਸੀ ਸੀ ਉਹ ਸਾਰੀ ਰਾਸੀ 103 ਕਰੋੜ ਰੁਪਏ ਰਲੀਜ ਕਰਵਾਇਆ ਗਿਆ ਹੈ ਜੋ ਸਿੱਧੇ ਤੋਰ ਤੇ ਇਨ੍ਹਾਂ ਖਾਤਿਆਂ ਵਿੱਚ ਚਲਾ ਗਿਆ ਹੈ।

ਉਨ੍ਹਾਂ ਕਿਹਾ ਕਿ ਇੱਕ ਡੀਪੂ ਹੋਲਡਰਾਂ ਦੀ ਮੰਗ ਸੀ ਕਿ ਰਾਸਨ ਦੀ ਵੰਡ ਤੇ ਡੀਪੂ ਹੋਲਡਰਾਂ ਨੂੰ 45 ਪੈਸੇ ਮਿਲਦੇ ਹਨ ਅਤੇ ਇਨ੍ਹਾਂ ਇਸ ਨੂੰ ਵਧਾਉਂਣ ਦੀ ਮੰਗ ਕੀਤੀ ਸੀ। ਸ. ਭਗਵੰਤ ਸਿੰਘ ਮਾਨ ਮੁੱਖ ਮੰਤਰੀ ਪੰਜਾਬ ਜੀ ਦੀ ਯੋਗ ਅਗਵਾਈ ਵਿੱਚ ਇਨ੍ਹਾਂ ਡੀਪੂ ਹੋਲਡਰਾਂ ਦੀ ਰਾਸਨ ਦੀ ਵੰਡ ਤੇ ਦੋਗੁਣਾ ਪੈਸੇ ਮਿਲਣਗੇ ਅਤੇ ਇਹ ਰਾਸੀ ਅਪ੍ਰੈਲ 2024 ਤੋਂ ਦਿੱਤੀ ਜਾਵੇਗੀ। ਉਨ੍ਹਾਂ ਕਿਹਾ ਕਿ ਸਰਕਾਰ ਲੋਕ ਹਿੱਤਾਂ ਨੂੰ ਧਿਆਨ ਵਿੱਚ ਰੱਖ ਕੇ ਵੱਡੇ ਫੈਸਲੇ ਕਰਦੀ ਆ ਰਹੀ ਹੈ ਡੀਪੂ ਹੋਲਡਰਾਂ ਨੂੰ ਭਵਿੱਖ ਵਿੱਚ ਕਿਸੇ ਤਰ੍ਹਾਂ ਦੀ ਪ੍ਰੇਸਾਨੀ ਨਾ ਆਵੇ ਇਸ ਦਾ ਵੀ ਵਿਸੇਸ ਧਿਆਨ ਰੱਖਿਆ ਜਾਵੇਗਾ।

## ਪੀਐਸਪੀਸੀਐਲ ਨੇ ਬਿਜਲੀ ਚੋਰੀ ਦੇ 2,075 ਮਾਮਲੇ ਫੜੇ, 4.64 ਕਰੋੜ ਰੁਪਏ ਦਾ ਲਗਾਇਆ ਜੁਰਮਾਨਾ: ਬਿਜਲੀ ਮੰਤਰੀ ਹਰਭਜਨ ਸਿੰਘ ਈਟੀਓ

**ਚੰਡੀਗੜ੍ਹ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਬਿਜਲੀ ਚੋਰੀ ਵਿਰੁੱਧ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੀ ਜ਼ੀਰੋ ਟਾਲਰੈਂਸ ਨੀਤੀ ਦੇ ਤਹਿਤ ਸ਼ਨੀਵਾਰ ਨੂੰ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ (ਪੀਐਸਪੀਸੀਐਲ) ਦੇ ਪੰਜ ਜ਼ੋਨਾਂ ਅੰਮ੍ਰਿਤਸਰ, ਬਠਿੰਡਾ, ਲੁਧਿਆਣਾ, ਜਲੰਧਰ ਅਤੇ ਪਟਿਆਲਾ ਵਿੱਚ ਵਿਸ਼ੇਸ਼ ਚੈਕਿੰਗ ਮੁਹਿੰਮ ਚਲਾਈ ਗਈ। ਅੱਜ ਇੱਥੇ ਜਾਰੀ ਇੱਕ ਪ੍ਰੈਸ ਬਿਆਨ ਵਿੱਚ ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਬਿਜਲੀ ਮੰਤਰੀ ਹਰਭਜਨ ਸਿੰਘ ਈ.ਟੀ.ਓ ਨੇ ਦੱਸਿਆ ਕਿ ਇਹ ਚੈਕਿੰਗ ਮੁਹਿੰਮ ਪੀਐਸਪੀਸੀਐਲ ਦੇ ਡਿਸਟ੍ਰੀਬਿਊਸ਼ਨ ਅਤੇ ਇਨਫੋਰਸਮੈਂਟ ਵਿੰਗ ਵੱਲੋਂ ਸਾਂਝੇ ਤੌਰ 'ਤੇ ਚਲਾਈ ਗਈ। ਇਸ ਚੈਕਿੰਗ ਦੌਰਾਨ ਪੰਜਾਂ ਜ਼ੋਨਾਂ ਵਿੱਚ ਕੁੱਲ 28,487 ਬਿਜਲੀ ਕੁਨੈਕਸ਼ਨਾਂ ਦੀ ਚੈਕਿੰਗ ਕੀਤੀ ਗਈ। ਇਨ੍ਹਾਂ ਚੈੱਕ ਕੀਤੇ ਗਏ ਕੁਨੈਕਸ਼ਨਾਂ ਵਿੱਚੋਂ ਬਿਜਲੀ ਚੋਰੀ ਦੇ ਕੁੱਲ 2,075 ਕੇਸ ਫੜੇ ਗਏ ਅਤੇ ਸੰਬੰਧਿਤ ਖਪਤਕਾਰਾਂ 'ਤੇ 4.64 ਕਰੋੜ ਰੁਪਏ ਦਾ ਜੁਰਮਾਨਾ ਲਗਾਇਆ ਗਿਆ।

ਜ਼ੋਨ-ਵਾਰ ਵੇਰਵੇ ਦਿੰਦਿਆਂ ਕੈਬਿਨਟ ਮੰਤਰੀ ਨੇ ਦੱਸਿਆ ਕਿ ਅੰਮ੍ਰਿਤਸਰ ਜ਼ੋਨ ਵਿੱਚ ਬਿਜਲੀ ਚੋਰੀ ਦੇ 438 ਮਾਮਲੇ ਸਾਹਮਣੇ ਆਏ ਹਨ ਅਤੇ ਬਿਜਲੀ ਚੋਰੀ ਕਰਨ ਵਾਲੇ ਖਪਤਕਾਰਾਂ ਨੂੰ 1.10 ਕਰੋੜ ਰੁਪਏ ਦਾ ਜੁਰਮਾਨਾ ਕੀਤਾ ਗਿਆ। ਬਠਿੰਡਾ ਜ਼ੋਨ ਵਿੱਚ 527 ਕੇਸ ਫੜੇ ਗਏ ਅਤੇ 1.41 ਕਰੋੜ ਰੁਪਏ ਦਾ ਜ਼ੁਰਮਾਨਾ ਲਗਾਇਆ ਗਿਆ। ਲੁਧਿਆਣਾ ਜ਼ੋਨ ਵਿੱਚ 323 ਕੇਸ ਫੜੇ ਗਏ ਅਤੇ 90 ਲੱਖ ਰੁਪਏ ਦਾ ਜ਼ੁਰਮਾਨਾ ਲਗਾਇਆ ਗਿਆ। ਜਲੰਧਰ ਜ਼ੋਨ ਵਿੱਚ 340 ਕੇਸ ਫੜੇ ਗਏ ਅਤੇ 50 ਲੱਖ ਰੁਪਏ ਦਾ ਜ਼ੁਰਮਾਨਾ ਲਗਾਇਆ ਗਿਆ। ਇਸੇ ਤਰ੍ਹਾਂ ਪਟਿਆਲਾ ਜ਼ੋਨ ਵਿੱਚ 447 ਕੇਸ ਫੜੇ ਗਏ ਅਤੇ ਸਬੰਧਿਤ ਖਪਤਕਾਰਾਂ ਨੂੰ 74 ਲੱਖ ਰੁਪਏ ਦੇ ਜ਼ੁਰਮਾਨੇ ਕੀਤੇ ਗਏ।

ਬਿਜਲੀ ਮੰਤਰੀ ਨੇ ਅੱਗੇ ਕਿਹਾ ਕਿ ਜੁਰਮਾਨਾ ਲਗਾਉਣ ਤੋਂ ਇਲਾਵਾ, ਐਫ.ਆਈ.ਆਰ ਦਰਜ ਕੀਤੀਆਂ ਗਈਆਂ ਹਨ ਅਤੇ ਸਬੰਧਿਤ ਖਪਤਕਾਰਾਂ ਵਿਰੁੱਧ ਕਾਨੂੰਨੀ ਕਾਰਵਾਈ ਸ਼ੁਰੂ ਕਰ ਦਿੱਤੀ ਗਈ ਹੈ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀਆਂ ਵਿਰੁੱਧ ਚਲਾਈ ਜਾ ਰਹੀ ਮੁਹਿੰਮ ਬਿਜਲੀ ਚੋਰੀ ਦੇ ਮਾਮਲਿਆਂ ਨੂੰ ਵੱਧ ਤੋਂ ਵੱਧ ਪੱਧਰ ਤੱਕ ਘਟਾ ਦੇਵੇਗੀ। ਉਨ੍ਹਾਂ ਕਿਹਾ ਕਿ ਬਿਜਲੀ ਚੋਰੀ ਨੂੰ ਰੋਕਣ ਲਈ ਇਹ ਮੁਹਿੰਮ ਸਮੇਂ ਦੀ ਲੋੜ ਹੈ। ਉਨ੍ਹਾਂ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੀਆਂ ਗਲਤੀਆਂ ਨਾ ਕਰਨ।

ਬਿਜਲੀ ਮੰਤਰੀ ਨੇ ਕਿਹਾ ਕਿ ਸਮੂਹਿਕ ਚੈਕਿੰਗ ਮੁਹਿੰਮ ਭਵਿੱਖ ਵਿੱਚ ਵੀ ਜਾਰੀ ਰਹੇਗੀ। ਉਨ੍ਹਾਂ ਸਮੂਹ ਬਿਜਲੀ ਖਪਤਕਾਰਾਂ ਨੂੰ ਅਪੀਲ ਕੀਤੀ ਕਿ ਉਹ ਆਪੋ-ਆਪਣੇ ਖੇਤਰਾਂ ਵਿੱਚ ਅਜਿਹੀਆਂ ਗਤੀਵਿਧੀਆਂ ਬਾਰੇ ਜਾਣਕਾਰੀ ਦੇ ਕੇ ਬਿਜਲੀ ਚੋਰੀ ਨੂੰ ਕਾਬੂ ਕਰਨ ਵਿੱਚ ਬਿਜਲੀ ਵਿਭਾਗ ਦੀ ਮਦਦ ਕਰਨ। ਉਨ੍ਹਾਂ ਹਰੇਕ ਵਿਅਕਤੀ ਨੂੰ ਆਪਣੇ ਬਿਜਲੀ ਕੁਨੈਕਸ਼ਨ ਨਿਯਮਤ ਕਰਨ ਦੀ ਅਪੀਲ ਵੀ ਕੀਤੀ ਤਾਂ ਜੋ ਉਨ੍ਹਾਂ ਨੂੰ ਸਿਸਟਮ ਅਧੀਨ ਲਿਆਂਦਾ ਜਾ ਸਕੇ। ਉਨ੍ਹਾਂ ਪਾਵਰਕੌਮ ਦੇ ਅਧਿਕਾਰੀਆਂ ਦੀ ਬਿਜਲੀ ਚੋਰੀ ਵਿਰੁੱਧ ਮੁਹਿੰਮ ਨੂੰ ਸਫਲਤਾਪੂਰਵਕ ਚਲਾਉਣ ਲਈ ਸ਼ਲਾਘਾ ਕੀਤੀ।

ਇਸ ਦੌਰਾਨ, ਰਾਜ ਦੇ ਆਰਥਿਕ ਵਿਕਾਸ ਅਤੇ ਸਥਿਰਤਾ ਲਈ ਊਰਜਾ ਦੀ ਬਚਤ ਦੀ ਮਹੱਤਤਾ 'ਤੇ ਜ਼ੋਰ ਦਿੰਦੇ ਹੋਏ, ਬਿਜਲੀ ਮੰਤਰੀ ਨੇ ਹਰੇਕ ਯੂਨਿਟ ਦੀ ਬੱਚਤ 'ਤੇ ਜ਼ੋਰ ਦਿੱਤਾ ਅਤੇ ਲੋਕਾਂ ਨੂੰ ਆਪਣੇ ਰੋਜ਼ਾਨਾ ਜੀਵਨ ਵਿੱਚ ਬਿਜਲੀ ਬਚਾਉਣ ਦੀਆਂ ਆਦਤਾਂ ਨੂੰ ਅਪਣਾਉਣ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਸਥਿਰ ਊਰਜਾ ਸਪਲਾਈ ਨੂੰ ਯਕੀਨੀ ਬਣਾਉਣ, ਜੈਵਿਕ ਈਂਧਨ 'ਤੇ ਸਾਡੀ ਨਿਰਭਰਤਾ ਨੂੰ ਘਟਾਉਣ, ਅਤੇ ਜਲਵਾਯੂ ਪਰਿਵਰਤਨ ਦੇ ਪ੍ਰਭਾਵ ਨੂੰ ਘਟਾਉਣ ਲਈ ਬਿਜਲੀ ਦੀ ਸੰਭਾਲ ਮਹੱਤਵਪੂਰਨ ਹੈ।

## ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਦਾ ਆਯੋਜਨ



**ਹੁਸ਼ਿਆਰਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਵਲੋਂ ਆਯੋਜਿਤ ਜ਼ਿਲ੍ਹਾ ਪੱਧਰੀ ਸਪਾਂਸਰਸ਼ਿਪ ਦਿਵਸ ਸਮਾਰੋਹ ਵਿਚ ਮੁੱਖ ਮਹਿਮਾਨ ਵਜੋਂ ਪੰਜਾਬ ਦੇ ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਸ਼ਿਰਕਤ ਕੀਤੀ। ਇਸ ਆਯੋਜਨ ਦਾ ਉਦੇਸ਼ ਮਿਸ਼ਨ ਵਾਤਸਲਿਆ ਯੋਜਨਾ ਤਹਿਤ 0 ਤੋਂ 18 ਸਾਲ ਤੱਕ ਦੇ ਬੇਸਹਾਰਾ ਅਤੇ ਜ਼ਰੂਰਤਮੰਦ ਬੱਚਿਆਂ ਨੂੰ ਵਿੱਤੀ ਸਹਾਇਤਾ ਪ੍ਰਦਾਨ ਕਰਨਾ ਸੀ। ਇਸ ਯੋਜਨਾ ਤਹਿਤ 76 ਲਾਭਪਾਤਰੀਆਂ ਨੂੰ ਪ੍ਰਤੀ ਮਹੀਨਾ 4000 ਰੁਪਏ ਦੀ ਵਿੱਤੀ ਸਹਾਇਤਾ ਪ੍ਰਦਾਨ ਕੀਤੀ ਗਈ, ਜਿਸ ਲਈ ਕੁੱਲ 29 ਲੱਖ 40 ਹਜ਼ਾਰ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ।

ਸਮਾਰੋਹ ਦਾ ਆਯੋਜਨ ਜ਼ਿਲ੍ਹਾ ਪ੍ਰੀਸ਼ਦ ਦੇ ਬੀ.ਆਰ.ਜੀ.ਐਫ ਹਾਲ ਵਿਚ ਕੀਤਾ ਗਿਆ, ਜਿਥੇ ਮੇਅਰ ਸੁਰਿੰਦਰ ਕੁਮਾਰ, ਐਸ.ਡੀ.ਐਮ. ਸੰਜੀਵ ਸ਼ਰਮਾ, ਸੀਨੀਅਰ ਡਿਪਟੀ ਮੇਅਰ ਪ੍ਰਵੀਨ ਸੈਣੀ, ਡਿਪਟੀ ਮੇਅਰ ਰਣਜੀਤ ਚੌਧਰੀ ਅਤੇ ਜ਼ਿਲ੍ਹਾ ਪ੍ਰੋਗਰਾਮ ਅਫ਼ਸਰ ਹਰਦੀਪ ਕੌਰ ਵੀ ਮੌਜੂਦ ਸਨ।

ਕੈਬਨਿਟ ਮੰਤਰੀ ਬ੍ਰਮ ਸ਼ੰਕਰ ਜਿੰਪਾ ਨੇ ਲਾਭਪਾਤਰੀਆਂ ਨੂੰ ਚੈਕ ਵੰਡਦੇ ਹੋਏ ਮਾਤਾ-ਪਿਤਾ ਨੂੰ ਬੱਚਿਆਂ ਦੇ ਵਿੱਤੀ ਸਸ਼ਕਤੀਕਰਨ ਲਈ ਮਿਸ਼ਨ ਵਾਤਸਲਿਆ ਯੋਜਨਾ ਤਹਿਤ ਦਿੱਤੀ ਜਾ ਰਹੀ ਸਪਾਂਸਰਸ਼ਿਪ ਯੋਜਨਾ ਦਾ ਵੱਧ ਤੋਂ ਵੱਧ ਲਾਭ ਉਠਾਉਣ ਲਈ ਪ੍ਰੇਰਿਤ ਕੀਤਾ। ਉਨ੍ਹਾਂ ਇਸ ਯੋਜਨਾ ਦੇ ਮਹੱਤਵ 'ਤੇ ਜ਼ੋਰ ਦਿੰਦੇ ਹੋਏ ਕਿਹਾ ਕਿ ਇਹ ਯੋਜਨਾ ਉਨ੍ਹਾਂ ਬੱਚਿਆਂ ਲਈ ਵਰਦਾਨ ਹੈ, ਜਿਨ੍ਹਾਂ ਦੇ ਮਾਤਾ-ਪਿਤਾ ਆਰਥਿਕ ਜਾਂ ਸਰੀਰਕ ਤੌਰ 'ਤੇ ਸਮਰੱਥ ਨਹੀਂ ਹਨ।

ਇਸ ਮੌਕੇ ਕੈਬਨਿਟ ਮੰਤਰੀ ਨੇ ਹਾਜ਼ਰ ਮਾਤਾ-ਪਿਤਾ ਨੂੰ ਅਪੀਲ ਕੀਤੀ ਕਿ ਉਹ ਜ਼ਿਲ੍ਹਾ ਬਾਲ ਸੁਰੱਖਿਆ ਯੂਨਿਟ ਨਾਲ ਸੰਪਰਕ ਵਿਚ ਰਹਿਣ ਅਤੇ ਬੱਚਿਆਂ ਦੀ ਸੁਰੱਖਿਆ ਯਕੀਨੀ ਬਣਾਉਣ ਲਈ ਚਾਈਲਡ ਹੈਲਪਲਾਈਨ ਨੰਬਰ 1098 ਦੀ ਵੱਧ ਤੋਂ ਵੱਧ ਵਰਤੋਂ ਕਰਨ।

ਜ਼ਿਲ੍ਹਾ ਬਾਲ ਸੁਰੱਖਿਆ ਅਫ਼ਸਰ ਹਰਪ੍ਰੀਤ ਕੌਰ ਨੇ ਜਾਣਕਾਰੀ ਦਿੱਤੀ ਕਿ ਮਿਸ਼ਨ ਵਾਤਸਲਿਆ ਯੋਜਨਾ ਦਾ ਲਾਭ 0 ਤੋਂ 18 ਸਾਲ ਤੱਕ ਦੇ ਦੋ ਬੱਚਿਆਂ ਨੂੰ ਦਿੱਤਾ ਜਾ ਸਕਦਾ ਹੈ। ਇਹ ਯੋਜਨਾ ਵਿਸ਼ੇਸ਼ ਰੂਪ ਵਿਚ ਉਨ੍ਹਾਂ ਪਰਿਵਾਰਾਂ ਦੇ ਲਈ ਬਣਾਈ ਗਈ, ਜੋ ਸਰੀਰਕ ਜਾਂ ਆਰਥਿਕ ਮ ?ਸਕਲਾ ਕਾਰਨ ਆਪਣੇ ਬੱਚਿਆਂ ਦਾ ਪਾਲਣ-ਪੋਸ਼ਣ ਕਰਨ ਵਿਚ ਅਸਮਰੱਥ ਹਨ, ਜਿਵੇਂ ਕਿ ਸਿੰਗਲ ਮਾਪੇ, ਵਿਧਵਾ ਮਹਿਲਾਵਾਂ, ਗੰਭੀਰ ਬੀਮਾਰੀ ਤੋਂ ਪੀੜ੍ਹਤ ਮਾਤਾ-ਪਿਤਾ ਜਾਂ ਜਿਨ੍ਹਾਂ ਦੇ ਮਾਤਾ-ਪਿਤਾ ਜੇਲ੍ਹ ਵਿਚ ਹਨ। ਸਮਾਰੋਹ ਵਿਚ ਬਾਲ ਵਿਕਾਸ ਪ੍ਰੋਜੈਕਟ ਅਫ਼ਸਰ ਦਿਆ ਰਾਣੀ, ਜਸਵਿੰਦਰ ਕੌਰ, ਰਵਿੰਦਰ ਕੌਰ ਅਤੇ ਹੋਰ ਅਧਿਕਾਰੀ ਵੀ ਮੌਜੂਦ ਸਨ।

## ਚੰਡੀਗੜ੍ਹ-ਅੰਬਾਲਾ ਰੇਲਵੇ ਟਰੈਕ ਦੀ ਮੁਰੰਮਤ ਦੇ ਚਲਦਿਆਂ ਢਕੋਲੀ ਫਾਟਕ ਬੰਦ, ਲੋਕ ਖੱਜਲ ਖੁਆਰ

**ਜ਼ੀਰਕਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਰੇਲਵੇ ਵਿਭਾਗ ਵੱਲੋਂ ਬੀਤੀ 21 ਅਗਸਤ ਤੋਂ ਚੰਡੀਗੜ੍ਹ-ਅੰਬਾਲਾ ਰੇਲਵੇ ਟ੍ਰੈਕ 'ਤੇ ਸਲੀਪਰ ਦੀ ਮੁਰੰਮਤ ਕਾਰਨ ਢਕੋਲੀ ਫਾਟਕ ਪੰਜ ਦਿਨਾਂ ਲਈ ਰੋਜ਼ਾਨਾ 12 ਘੰਟੇ ਬੰਦ ਰੱਖ ਮੁਰੰਮਤ ਦਾ ਕੰਮ ਕੀਤਾ ਜਾ ਰਿਹਾ ਹੈ। 21 ਅਗਸਤ ਤੋਂ ਸ਼ੁਰੂ ਹੋਇਆ ਇਹ ਕੰਮ 25 ਅਗਸਤ ਤੱਕ ਜਾਰੀ ਰਹੇਗਾ। ਇਸ ਕਾਰਨ ਸਥਾਨਕ ਵਸਨੀਕਾਂ ਨੂੰ ਖੱਜਲ-ਖੁਆਰੀ ਦਾ ਸਾਹਮਣਾ ਕਰਨਾ ਪੈ ਰਿਹਾ ਅਤੇ ਢਕੋਲੀ ਅਤੇ ਪੀਰਮੁਛੈਲ੍ਹਾ ਖੇਤਰ ਦੇ ਲੋਕਾਂ ਨੂੰ ਘਰਾਂ ਤੋਂ ਦਫਤਰ ਅਤੇ ਮੁੜ ਵਾਪਸ ਆਉਣ ਲਈ ਵੱਡੇ ਟਰੈਫਿਕ ਜਾਮ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਫਾਟਕ ਬੰਦ ਹੋਣ ਕਾਰਨ ਦੋਪਹੀਆ ਵਾਹਨ ਕੱਢਣਾ ਵੀ ਔਖਾ ਹੋ ਰਿਹਾ ਹੈ। ਲੋਕ ਪੈਦਲ ਹੀ ਫਾਟਕ ਪਾਰ ਕਰਨ ਅਤੇ ਆਟੋ ਰਾਹੀ ਆਉਣ-ਜਾਣ ਲਈ ਮਜ਼ਬੂਰ ਹਨ, ਜਦਕਿ ਕਈ ਲੋਕ ਆਪਣੇ ਵਾਹਨ ਫਾਟਕ ਦੇ ਦੂਜੇ ਪਾਸੇ ਰਿਸ਼ਤੇਦਾਰਾ ਅਤੇ ਜਾਣ-ਪਛਾਣ ਵਾਲਿਆ ਦੇ ਘਰਾ ਤਕ ਲੈ ਜਾਦੇ ਹਨ। ਢਕੌਲੀ ਰੇਲਵੇ ਫਾਟਕ ਦੇ ਬੰਦ ਹੋਣ ਕਰਕੇ ਪੂਰਾ ਦਿਨ ਸਾਰਾ ਟ੍ਰੈਫਿਕ ਪੰਚਕੂਲਾ ਰੋਡ 'ਤੇ ਸਥਿਤ ਰੇਲਵੇ ਫਲਾਈ ਓਵਰ ਦੇ ਉਪਰ ਤੋਂ ਘੁੰਮ ਕੇ ਆਉਣ ਜਾਣ ਲੱਗ ਪਿਆ ਹੈ, ਜਿਸ ਕਰਕੇ ਫਲਾਈ ਓਵਰ ਦੇ ਦੋਵੇਂ ਪਾਸੇ ਸਾਰਾ ਦਿਨ ਜਾਮ ਲਗਿਆ ਰਹਿੰਦਾ ਹੈ। ਇਹ ਜਾਮ ਐਮਐਸ ਇਨਕਲੇਵ ਤੋਂ ਲੈ ਕੇ ਪੰਚਕੂਲਾ ਦੇ ਸੈਕਟਰ 12 ਤਕ ਲੱਗ ਜਾਂਦਾ ਹੈ। ਜਿਸ ਕਾਰਨ ਲੋਕਾਂ ਨੂੰ ਦੋ ਤੋਂ ਤਿੰਨ ਘੰਟੇ ਜਾਮ 'ਚ ਫਸੇ ਰਹਿਣਾ ਪੈਂਦਾ ਹੈ। ਅਜਿਹੀ ਸਥਿਤੀ 'ਚ ਜੇਕਰ ਕੋਈ ਐਬੂਲੈਂਸ ਜਾਮ ਵਿਚ ਫਸ ਜਾਵੇ ਤਾਂ ਮਰੀਜ਼ ਦੀ ਹਾਲਤ ਬਾਰੇ ਸੋਚ ਕੇ ਇਨਸਾਨ ਦੇ ਰੋਂਗਟੇ ਖੜ੍ਹੇ ਹੋ ਜਾਣਗੇ। ਇਸ ਜਾਮ ਨੂੰ ਖੁਲਵਾਉਣ ਲਈ ਇੱਥੇ ਕਿਸੇ ਵੀ ਟ੍ਰੈਫਿਕ ਮੁਲਾਜ਼ਮ ਦੀ ਡਿਊਟੀ ਨਹੀ ਲਗਾਈ ਗਈ ਹੈ। ਰੇਲਵੇ ਵਿਭਾਗ ਮੁਤਾਬਕ ਚੰਡੀਗੜ੍ਹ-ਅੰਬਾਲਾ ਰੇਲਵੇ ਟਰੈਕ ਦੀ ਸੁਰੱਖਿਆ ਅਤੇ ਸੁਚਾਰੂ ਕੰਮਕਾਜ ਨੂੰ ਯਕੀਨੀ ਬਣਾਉਣ ਲਈ ਸਲੀਪਰ ਦੀ ਮੁਰੰਮਤ ਜ਼ਰੂਰੀ ਹੈ।

ਢਕੋਲੀ ਫਾਟਕ ਨੂੰ ਬੰਦ ਕਰਨਾ ਮੁਰੰਮਤ ਦੇ ਕੰਮ ਦੌਰਾਨ ਕਿਸੇ ਦੁਰਘਟਨਾ ਜਾਂ ਵਿਘਨ ਤੋਂ ਬਚਣ ਲਈ ਇੱਕ ਸਾਵਧਾਨੀ ਉਪਾਅ ਹੈ। ਹਾਲਾਂਕਿ ਇਸ ਨਾਲ ਆਉਣ-ਜਾਣ ਲਈ ਢਕੋਲੀ ਫਾਟਕ ਦੀ ਵਰਤੋਂ ਕਰਨ ਵਾਲੇ ਲੋਕਾਂ ਨੂੰ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਚੌਥੇ ਦਿਨ ਵੀ ਕਈ ਰਾਹਗੀਰ ਫਾਟਕ ਬੰਦ ਹੋਣ ਤੋਂ ਅਣਜਾਣ ਸਨ ਅਤੇ ਲੋਕਾਂ ਨੇ ਫਾਟਕ ਬੰਦ ਦੇ ਆਪਣੇ ਰੋਜ਼ਾਨਾ ਦੇ ਕੰਮਾਂ 'ਤੇ ਪੈਣ ਵਾਲੇ ਪ੍ਰਭਾਵ ਬਾਰੇ ਵੀ ਚਿੰਤਾਵਾਂ ਪ੍ਰਗਟ ਕੀਤੀਆਂ ਹਨ ਅਤੇ ਟਰੈਫਿਕ ਪੁਲਿਸ ਨੂੰ ਫਾਟਕ ਬੰਦ ਦੇ ਸਮੇਂ ਦੌਰਾਨ ਬਦਲਵੇਂ ਰੂਟ ਜਾਂ ਆਵਾਜਾਈ ਦੇ ਵਿਕਲਪ ਮੁਹੱਈਆ ਕਰਵਾਉਣ ਦੀ ਅਪੀਲ ਕੀਤੀ ਹੈ। ਰੇਲਵੇ ਵਿਭਾਗ ਨੇ ਭਰੋਸਾ ਦਿੱਤਾ ਹੈ ਕਿ ਮੁਰੰਮਤ ਦਾ ਕੰਮ ਜਲਦੀ ਤੋਂ ਜਲਦੀ ਪੂਰਾ ਕਰ ਲਿਆ ਜਾਵੇਗਾ ਅਤੇ ਢਕੋਲੀ ਫਾਟਕ ਨੂੰ ਲੋਕਾਂ ਦੀ ਵਰਤੋਂ ਲਈ ਦੁਬਾਰਾ ਖੋਲ੍ਹ ਦਿੱਤਾ ਜਾਵੇਗਾ।

## ਯੂਨੀਫਾਇਡ ਪੈਨਸ਼ਨ ਸਕੀਮ ਦੇ ਲਾਗੂ ਹੋਣ ਤੇ ਸ਼੍ਰੀ ਨਰਿੰਦਰ ਮੋਦੀ ਸਰਕਾਰ ਦਾ ਕੀਤਾ ਧੰਨਵਾਦ - ਸੰਜੀਵ ਸ਼ਰਮਾ (ਬਿੱਟੂ)

**ਪਟਿਆਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸੰਜੀਵ ਸ਼ਰਮਾ ਬਿੱਟੂ ਪ੍ਰਧਾਨ ਭਾਜਪਾ ਪਟਿਆਲਾ ਅਤੇ ਭਾਰਤੀਯ ਮਜ਼ਦੂਰ ਸੰਘ ਦੇ ਸ੍ਰੀ 1 K singh ਦੁਆਰਾ ਐਨਪੀਐਸ ਉਤੇ ਉਠਾਏ ਗਏ ਮੁੱਦਿਆਂ ਨੂੰ ਸੁਲਝਾਉਣ ਦੇ ਲਈ ਕੇਂਦਰ ਸਰਕਾਰ ਦਾ ਭਾਜਪਾ ਪਟਿਆਲਾ ਅਤੇ ਭਾਰਤੀਯ ਸੰਘ ਦਿਲ ਦੀ ਗਹਿਰਾਈ ਤੋਂ ਸੁਆਗਤ ਕਰਦੀ ਹੈ।

ਇਸ ਤੋਂ ਪਹਿਲਾ 2004 ਵਿਚ ਪੁਰਾਣੀ ਪੈਨਸ਼ਨ ਸਕੀਮ ਕਰਕੇ N.P.S (ਨੈਸ਼ਨਲ ਪੈਨਸ਼ਨ ਸਕੀਮ) ਲਾਗੂ ਕੀਤੀ ਗਈ ਸੀ। ਜਿਸ ਵਿਚ 2004 ਤੋਂ 2014 ਤਕ ਕੋਈ ਵੀ ਤਬਦੀਲੀ ਨਹੀਂ ਕੀਤੀ ਗਈ। BJP ਅਤੇ BMS ਦੇ ਯਤਨਾਂ ਨਾਲ 2014 ਤੋਂ ਮੋਦੀ ਸਰਕਾਰ ਦੇ ਆਉਣ ਤੋ ਬਾਅਦ ਅੱਜ ਤੱਕ ਪੰਜ ਮੁੱਖ ਸੁਧਾਰ ਪਹਿਲਾ ਕੀਤੇ ਜਾ ਚੁੱਕੇ ਹਨ।

1: ਗੌਰਮੈਂਟ ਦਾ ਪੈਨਸ਼ਨ ਫੰਡਾ ਦੇ ਵਿਚ 4% ਦਾ ਵਾਧਾ।

2: ਗਰੈਚੂਟੀ ਨੂੰ ਮੁੜ ਤੋਂ ਲਾਗੂ ਕਰਨਾ।

3: ਕਰਮਚਾਰੀ ਦੀ ਮੌਤ ਤੋਂ ਬਾਅਦ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਂਦੀ ਹੈ।

4: ਪਹਿਲਾ ਕਰਮਚਾਰੀ ਵਿੱਚੋ ਕਿਸੇ ਤਰਾ ਨਿਕਾਸੀ ਦੀ ਸੁਵਿਧਾ ਨਹੀਂ ਸੀ, ਹੁਣ ਸਾਲ ਵਿੱਚ 2 ਬਾਰ ਕਰਮਚਾਰੀ ਆਪਣੇ ਪੈਸੇ ਨਿਕਲਵਾ ਸਕਦਾ ਹੈ।

5: ਸਰਕਾਰੀ ਕਰਮਚਾਰੀ ਫੰਡਸ 60/ 40 ਦੀ ਰੇਸ਼ੋ, ਫੰਡਸ ਦੀ ਵਰਤੋਂ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਜਾਂਦੀ ਸੀ ਹੁਣ ਇਸ ਵਿਚ ਕਰਮਚਾਰੀ ਆਪਣੀ ਮਰਜੀ ਨਾਲ ਫੰਡਸ ਦੀ ਵਰਤੋਂ ਵੀ ਕਰ ਸਕਦਾ ਹੈ। ਕੋਸ਼ਿਤ ਕੀਤੀ ਗਈ ਪੈਨਸ਼ਨ ਯੋਜਨਾ ਪਿਛਲੇ 20 ਸਾਲਾਂ ਤੋਂ ਐਨਪਿਐਸ ਦੇ ਖਿਲਾਫ ਅਤੇ ਪੁਰਾਣੀ ਪੈਨਸ਼ਨ ਯੋਜਨਾ ਦੀ ਬਹਾਲੀ ਅੰਦੋਲਨ ਦੇ ਰੂਪ ਵਿਚ ਭਾਰਤੀਯ ਮਜ਼ਦੂਰ ਸੰਘ ਅਤੇ ਇਸਦੇ ਸਬੰਧ ਰਾਸ਼ਟਰੀਯ ਸਰਕਾਰੀ ਕਰਮਚਾਰੀ ਪ੍ਰੀਸ਼ਦ, ਦੁਆਰਾ ਸਰਕਾਰ ਦੇ ਲਾਗਾਤਾਰ ਦਬਾਅ ਦਾ ਪਰਿਣਾਮ ਸੀ।

1 - ਅਸੀ ਲਗਾਤਾਰ ਮੁੱਖ ਰੂਪ ਤੋਂ, ਪੈਨਸ਼ਨ ਦੇ ਰੂਪ ਵਿਚ ਮੂਲ ਵੇਤਨ 50% ਰੱਖਿਆ ਗਿਆ।

2 - ਨਿਊਨਤਮ ਪੈਨਸ਼ਨ 10,000/- ਰੁਪਏ ਕਰਨੇ।

3 - ਪੈਨਸ਼ਨ ਦੇ ਨਾਲ ਮਹਿੰਗਾਈ ਰਾਹਤ ਵੀ ਜਾਰੀ ਕੀਤਾ।

ਨਿਸ਼ਿਤ ਰੂਪ ਨਾਲ "PS ਮੌਜੂਦਾ ਐਨਪੀਐਸ ਦੀ ਤੁਲਨਾ ਵਿਚ ਇਕ ਬਰਾਬਰ ਵਿਕਲਪ ਹੈ, ਕਿਉਕਿ ਇਸ ਵਿਚ 50% ਨਿਸਚਤ ਪੈਨਸ਼ਨ, ਮਹਿੰਗਾਈ ਰਾਹਤ, ਪਰਿਵਾਰ ਪੈਨਸ਼ਨ, ਵੱਧੀ ਸਰਕਾਰੀ ਪੈਨਸ਼ਨ ਸ਼ਾਮਿਲ ਹੈ। ਸਰਕਾਰ ਦਾ ਅਨਸ਼ਦਾਨ 14% ਤੋਂ ਵਧਾ ਕੇ 18.5% ਕੀਤਾ।

ਇਹ ਵਿਸ਼ੇਸ਼ਤਾਵਾਂ ਇਸ ਪੁਰਾਣੀ ਪੈਨਸ਼ਨ ਯੋਜਨਾ (OPS) ਦੇ ਕਰੀਬ ਬਨਾਦੀ ਹੈ। ਇਸ ਮੌਕੇ ਤੇ RK ਸਿੰਧੀ ,ਸੁਲਤਾਨ ਸਿੰਘ ਬੀਐਮਐਸ ਰ੍ਰਿਸ਼ਵ ਸ਼ਰਮਾ ਮੌਜੂਦ ਰਹੇ।

## ਸ਼੍ਰੀ ਦੁਰਗਾ ਸ਼ਕਤੀ ਮੰਦਿਰ ਵਿੱਚ ਜਨਮ ਅਸ਼ਟਮੀ ਸ਼ਰਧਾ ਤੇ ਉਤਸ਼ਾਹ ਨਾਲ ਮਨਾਈ ਗਈ

**ਮਾਛੀਵਾੜਾ ਸਾਹਿਬ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸ਼ਹਿਰ ਵਿੱਚ ਸ਼੍ਰੀ ਕ੍ਰਿਸ਼ਨ ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ ਤੇ ਸ਼੍ਰੀ ਦੁਰਗਾ ਸ਼ਕਤੀ ਮੰਦਿਰ, ਤ੍ਰਿਵੈਣੀ ਚੌਂਕ ਤੋਂ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਅੱਜ ਸ਼ੋਭਾ ਯਾਤਰਾ ਕੱਢੀ ਗਈ। ਮੰਦਿਰ ਦੇ ਪ੍ਰਧਾਨ ਨੰਦ ਕਿਸ਼ੋਰ ਨੇ ਦੱਸਿਆ ਕਿ ਇਹ ਸ਼ੋਭਾ ਯਾਤਰਾ ਮੰਦਿਰ ਤੋਂ ਸ਼ੁਰੂ ਹੋ ਕੇ ਸ਼ਹਿਰਾਂ ਦੇ ਵੱਖ-ਵੱਖ ਬਜਾਰਾਂ ਵਿੱਚੋਂ ਹੁੰਦੀ ਹੋਈ ਮੰਦਰ ਵਿੱਚ ਆ ਕੇ ਸਮਾਪਤ ਹੋਈ।

ਬਜ਼ਾਰ ਦੇ ਰਸਤਿਆਂ ਵਿੱਚ ਵੱਖ-ਵੱਖ ਧਾਰਮਿਕ ਸੰਸਥਾਵਾਂ ਦੇ ਆਗੂਆਂ ਤੇ ਦੁਕਾਨਦਾਰਾਂ ਭਰਾਵਾਂ ਨੇ ਵੱਖ-ਵੱਖ ਤਰ੍ਹਾਂ ਦੇ ਲੰਗਰ ਲਗਾਏ ਅਤੇ ਭਗਵਾਨ ਸ਼੍ਰੀ ਕ੍ਰਿਸ਼ਨ ਜੀ ਨੂੰ ਨਤਮਸਤਕ ਹੋਏ।

ਮੰਦਿਰ ਦੇ ਪੁਜਾਰੀ ਅਨੁਜ ਸ਼ਾਸਤਰੀ ਨੇ ਦੱਸਿਆ ਕਿ ਸ਼ੋਭਾ ਯਾਤਰਾ ਦੀ ਸ਼ੁਰੂਆਤ ਕਾਂਗਰਸ ਦੇ ਹਲਕਾ ਇੰਚਾਰਜ ਰੁਪਿੰਦਰ ਸਿੰਘ ਰਾਜਾ ਗਿੱਲ, ਕਸਤੂਰੀ ਲਾਲ ਮਿੰਟੂ, ਸ਼ਿਵ ਕੁਮਾਰ ਸ਼ਿਵਲੀ, ਸ਼ਕਤੀ ਆਨੰਦ, ਜਗਜੀਤ ਸਿੰਘ ਪ੍ਰਿਥੀਪੁਰ, ਪਰਮਿੰਦਰ ਤਿਵਾੜੀ, ਵਨੀਤ ਕੁਮਾਰ ਝੜੌਦੀ, ਜਗਤਾਰ ਸਿੰਘ ਜੱਸੋਵਾਲ ਨੇ ਸੰਯੁਕਤ ਰੂਪ ਵਿੱਚ ਰਵਾਨਾ ਕੀਤੀ। ਪ੍ਰਧਾਨ ਨੰਦ ਕਿਸ਼ੋਰ ਨੇ ਦੱਸਿਆ ਕਿ ਕੱਲ੍ਹ 28 ਅਗਸਤ ਨੂੰ ਜਨਮ ਅਸ਼ਟਮੀ ਦੇ ਪਵਿੱਤਰ ਦਿਹਾੜੇ ਤੇ ਸਵੇਰੇ ਪੂਜਾ ਤੇ ਹਵਨ ਯੱਗ ਹੋਵੇਗਾ ਜਦਕਿ ਰਾਤ ਨੂੰ ਭਗਵਾਨ ਸ਼੍ਰੀ ਕ੍ਰਿਸ਼ਨ ਦੀ ਮਹਿਮਾ ਦਾ ਗੁਣਗਾਨ ਕੀਤਾ ਜਾਵੇਗਾ ਦੇਰ ਰਾਤ ਕਰੀਬ 12 ਵਜੇ ਸ਼੍ਰੀ ਕ੍ਰਿਸ਼ਨ ਜਨਮ ਵੇਲੇ ਆਰਤੀ ਹੋਵੇਗੀ ਤੇ ਰਾਤ ਨੂੰ ਹੀ ਕੇਕ ਕੱਟਿਆ ਜਾਵੇਗਾ ਜੋ ਕਿ ਪ੍ਰਸ਼ਾਦ ਦੇ ਰੂਪ ਵਿੱਚ ਸਾਰੀ ਸੰਗਤ ਵਿੱਚ ਵੰਡਿਆ ਜਾਵੇਗਾ। ਇਸੇ ਰਾਤ ਨੂੰ ਹਰ ਸਾਲ ਦੀ ਤਰ੍ਹਾਂ ਇਸ ਵਾਰ ਵੀ ਮੱਖਣ ਨਾਲ ਭਰੀ ਮੱਟਕੀ ਵੀ ਤੋੜੀ ਜਾਵੇਗੀ। ਇਸ ਮੌਕੇ ਸ਼ੋਭਾ ਯਾਤਰਾ ਵਿੱਚ ਪ੍ਰਧਾਨ ਨੰਦ ਕਿਸ਼ੋਰ ਤੋਂ ਇਲਾਵਾ ਜਨਕ ਰਾਜ, ਨਾਗਪਾਲ, ਸ਼ਿਵਚਰਨ ਸ਼ਰਮਾ, ਵਿੱਕੀ ਕਪੂਰ, ਉਮੇਸ ਸੂਈ, ਖੁਸਕਰਨ, ਵਿੱਕੀ, ਰਾਜਿੰਦਰ ਵਰਮਾ, ਅਸ਼ਵਨੀ ਕੁਮਾਰ ਸ਼ਰਮਾ, ਅੰਕਿਤ ਸੇਠੀ, ਸੰਨੀ ਉਹਰੀ, ਸੋਨੂੰ ਸੇਠੀ, ਅਸ਼ਵਨੀ ਭਾਰਦਵਾਜ, ਪ੍ਰੇਮ ਚੰਦ ਅਗਰਵਾਲ, ਰਾਜ ਕੁਮਾਰ ਵਰਮਾ, ਸੋਨੂੰ ਵਰਮਾ, ਮਹਿੰਦਰਪਾਲ ਜੈਨ, ਦੀਪਕ ਸ਼ਰਮਾ, ਸੋਨੂੰ ਸ਼ਰਮਾ, ਉਮੈਸ਼ ਕੁਮਾਰ, ਹੰਸ ਰਾਜ ਕਾਲੜਾ, ਹੈਪੀ ਕਾਲੜਾ, ਰਾਜਨ ਕੁਮਾਰ ਉਧੋਵਾਲ, ਮੰਗਤ ਰਾਏ ਬੱਤਰਾ, ਜੋਗਿੰਦਰ ਪਾਲ, ਅੰਮ੍ਰਿਤਪਾਲ ਸਮਰਾਲਾ, ਹਰਬੰਸ ਲਾਲ, ਦੇਵੀ ਦਿਆਲ ਵਰਮਾ, ਜਗਦੀਸ ਚਾਨਣਾ, ਸੁਭਾਸ਼ ਬਿਟਨ, ਸਾਬਕਾ ਕੌਂਸ਼ਲਰ ਮਨਜੀਤ ਕੁਮਾਰੀ ਗਊਸ਼ਾਲਾ ਦੇ ਪ੍ਰਧਾਨ ਸੁਰਿੰਦਰ ਬਾਸ਼ਲ ਤੇ ਸੁਸ਼ੀਲ ਲੂਥੜਾ, ਨਿਤਿਸ਼ ਕੁੰਦਰਾ, ਨਿਤਿਨ ਕੁਮਾਰ ਆਦਿ ਵੀ ਮੌਜੂਦ ਸਨ।

## ਹਰਿਆਣਾ ਵਿਧਾਨ ਸਭਾ ਚੋਣਾਂ ਦੇ ਚਲਦਿਆਂ ਹਲਕਾ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਦਾ ਪ੍ਰੁੱਜਣ ਤੇ 'ਆਪ' ਵਰਕਰਾਂ ਨੇ ਕੀਤਾ ਨਿੱਘਾ ਸਵਾਗਤ

**ਡੇਰਾ ਬਸੀ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਹਰਿਆਣਾ ਵਿਧਾਨ ਸਭਾ ਚੋਣਾਂ ਤੋਂ ਪਹਿਲਾਂ ਜਦੋਂ ਆਮ ਆਦਮੀ ਪਾਰਟੀ ਦੇ ਡੇਰਾਬੱਸੀ ਦੇ ਵਿਧਾਇਕ ਕੁਲਜੀਤ ਸਿੰਘ ਰੰਧਾਵਾ ਜੀਂਦ ਜ਼ਿਲ੍ਹੇ ਦੇ ਹਲਕਾ ਸਫੇਦੋਂ ਵਿਖੇ ਪਾਰਟੀ ਦਫ਼ਤਰ ਪੁੱਜੇ ਤਾਂ ਉਨ੍ਹਾਂ ਦਾ ਪੂਰੇ ਉਤਸ਼ਾਹ ਅਤੇ ਉਤਸ਼ਾਹ ਨਾਲ ਸਵਾਗਤ ਕੀਤਾ ਗਿਆ।

ਵਰਕਰਾਂ ਨੇ ਵਿਧਾਇਕ ਰੰਧਾਵਾ ਦਾ ਸਮਰਥਨ ਅਤੇ ਧੰਨਵਾਦ ਕੀਤਾ, ਜੋ ਲੋਕਾਂ ਦੀ ਭਲਾਈ ਲਈ ਸਰਗਰਮੀ ਨਾਲ ਕੰਮ ਕਰ ਰਹੇ ਹਨ। ਆਪਣੇ ਦੌਰੇ ਦੌਰਾਨ ਵਿਧਾਇਕ ਰੰਧਾਵਾ ਨੇ ਸਫੈਦੋਂ ਦੇ ਪਿੰਡ ਨਿਮਾਨਾਬਾਦ ਦੇ ਸਾਬਕਾ ਸਰਪੰਚ ਨਰਿੰਦਰਪਾਲ ਸਿੰਘ ਅਤੇ ਆਗਾਮੀ ਵਿਧਾਨ ਸਭਾ ਚੋਣਾਂ ਲਈ ਟਿਕਟ ਦੀ ਮੰਗ ਕਰ ਰਹੇ ਰਾਜੂ ਪਵਾਰ ਪਾਇਲਟ ਨਾਲ ਮੁਲਾਕਾਤ ਕੀਤੀ.

ਇਸ ਦੌਰਾਨ ਅਸੰਦ ਹਲਕੇ ਦੇ ਪ੍ਰਸਿੱਧ ਕਥਾਵਾਚਕ ਪਿੰਦਰਪਾਲ ਸਿੰਘ ਨੂੰ ਵੀ ਮਿਲੇ ਤੇ ਰੰਧਾਵਾ ਨੇ ਪਿੰਡ ਰੱਟਾਕ ਦੇ ਸਾਬਕਾ ਸਰਪੰਚ ਗੁਰਲਾਲ ਸਿੰਘ, ਅਤੇ ਸਾਲਵਾਨ ਵਿੱਖੇ ਬ੍ਰਹਮਣ ਸਭਾ ਨਾਲ਼ ਮੀਟਿੰਗ ਦੌਰਾਨ ਹਰਿਆਣਾ ਬ੍ਰਾਹਮਣ ਸਭਾ ਦੇ ਪ੍ਰਧਾਨ ਰਾਮਪਾਲ, ਖਾਟੂ ਸ਼ਿਆਮ ਮਹਾਂਸਭਾ ਅਸੰਦ ਦੇ ਪ੍ਰਧਾਨ ਸੀਤਾ ਰਾਮ ਅਤੇ ਅਮਨਦੀਪ ਸਿੰਘ ਜੁੰਡਲਾ ਸਮੇਤ ਪਾਰਟੀ ਵਰਕਰਾਂ ਨਾਲ ਮੀਟਿੰਗ ਕਰਨ ਉਪਰੰਤ ਪਿੰਡ ਸੇਖਪੁਰਾ ਵਿਖੇ ਨੁਕੱੜ ਮੀਟਿੰਗ ਕਰਕੇ ਉਨ੍ਹਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਇਲਾਕੇ ਵਿੱਚ ਪਾਰਟੀ ਦੀ ਹੋਂਦ ਨੂੰ ਹੋਰ ਮਜ਼ਬੂਤ ਕਰਨ ਲਈ ਰਣਨੀਤੀ ਉਲੀਕ ਕੇ ਚਰਚਾ ਕੀਤੀ।

ਵਿਧਾਇਕ ਨੇ ਪਾਰਟੀ ਵਰਕਰਾਂ ਨਾਲ ਵੀ ਗੱਲਬਾਤ ਕੀਤੀ ਅਤੇ ਉਨ੍ਹਾਂ ਨੂੰ ਪਾਰਟੀ ਦੇ ਟੀਚਿਆਂ ਪ੍ਰਤੀ ਆਪਣੀ ਮਿਹਨਤ ਅਤੇ ਲਗਨ ਨੂੰ ਜਾਰੀ ਰੱਖਣ ਲਈ ਪ੍ਰੇਰਿਤ ਕੀਤਾ। ਵਿਧਾਇਕ ਰੰਧਾਵਾ ਨੇ ਕਿਹਾ ਕਿ ਉਨ੍ਹਾਂ ਦਾ ਨਿੱਘਾ ਸੁਆਗਤ, ਆਮ ਆਦਮੀ ਪਾਰਟੀ ਦੀ ਲੋਕਪ੍ਰਿਅਤਾ ਅਤੇ ਲੋਕਾਂ ਵੱਲੋਂ ਮਿਲ ਰਿਹਾ ਭਰੋਸਾ ਇਸ ਗੱਲ ਦਾ ਸਬੂਤ ਹੈ ਕਿ ਹਰਿਆਣਾ ਦੇ ਲੋਕ ਬਦਲਾਅ ਲਈ ਆਪਣਾ ਮਨ ਬਣਾ ਚੁੱਕੇ ਹਨ। ਉਨ੍ਹਾਂ ਕਿਹਾ ਕਿ ਜਿਵੇਂ-ਜਿਵੇਂ ਵਿਧਾਨ ਸਭਾ ਚੋਣਾਂ ਨੇੜੇ ਆ ਰਹੀਆਂ ਹਨ, ਆਮ ਆਦਮੀ ਪਾਰਟੀ ਨੂੰ ਭਰੋਸਾ ਹੈ ਕਿ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਅਤੇ ਪਾਰਟੀ ਦੇ ਹੋਰ ਪ੍ਰਮੁੱਖ ਆਗੂਆਂ ਦੀ ਅਗਵਾਈ ਅਤੇ ਪਾਰਟੀ ਵਰਕਰਾਂ ਦੇ ਸਹਿਯੋਗ ਨਾਲ ਪਾਰਟੀ ਨੂੰ ਸਾਰਥਕ ਨਤੀਜੇ ਮਿਲਣਗੇ। ਇਸ ਮੌਕੇ ਵਿਧਾਇਕ ਰੰਧਾਵਾ ਨੇ ਹਰਿਆਣਾ ਵਿਧਾਨ ਸਭਾ ਚੋਣਾਂ ਨੂੰ ਲੈ ਕੇ ਭਾਜਪਾ ਨੂੰ ਵੀ ਆੜੇ ਹੱਥੀਂ ਲਿਆ। ਹਰਿਆਣਾ 'ਚ ਚੋਣਾਂ ਮੁਲਤਵੀ ਕਰਨ ਦੇ ਮੁੱਦੇ 'ਤੇ ਉਨ੍ਹਾਂ ਕਿਹਾ ਕਿ ਭਾਜਪਾ ਆਪਣੀ ਹਾਰ ਦੇਖ ਕੇ ਡਰ ਗਈ ਹੈ ਅਤੇ ਚੋਣਾਂ ਤੋਂ ਪਿੱਛੇ ਹਟਣ ਦੀ ਕੋਸ਼ਿਸ਼ ਕਰ ਰਹੀ ਹੈ। ਉਨ੍ਹਾਂ ਅੱਗੇ ਕਿਹਾ, ਜ਼ਮੀਨ ਦੀ ਹਾਲਤ ਦੱਸ ਰਹੀ ਹੈ ਕਿ ਹੁਣ ਖਾਤੇ ਖਰਾਬ ਹੋ ਗਏ ਹਨ ਅਤੇ ਹਰਿਆਣਾ ਵਿਚ ਕੋਈ ਸੰਭਾਵਨਾ ਨਹੀਂ ਬਚੀ ਹੈ। ਭਾਰਤੀ ਲੋਕ ਆਪਣੀ ਹਾਰ ਨੂੰ ਦੇਖ ਕੇ ਡਰ ਗਏ ਹਨ, ਇਸੇ ਲਈ ਹੁਣ ਉਹ ਚੋਣਾਂ ਤੋਂ ਭੱਜਣ ਦੀ ਕੋਸ਼ਿਸ਼ ਕਰ ਰਹੇ ਹਨ। ਇਸੇ ਲਈ ਭਾਜਪਾ ਨੇ ਵਿਧਾਨ ਸਭਾ ਚੋਣਾਂ ਮੁਲਤਵੀ ਕਰਨ ਲਈ ਚੋਣ ਕਮਿਸ਼ਨ ਨੂੰ ਪੱਤਰ ਲਿਖਿਆ ਹੈ।

## 33 ਫੁੱਟਾ ਰੋਡ ਤੇ ਪੈਂਦੇ ਨਿਊ ਗੁਰੂ ਨਾਨਕ ਨਗਰ ਵਿਖੇ ਗਲੀਆਂ ਨੂੰ ਬਣਾਉਣ ਦੇ ਕੰਮਾਂ ਦਾ ਉਦਘਾਟਨ



**ਸਾਹਨੇਵਾਲ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਲਕਾ ਸਾਹਨੇਵਾਲ ਦੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਵੱਲੋਂ 33 ਫੁੱਟਾ ਰੋਡ 'ਤੇ ਪੈਂਦੇ ਨਿਊ ਗੁਰੂ ਨਾਨਕ ਨਗਰ ਵਿਖੇ ਗਲੀਆਂ ਨੂੰ ਬਣਾਉਣ ਦੇ ਕੰਮਾਂ ਦਾ ਉਦਘਾਟਨ ਕੀਤਾ ਗਿਆ। ਇਸ ਦੌਰਾਨ ਵਿਧਾਇਕ ਮੁੰਡੀਆਂ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਸੂਬੇ 'ਚ ਰਹਿੰਦੇ ਅਧੂਰੇ ਕੰਮਾਂ ਨੂੰ ਕਰਵਾਉਣ ਲਈ ਵਚਨਬੱਧ ਹਨ, ਇਸੇ ਕਰਕੇ ਉਨ੍ਹਾਂ ਸਾਹਮਣੇ ਵਿਕਾਸ ਕਾਰਜਾਂ ਨੂੰ ਕਰਵਾਉਣ ਲਈ ਜੋ ਮੰਗਾਂ ਰੱਖੀਆਂ ਜਾਂਦੀਆਂ ਹਨ, ਉਹ ਉਨ੍ਹਾਂ ਮੰਗਾਂ ਦੀ ਪੂਰਤੀ ਲਈ ਸਾਡੀ ਬੇਨਤੀ ਨੂੰ ਕਬੂਲ ਕਰਦੇ ਹਨ। ਉਨ੍ਹਾਂ ਕਿਹਾ ਕਿ ਇਸ ਨਗਰ ਦੀਆਂ ਗਲੀਆਂ ਕੱਚੀਆਂ ਹੋਣ ਕਾਰਨ ਕਾਫ਼ੀ ਲੰਮੇ ਸਮੇਂ ਤੋਂ ਨਗਰ ਨਿਵਾਸੀ ਪ੍ਰੇਸ਼ਾਨੀ ਦਾ ਸਾਹਮਣਾ ਕਰ ਰਹੇ ਸਨ। ਜੋ ਕਾਰਜ ਸ਼ੁਰੂ ਹੋਣ ਲੱਗਿਆ ਹੈ ਇਸ ਨਾਲ ਨਗਰ ਨਿਵਾਸੀਆਂ ਨੂੰ ਰਾਹਤ ਮਿਲੇਗੀ। ਇਸ ਦੌਰਾਨ ਸੀਨੀਅਰ ਆਗੂ ਸਰਬਜੀਤ ਸਿੰਘ ਸੈਣੀ ਨੇ ਦੱਸਿਆ ਕਿ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਅਤੇ ਵਿਧਾਇਕ ਹਰਦੀਪ ਸਿੰਘ ਮੁੰਡੀਆਂ ਰੰਗਲਾ ਪੰਜਾਬ ਬਣਾਉਣ ਦੇ ਮਨੋਰਥ ਨਾਲ ਲਗਾਤਾਰ ਕੰਮ ਕਰ ਰਹੇ ਹਨ। ਇਸ ਲਈ ਅੱਜ ਮੁਹੱਲੇ ਦੀਆਂ ਕੁੱਲ 7 ਗਲੀਆਂ ਦਾ ਨਿਰਮਾਣ ਕਾਰਜ ਸ਼ੁਰੂ ਹੋ ਚੁੱਕਿਆ ਹੈ। ਇਸ ਮੌਕੇ ਤਜਿੰਦਰ ਸਿੰਘ ਮੁੰਡੀ, ਬਿੱਟੂ ਮੁੰਡੀਆਂ, ਅਰਵਿੰਦਰ ਜੌਲੀ, ਬਲਵੀਰ ਸਿੰਘ ਸੈਣੀ, ਰੋਸ਼ਨ ਲਾਲ ਵਰਮਾ, ਰਾਜੇਸ਼ ਧੀਮਾਨ, ਅਮਿਤ ਯਾਦਵ, ਪ੍ਰਭਾਕਰ, ਅਨਿਲ ਕੌਸ਼ਲ, ਰਾਜਾ, ਸਰਬਜੀਤ ਮਠਾੜੂ, ਸੁੱਖਾ ਰੰਧਾਵਾ, ਸੁਭਾਸ਼ ਚੌਧਰੀ ਅਤੇ ਹੋਰ ਹਾਜਰ ਸਨ।

## ਮੇਲਾ ਗੁੱਗਾ ਮੇੜੀ ਵਿਖੇ ਨੌਮੀ ਉਤਸਵ ਦੀਆਂ ਤਿਆਰੀਆਂ ਮੁਕੰਮਲ -ਨਾਗਪਾਲ

**ਨਾਭਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸਥਾਨਕ ਵਾਰਡ ਨੰਬਰ 23, ਦੇ ਪੈਂਦੇ ਪ੍ਰਸਿੱਧ ਪ੍ਰਾਚੀਨ ਸ੍ਰੀ ਗੁੱਗਾ ਮੇੜੀ ਦੁਲੱਦੀ ਗੇਟ ਵਿਖੇ ਨੌਮੀ ਉਤਸਵ ਮਨਾਉਣ ਲਈ ਤਿਆਰੀਆਂ ਮੁਕੰਮਲ ਕਰ ਲਈਆ ਗਈਆਂ ਹਨ ਇਸ ਸਬੰਧੀ ਸਮਾਜ ਸੇਵੀ ਦੀਪਕ ਨਾਗਪਾਲ ਪਤੀ ਕੋਸਲਰ ਰੋਜ਼ੀ ਨਾਗਪਾਲ ਨੇ ਦੱਸਿਆ ਕਿ ਇੱਥੇ ਹਰ ਸਾਲ ਦੀ ਤਰਾਂ ਲੱਖਾਂ ਸ਼ਰਧਾਲੂਆਂ ਵੱਲੋਂ ਮੱਥਾ ਟੇਕਿਆ ਜਾਂਦਾ ਹੈ ਗੁੱਗਾ ਮੇੜੀ ਕਮੇਟੀ ਰਜਿਸਟਰ ਵੱਲੋਂ ਲਾਈਟਾਂ ਨਾਲ ਸਜਾਵਟ ਟੈਂਟ ਆਦਿ ਸੀਸੀ ਟੀਵੀ ਕੈਮਰਾ ਲਗਾ ਕੇ ਪਾਣੀ ਅਤੇ ਲੰਗਰ ਦੀਆਂ ਵਰਗੀਆਂ ਵਿਵਸਥਾ ਦਾ ਪੂਰੀਆਂ ਤਿਆਰੀਆਂ ਕਰ ਲਈਆਂ ਗਈਆਂ ਹਨ ਜਿਸ ਮੌਕੇ ਤੇ ਗੁੱਗਾ ਮੇੜੀ ਕਮੇਟੀ ਦਾ ਪ੍ਰਧਾਨ ਦੀਪਕ ਨਾਗਪਾਲ ਨੂੰ ਬਣਾਇਆ ਗਿਆ ਹੈ ਜਿਸ ਦੀ ਕਮਾਨ ਹੇਠ ਭਗਤ ਸੁੱਖਾ ਰਾਮ, ਜੀਵਨ ਪ੍ਰਕਾਸ਼, ਜੈ ਕ੍ਰਿਸ਼ਨ ਗਰਗ, ਓਮ ਪ੍ਰਕਾਸ਼ ਠੇਕੇਦਾਰ, ਕੇਵਲ ਕ੍ਰਿਸ਼ਨ ਕੁਕੀ ਜੀ, ਹਰੀ ਸੇਠ ਸਾਬਕਾ ਪ੍ਰਧਾਨ ਨਗਰ ਕੌਂਸਲ ਨਾਭਾ, ਮਨਦੀਪ ਸਿੰਘ, ਰਵਿੰਦਰ ਕੁਮਾਰ ਕਾਕਾ, ਸੰਦੀਪ ਬਾਲੀ ਆਦਿ ਸਮੂਹ ਮੈਂਬਰ ਹਾਜ਼ਰ ਸਨ।

# ਬੱਚੇ ਆਪਣੇ ਸਰੀਰ ਦੀ ਹੱਡੀ ਖਿਸਕਾ ਦਿੰਦੇ ਹਨ ਇੱਧਰ ਤੋਂ ਉਧਰ

ਸਾਡੇ ਪੈਰ ਵਿਚ ਜ਼ਰਾ ਵੀ ਮੋਚ ਕੀ ਆ ਜਾਂਦੀ ਹੈ, ਸਾਡੇ ਪ੍ਰੇਸ਼ਾਨੀ ਵੱਧ ਜਾਂਦੀ ਹੈ ਪਰ ਇਸ ਦੁਨੀਆਂ ਵਿਚ ਅਜਿਹੇ ਵੀ ਲੋਕ ਹਨ ਜੋ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਦੇ ਨਾਲ ਖਿਲਵਾੜ ਕਰਦੇ ਹਨ। ਇਹਨਾਂ ਦੇ ਲਈ ਹੱਡੀਆਂ ਨੂੰ ਇੱਧਰ ਤੋਂ ਉਧਰ ਖਿਸਕਾਉਣਾ ਖੱਬੇ ਹੱਥ ਦੀ ਖੇਡ ਹੈ। ਹੈਰਾਨੀ ਤਾਂ ਉਦੋਂ ਹੁੰਦੀ ਹੈ ਜਦੋਂ ਉਹ ਵਾਪਸ ਉਸ ਹੱਡੀ ਨੂੰ ਆਪਣੀ ਜਗ੍ਹਾ ਫਿੱਟ ਕਰ ਦਿੰਦੇ ਹਨ। ਇਹ ਅਜਬ-ਗਜਬ ਕਾਰਨਾਮਾ ਕਰਨ ਵਾਲੇ ਚੀਨੀ ਸਕੂਲ ਦੇ ਬੱਚੇ ਹਨ। ਚੀਨ ਦੀ ਸ਼ਾਓਲਿਨ ਮੋਨੈਸਟ੍ਰੀ ਪੂਰੀ ਦੁਨੀਆਂ ਲਈ ਪ੍ਰਸਿੱਧ ਹੈ। ਇੱਥੇ 1500 ਸਾਲ ਪਹਿਲਾਂ ਬਣਿਆ ਬੁੱਧ ਮੰਦਰ ਹੈ। ਇਸ ਤੋਂ ਇਲਾਵਾ ਬੁੱਧ ਧਰਮ ਦੀ ਪੜ੍ਹਾਈ ਦੇ ਲਈ ਇਹ ਦੁਨੀਆਂ ਦਾ ਸੈਂਟਰ



ਕਹਾਉਂਦਾ ਹੈ। ਇੱਥੋਂ ਦੇ ਬੱਚੇ ਬੁੱਧ ਧਰਮ ਦਾ ਗਿਆਨ ਤਾਂ ਲੈਂਦੇ ਹੀ ਹਨ, ਨਾਲ ਹੀ ਆਪਣੇ ਸਰੀਰ ਤੇ ਕੰਟਰੋਲ ਕਰਨ ਲਈ ਗਰ ਵੀ ਸਿੱਖਦੇ ਹਨ। ਹਾਲ ਹੀ ਵਿਚ ਇਸ ਮੋਨੈਸਟ੍ਰੀ ਦੇ ਦੋ ਬੱਚਿਆਂ ਦਾ ਹੈਰਾਨੀਜਨਕ ਕਾਰਨਾਮਾ ਕੈਮਰੇ ਵਿਚ ਰਿਕਾਰਡ ਹੋ ਗਿਆ। ਇਹ ਬੱਚੇ ਆਪਣੇ ਸਰੀਰ ਦੇ ਅੰਦਰਲੇ ਅੰਗਾਂ ਨੂੰ ਇੱਧਰ-ਉਧਰ ਮੋੜ ਲੈਂਦੇ ਹਨ। ਵੀਡੀਓ ਵਿਚ ਤੁਸੀਂ ਦੇਖੋਗੇ ਕਿ ਇਕ ਬੱਚਾ ਪੇਟ ਦੇ ਅੰਦਰੂਨੀ ਹਿੱਸੇ ਨੂੰ ਪੂਰੀ ਤਰ੍ਹਾਂ ਘੁੰਮਾ ਦਿੰਦਾ ਹੈ। ਜਿਸਨੂੰ ਦੇਖਣ ਤੋਂ ਬਾਅਦ ਹਰ ਕੋਈ ਹੈਰਾਨ ਰਹਿ ਜਾਂਦਾ ਹੈ। ਦੂਜਾ ਲੜਕਾ ਆਪਣੇ ਮੋਢਿਆਂ ਦੀਆਂ ਹੱਡੀਆਂ ਨੂੰ ਗੋਲ-ਗੋਲ ਘੁੰਮਾ ਦਿੰਦਾ ਹੈ। ਇਹਨਾਂ ਬੱਚਿਆਂ ਨੂੰ ਸਰੀਰ 'ਤੇ ਕੰਟਰੋਲ ਕਰਨ ਦੀ ਟਰੇਨਿੰਗ ਦਿੱਤੀ ਜਾਂਦੀ ਹੈ। ਇਸ ਤੋਂ ਇਲਾਵਾ ਇਹਨਾਂ ਨੂੰ ਕੁੰਗ-ਫੂ ਵੀ ਸਿਖਾਇਆ ਜਾਂਦਾ ਹੈ।

# ਦੁਨੀਆਂ ਦਾ ਸਭ ਤੋਂ ਉਚਾ 105 ਮੰਜ਼ਿਲਾ ਹੋਟਲ

ਇਹ ਹੋਟਲ ਕਰੀਬ 30 ਸਾਲ ਵਿਚ ਪੂਰਾ ਹੋਇਆ ਹੈ। 1987 ਵਿਚ ਇਸ ਹੋਟਲ ਦਾ ਨਿਰਮਾਣ ਆਰੰਭ ਕੀਤਾ ਗਿਆ ਸੀ। ਉਸ ਵਕਤ ਵਰਤਮਾਨ ਤਾਨਾਸ਼ਾਹ ਕਿਮ ਜੋਂਗ ਉਹਨਾਂ ਦੇ ਦਾਦਾ ਕਿਮ ਇਲ ਸੁੰਗ ਦਾ ਨੌਰਥ ਕੋਰੀਆ ਤੇ ਰਾਜ ਸੀ। ਦੋ ਸਾਲ ਵਿਚ ਇਸ ਯੋਜਨਾ ਨੂੰ ਪੂਰਾ ਕਰਨਾ ਸੀ ਪਰ ਇਸ ਵਿਚ ਦੇਰੀ ਹੋ ਗਈ। ਪਹਿਲਾਂ ਦੇਸ਼ ਦੀ ਆਰਥਿਕ ਮੰਦੀ ਅਤੇ ਉਸ ਤੋਂ ਬਾਅਦ ਸੰਯੁਕਤ ਰਾਸ਼ਟਰ ਦੀਆਂ ਪਾਬੰਦੀਆਂ ਕਾਰਨ ਮੁਸ਼ਕਿਲ ਹੋ ਗਈ। ਕਰੀਬ ਦਸ ਸਾਲ ਪਹਿਲਾਂ ਇਸ ਪ੍ਰਾਜੈਕਟ ਨੂੰ ਪੂਰਾ ਕਰਨ ਵਿਚ ਮਿਸਰ ਦੀ ਓਰੈਸਕਨ ਕੰਪਨੀ ਨੇ ਦਿਲਚਸਪੀ ਦਿਖਾਈ ਪਰ ਕੰਮ ਨੇ ਗਤੀ ਪਕੜੀ 2012 ਵਿਚ ਕਿਮ ਜੋਂਗ ਦੇ ਸੱਤਾ ਸੰਭਾਲਣ ਤੋਂ ਬਾਅਦ ਕਿਮ ਜੋਂਗ ਦੇ ਆਦੇਸ਼ ਤੇ ਇਸ ਬਿਲਡਿੰਗ ਸਮੇਤ ਨੌਰਥ ਕੋਰੀਆ ਦੀਆਂ ਦਰਜਨਾਂ ਇਮਾਰਤਾਂ ਨੂੰ ਬਣਾਇਆ ਗਿਆ। ਇਸ ਵਿਚ ਪਯੋਂਗਯਾਂਗ ਵਿਚ 70 ਮੰਜ਼ਿਲਾਂ



ਦੀ ਰਿਹਾਇਸ਼ੀ ਇਮਾਰਤ ਵੀ ਸ਼ਾਮਲ ਹੈ।

ਨੌਰਥ ਕੋਰੀਆ ਵਿਚ ਅਜਿਹਾ ਮਹਿੰਗੇ ਹਥਿਆਰ ਵਿਕਾਸ ਪ੍ਰੋਗਰਾਮਾਂ ਅਤੇ ਸੰਯੁਕਤ ਰਾਸ਼ਟਰ ਦੀਆਂ ਸਖਤ ਪਾਬੰਦੀਆਂ ਵਿਚਕਾਰ ਹੋਇਆ ਹੈ। ਪਿਰਾਮਿਡ ਦੀ ਸ਼ਕਲ ਵਿਚ ਤਿਆਰ ਇਸ ਇਮਾਰਤ ਵਿਚ ਆਰਥਿਥ ਪਾਬੰਦੀਆਂ ਦੇ ਦੌਰ ਵਿਚ ਹੋਟਲ ਚੱਲੇਗਾ ਜਾਂ ਇਸ ਵਿਚ ਦਫਤਰ ਖੁੱਲ੍ਹਣਗੇ, ਇਹ ਫਿਲਹਾਲ ਵੱਡਾ ਸਵਾਲ ਹੈ। ਨੌਰਥ ਕੋਰੀਆ ਵਿਚ ਫਿਲਹਾਲ ਇਸਦਾ ਜਵਾਬ ਕਿਸੇ ਕੋਲ ਨਹੀਂ ਹੈ। ਬਲਾਸਟਿਕ ਮਿਜ਼ਾਇਲ ਦੇ ਦੂਜੇ ਸਫਲ ਤਜਰਬੇ ਤੋਂ ਬਾਅਦ ਨੌਰਥ ਕੋਰੀਆ ਦੇ ਤਾਨਾਸ਼ਾਹ ਕਿਮ ਜੋਂਗ ਨੇ ਇਸਦਾ ਉਦਘਾਟਨ ਕੀਤਾ। ਇਸ ਸਮਾਰੋਹ ਵਿਚ ਸੱਤਾਧਾਰੀ ਪਾਰਟੀ, ਵਿਗਿਆਨੀਆਂ, ਫੌਜ ਦੇ ਉਚ ਅਧਿਕਾਰੀਆਂ ਅਤੇ ਪ੍ਰਸ਼ਾਸਨ ਦੇ ਅਧਿਕਾਰੀ ਸ਼ਾਮਲ ਸਨ। ਇਸ ਮੌਕੇ ਤੇ ਕਿਮ ਜੋਂਗ ਨੇ ਇੰਜੀਨੀਅਰਾਂ ਨੂੰ ਵਧਾਈ ਦਿੱਤੀ।

# ਰਸਤੇ 'ਚ ਪਈ ਨਵਜੰਮੀ ਬੱਚੀ ਦੀ ਕੁੱਤਿਆਂ ਨੇ ਬਚਾਈ ਜਾਨ

ਕਹਿੰਦੇ ਹਨ ਕਿ ਕੁੱਤਾ ਸਭ ਤੋਂ ਵਫਾਦਾਰ ਜਾਨਵਰ ਹੁੰਦਾ ਹੈ। ਨਾਲ ਹੀ ਸਮਝਦਾਰ ਵੀ। ਇਸਦੀ ਇਕ ਤਾਜ਼ਾ ਉਦਾਹਰਣ ਦੇਖਣ ਨੂੰ ਮਿਲੀ ਕੋਲਕਾਤਾ ਵਿਚ। ਜਿੱਥੇ ਕੁਝ ਕੁੱਤਿਆਂ ਨੇ ਮਿਲ ਕੇ ਇਕ ਨਵਜੰਮੀ ਬੱਚੀ ਦੀ ਜਾਨ ਬਚਾਅ ਲਈ। ਖਬਰਾਂ ਦੀ ਮੰਨੀਏ ਤਾਂ ਇੱਥੋਂ ਦੇ ਹਾਵੜੇ ਸਟੇਸ਼ਨ ਤੇ ਨਵਜੰਮੀ ਬੱਚੀ ਕੱਪੜੇ ਵਿਚ ਲਿਪਟੀ ਪਈ ਸੀ। ਉਥੋਂ ਕਈ ਲੋਕ ਲੰਘ ਰਹੇ ਸਨ ਪਰ ਕਿਸੇ ਦਾ ਵੀ ਧਿਆਨ ਬੱਚੀ ਤੇ ਨਾ ਪਿਆ। ਉਦੋਂ ਹੀ ਉਥੇ ਕੁੱਤਿਆਂ ਦਾ ਇਕ ਝੁੰਡ ਆ ਗਿਆ। ਉਹ ਪਹਿਲਾਂ ਬੱਚੀ ਨੂੰ ਖਿੱਚਕੇ ਬਾਹਰ ਲਿਆਏ ਅਤੇ ਫਿਰ ਉਸ ਦੇ ਆਸ ਪਾਸ ਪਹਿਰੇਦਾਰ ਬਣਕੇ ਬੈਠ ਗਏ।

ਇਹ ਕੁੱਤੇ ਮਦਦ ਦੀ ਆਸ ਨਾਲ ਕਾਫੀ ਦੇਰ ਤੱਕ ਬੱਚੀ ਦੀ ਆਸ ਪਾਸ ਬੈਠੇ ਰਹੇ ਪਰ ਲੋਕਾਂ



ਦੀ ਭੀੜ ਆਉਂਦੀ ਰਹੀ- ਜਾਂਦੀ ਰਹੀ। ਕਿਸੇ ਨੇ ਬੱਚੀ ਨੂੰ ਚੁੱਕਣ ਦੀ ਜ਼ਰੂਰਤ ਨਾ ਸਮਝੀ। ਆਖਿਰ ਇਕ ਆਰ. ਪੀ. ਐਫ. ਜਵਾਨ ਦੀ ਨਜ਼ਰ ਉਥੇ ਪਈ। ਉਸਨੇ ਕੁੱਤਿਆਂ ਨੂੰ ਇਕੱਠੇ ਦੇ ਕੇ ਰੇਲਵੇ ਕਰਮਚਾਰੀਆਂ ਨੂੰ ਬੁਲਾਇਆ। ਸੂਚਨਾ ਤੇ ਕਰਮਚਾਰੀਆਂ ਨੇ ਨੇੜੇ ਜਾ ਕੇ ਦੇਖਿਆ ਤਾਂ ਸਭ ਹੈਰਾਨ ਰਹਿ ਗਏ। ਬੱਚੀ ਨੂੰ ਤੁਰੰਤ ਹਸਪਤਾਲ ਪਹੁੰਚਾਇਆ, ਜਿੱਥੇ ਉਸ ਨੂੰ ਚਾਈਲਡ ਲਾਈਨ ਦੇ ਹਵਾਲੇ ਕਰ ਦਿੱਤਾ ਗਿਆ।

# 10 ਲੱਖ ਡਾਲਰ ਦਾ ਇਨਾਮ ਇਸ ਖੂਬਸੂਰਤ ਲੜਕੀ ਨੂੰ ਮਾਰਨ 'ਤੇ

ਪੂਰੀ ਦੁਨੀਆਂ ਵਿਚ ਖੂੰਖਾਰ ਅੱਤਵਾਦੀ ਸੰਗਠਨ ਆਈ. ਐਸ. ਆਈ. ਐਸ. ਦਾ ਖੌਫ ਹੈ ਪਰ ਹਰ ਕੋਈ ਇਸਦੇ ਨਾਂ ਤੋਂ ਡਰਦਾ ਹੈ ਪਰ ਤੁਹਾਨੂੰ ਜਾਣ ਕੇ ਹੈਰਾਨੀ ਹੋਵੇਗੀ ਕਿ ਇਹ ਸੰਗਠਨ ਵੀ ਕਿਸੇ ਤੋਂ ਡਰਦਾ ਹੈ ਅਤੇ ਉਹ ਹੈ 23 ਸਾਲ ਦੀ ਲੜਕੀ ਜੋਆਨਾ ਪਲਾਨੀ। ਆਈ. ਐਸ. ਜੋਆਨਾ ਤੋਂ ਇੰਨਾ ਡਰਿਆ ਹੋਇਆ ਹੈ ਕਿ ਉਸਨੂੰ ਮਾਰਨ ਦੇ ਲਈ 10 ਲੱਖ ਡਾਲਰ ਦੇ ਇਨਾਮ ਦਾ ਐਲਾਨ ਕਰ ਦਿੱਤਾ। ਸੂਤਰਾਂ ਮੁਤਾਬਕ ਕੁਰਦਿਸ਼ ਮੂਲ ਦੀ ਡੈਨਿਸ਼ ਔਰਤ ਪਲਾਨੀ ਨੇ 2014 ਵਿਚ ਪੜ੍ਹਾਈ ਛੱਡ ਦਿੱਤੀ ਸੀ ਅਤੇ ਸੀਰੀਆ ਅਤੇ ਇਰਾਕ ਵਿਚ ਆਈ. ਐਸ. ਦੇ ਖਿਲਾਫ ਜੰਗ ਵਿਚ ਉਤਰ ਗਈ ਸੀ। ਫਿਲਹਾਲ ਉਹ ਡੈਨਮਾਰਕ ਦੀ ਰਾਜਧਾਨੀ ਕੋਪਨਹੇਗਨ ਦੀ ਜੇਲ੍ਹ ਵਿਚ ਬੰਦ ਹੈ। ਜੋਆਨਾ 'ਤੇ ਜੂਨ 2015 ਤੋਂ ਦੇਸ਼ ਛੱਡਣ ਦੀ ਪਾਬੰਦੀ ਲਗਾ ਦਿੱਤੀ ਗਈ ਸੀ। ਜੇਕਰ ਉਸ ਤੇ ਲੱਗੇ ਦੋਸ਼ ਸਹੀ ਸਾਬਤ ਹੋਏ ਤਾਂ ਦੋ ਸਾਲ ਦੀ ਕੈਦ ਹੋ ਸਕਦੀ ਹੈ।

ਜੋਆਨਾ ਤੇ ਦੋਸ਼ ਹੈ ਕਿ ਉਸਨੇ ਆਈ. ਐਸ. ਅੱਤਵਾਦੀਆਂ ਨੂੰ ਡੈਨਮਾਰਕ ਤੋਂ ਮਿਡਲ ਈਸਟ ਤੱਕ ਸਥਾਪਤ ਕੀਤਾ। ਇਸ ਦੇ ਲਈ ਜੋਆਨਾ ਨੂੰ ਲਗਾਤਾਰ ਧਮਕੀਆਂ ਮਿਲ ਰਹੀਆਂ ਹਨ।



ਜੋਆਨਾ ਦਾ ਪਾਸਪੋਰਟ ਵੀ ਪਿਛਲੇ ਸਾਲ ਜਬਤ ਕਰ ਲਿਆ ਗਿਆ ਸੀ। ਜੋਆਨਾ ਨੇ ਖੁਦ ਨੂੰ ਨਿਰਦੋਸ਼ ਸਾਬਤ ਕਰਦੇ ਹੋਏ ਫੇਸਬੁੱਕ ਪੇਜ ਤੇ ਲਿਖਿਆ ਹੈ ਕਿ ਮੈਂ ਡੈਨਮਾਰਕ ਅਤੇ ਦੂਜੇ ਮੁਲਕਾਂ ਦੇ ਲਈ ਖਤਰਾ ਕਿਵੇਂ ਹੋ ਸਕਦੀ ਹਾਂ। ਮੈਂ ਇੱਥੇ ਮਿਲਟਰੀ ਟਰੇਨਿੰਗ ਲਈ ਹੈ ਅਤੇ ਮੈਂ ਆਈ. ਐਸ. ਦੇ ਖਿਲਾਫ ਲੜ ਰਹੀ ਸੀ। ਇਕ ਡੈਨਿਸ਼ ਲੜਕੀ ਹੋਣ ਦੇ ਨਾਤੇ ਮੈਂ ਇਹ ਸਿੱਖਿਆ ਕਿ ਔਰਤਾਂ ਦੇ ਅਧਿਕਾਰਾਂ, ਲੋਕਤੰਤਰ ਅਤੇ ਯੂਰਪੀਅਨ ਕਦਰਾਂ ਕੀਮਤਾਂ ਦੇ ਲਈ ਲੜਨਾ ਹੈ। ਜੋਆਨਾ ਦਾ ਪਰਿਵਾਰ ਇਰਾਨ ਦੇ ਕੁਰਦਿਸਤਾਨ ਦਾ ਰਹਿਣ ਵਾਲਾ ਹੈ। ਗਰਫ ਵਾਰ ਦੇ ਦੌਰਾਨ ਹੀ ਰਮਾਦੀ ਵਿਚ ਜੋਆਨਾ ਦਾ ਜਨਮ ਹੋਇਆ ਸੀ। ਉਸ ਤੋਂ ਬਾਅਦ ਉਸਦਾ ਪਰਿਵਾਰ ਡੈਨਮਾਰਕ ਵਿਚ ਹੀ ਵੱਸ ਗਿਆ। ਜੋਆਨਾ ਸੀਰੀਆ ਵਿਚ ਕੁਰਦਿਸ਼ ਪੀਪਲਸ ਪ੍ਰੋਟੈਕਸ਼ਨ ਯੂਨਿਟ ਯੂਨਿਟ ਅਤੇ ਇਰਾਕ ਵਿਚ ਪੇਸ਼ਮਾਰਗਾ ਫੋਰਸ ਨਾਲ ਆਈ. ਐਸ. ਦੇ ਖਿਲਾਫ ਲੜ ਚੁੱਕੀ ਹੈ। ਜੋਆਨਾ ਚਾਹੁੰਦੀ ਹੈ ਕਿ ਲੋਕਾਂ ਨੂੰ ਇਹ ਪਤਾ ਲੱਗੇ ਕਿ ਵਾਈ. ਪੀ. ਜੀ. ਅੱਤਵਾਦੀ ਸੰਗਠਨ ਨਹੀਂ ਹੈ।

# ਇਸ ਜੰਗਲ ਵਿਚ 90 ਡਿਗਰੀ ਤੱਕ ਮੁੜ ਜਾਂਦੇ ਹਨ ਦਰੱਖਤ

ਇਸ ਦੁਨੀਆਂ ਵਿਚ ਅਜੂਬਿਆਂ ਦੀ ਕਮੀ ਨਹੀਂ ਹੈ। ਇਨਸਾਨ ਹੀ ਨਹੀਂ ਪ੍ਰਕਿਰਤੀ ਵੀ ਵਕਤ ਵਕਤ ਤੇ



ਅਜੂਬਿਆਂ ਨਾਲ ਲੋਕਾਂ ਨੂੰ ਹੈਰਾਨ ਕਰਦੀ ਰਹਿੰਦੀ ਹੈ। ਕੁਦਰਤ ਦੇ ਅਜੂਬਿਆਂ ਦੀ ਉਦਾਹਰਣ ਪੋਲੈਂਡ ਦਾ ਇਹ ਜੰਗਲ ਹੈ, ਜਿਸਨੂੰ ਦੇਖ ਕੇ ਸ਼ਾਇਦ ਹੀ ਕੋਈ ਅਜਿਹਾ ਹੋਵੇ ਜੋ ਹੈਰਾਨ ਨਾ ਹੋਵੇ। ਇਹ ਜੰਗਲ ਦੁਨੀਆਂ ਦੇ ਬਾਕੀ ਜੰਗਲਾਂ ਤੋਂ ਕਾਫੀ ਅਲੱਗ ਹੈ। ਇਹ ਆਪਣੇ ਭਿਆਨਕ ਦਰਖਤਾਂ ਦੇ ਕਾਰਨ ਨਹੀਂ ਬਲਕਿ ਝੁਕਣ ਵਾਲੇ ਦਰਖਤਾਂ ਕਾਰਨ ਜਾਣਿਆ ਜਾਂਦਾ ਹੈ। ਪੋਲੈਂਡ ਦਾ ਇਹ ਜੰਗਲ ਨੋਵੇ ਸਜਾਰਨੋਵੇ ਪਿੰਡ ਦੇ ਕੋਲ ਸਥਿਤ ਹੈ। ਇਸ ਜੰਗਲ ਵਿਚ ਦਰਖਤਾਂ ਦੀ ਖਾਸੀਅਤ ਇਹ ਹੈ ਕਿ ਇਹ ਸਮਕੋਣੀ ਯਾਨਿ ਕਿ 90 ਡਿਗਰੀ ਤੱਕ ਝੁਕ ਹੁੰਦੇ ਹਨ। ਇਹ ਤਿੰਨ ਤੋਂ 9 ਫੁੱਟ ਤੱਕ ਵਧਣ ਦੇ ਬਾਅਦ ਮੁੜਦੇ ਹਨ। ਜੋ ਦੇਖਣ ਵਿਚ ਕਾਫੀ ਰੋਚਕ ਅਤੇ ਭੇਦਭਰੇ ਲੱਗਦੇ ਹਨ। ਪੋਲੈਂਡ ਦਾ ਇ ਜੰਗਲ ਆਪਣੇ ਇਹਨਾਂ ਰਹੱਸਮਈ ਦਰਖਤਾਂ ਦੇ ਕਾਰਨ ਕਾਫੀ ਚਰਚਾ ਵਿਚ ਹੈ। ਇਸ ਜੰਗਲ ਦੇ ਇਹਨਾਂ ਦਰਖਤਾਂ ਨੂੰ ਲੈ ਕੇ ਕਿਹਾ ਜਾਂਦਾ ਹੈ ਕਿ ਇਹ ਦੂਜੇ ਵਿਸ਼ਵ ਯੁੱਧ ਦੀ ਸ਼ੁਰੂਆਤ ਤੋਂ ਪਹਿਲਾਂ ਲਗਾਏ ਗਏ ਸਨ। ਉਥੇ ਹੀ ਇੱਥੋਂ ਦੇ ਕੁਝ ਸਥਾਨਕ ਲੋਕਾਂ ਦਾ ਕਹਿਣਾ ਹੈ ਕਿ ਇਹ ਗਰੁੱਤਾ ਖਿੱਚ ਦੇ ਕਾਰਨ ਅਜਿਹੇ ਹੁੰਦੇ ਹਨ। ਕੁਝ ਲੋਕ ਇਹਨਾਂ ਦਰਖਤਾਂ ਨੂੰ ਝੁਕਾਉਣ ਵਿਚ ਦੂਜੇ ਗ੍ਰਹਿਆਂ ਤੋਂ ਆਏ ਪ੍ਰਾਣੀਆਂ ਦੀ ਭੂਮਿਕਾ ਨੂੰ ਮੁੱਖ ਕਾਰਨ ਮੰਨਦੇ ਹਨ। ਉਥੇ ਹੀ ਹੁਣ ਤੱਕ ਇਹਨਾਂ ਦਰਖਤਾਂ ਦੀ ਝੁਕਣ ਦੀ ਸਹੀ ਵਜ੍ਹਾ ਨਹੀਂ ਪਤਾ ਲੱਗ ਸਕੀ ਹੈ। ਖੈਰ ਵਜ੍ਹਾ ਕੁਝ ਵੀ ਹੋਵੇ ਪਰ ਇਹ ਝੁਕੇ ਹੋਏ ਦਰਖਤ ਦੇਖਣ ਵਿਚ ਬਹੁਤ ਖੂਬਸੂਰਤ ਲੱਗਦੇ ਹਨ।

# ਸੂਰਜ ਦੇ ਵਿਹੜੇ ਦੇ ਆਖ਼ਰੀ ਸਿਰੇ ਦੀ ਛਾਣ-ਬੀਣ

**ਡਾ. ਕੁਲਦੀਪ ਸਿੰਘ ਧੀਰ**

ਸਾਡੇ ਸੂਰਜ ਪਰਿਵਾਰ ਦੇ ਸਾਂਝੇ ਵਿਹੜੇ ਵਿੱਚ ਧਰਤੀ ਦੇ ਵੱਡੇ ਨਿੱਕੇ ਭਾਈਬੰਦਾਂ ਵਿੱਚ ਬ੍ਰਹਿਸਪਤੀ, ਸ਼ਨੀ, ਯੂਰੇਨਸ, ਨੈਪਚੂਨ ਤੇ ਪਲੂਟੋ ਦੂਰ ਤਕ ਆਪਣੇ ਪਰਿਵਾਰਾਂ ਸਮੇਤ ਸਜੇ ਹੋਏ ਹਨ। ਉਹ ਆਪ ਹਨ, ਉਨ੍ਹਾਂ ਦੇ ਉਪਗ੍ਰਹਿ ਯਾਨੀ ਚੰਨ ਹਨ। ਸਭ ਤੋਂ ਦੁਰੇਡਾ ਪਰਿਵਾਰ ਪਲੂਟੋ ਦਾ ਹੈ ਜੋ ਸੂਰਜ ਪਰਿਵਾਰ ਦਾ ਸਾਡਾ ਨੌਵਾਂ ਸਾਥੀ ਸੀ। ਸਭ ਤੋਂ ਦੁਰੇਡਾ ਗ੍ਰਹਿ। ਦੋ ਸਾਲ ਪਹਿਲਾਂ ਯਾਨੀ ਇਸ ਦੇ ਲੱਭਣ ਤੋਂ ਪਚਾਸੀ ਸਾਲ ਪਿੱਛੋਂ ਇਸ ਉੱਤੇ ਧਰਤੀ ਵਾਲਿਆਂ ਨੇ ਨੇੜਿਓਂ ਝਾਤੀ ਮਾਰੀ। ਅੱਠ ਨੌਂ ਸਾਲ ਪਹਿਲਾਂ ਇਸ ਵਿਚਾਰੇ ਨੂੰ ਬੌਣਾ ਕਹਿ ਕੇ ਇਸ ਪਰਿਵਾਰ ਵਿੱਚੋਂ ਜਿਵੇਂ ਛੇਕ ਹੀ ਦਿੱਤਾ ਗਿਆ। ਪਲੈਨੈਟ ਦੀ ਥਾਂ ਇਸ ਨੂੰ ਡਵਾਰਫ ਪਲੈਨੈਟ ਦਾ ਨਾਂ ਦਿੱਤਾ ਗਿਆ। 14 ਜੁਲਾਈ 2015 ਨੂੰ ਨਿਊ ਹੋਰਾਈਜ਼ਨਜ਼ ਨਾਂ ਦਾ ਪੁਲਾੜੀ ਜਹਾਜ਼ ਤੇਜ਼ੀ ਨਾਲ ਇਸ ਦੇ ਨੇੜਿਓਂ ਲੰਘਿਆ। ਇਹ ਦੂਰ ਤੋਂ ਇਸ ਦੀਆਂ ਤਸਵੀਰਾਂ ਪਹਿਲਾਂ ਹੀ ਲੈ ਰਿਹਾ ਸੀ। ਤਿੰਨ ਮਿੰਟ ਵਿੱਚ ਇਸ ਨੇ ਖਾਸੀ ਨੇੜਿਓਂ ਇਸ ਦੀਆਂ ਤਸਵੀਰਾਂ ਲਈਆਂ। ਇਹ ਸੋਲਾਂ ਮਹੀਨੇ ਪਲੂਟੋ ਬਾਰੇ ਭਾਂਤ ਭਾਂਤ ਦੀ ਜਾਣਕਾਰੀ ਸਾਨੂੰ ਭੇਜਦਾ ਰਿਹਾ। ਵਿਹੜੇ ਦੇ ਬਾਹਰ ਕਿਊਪਰ ਪੱਟੀ ਵਿੱਚ ਅਣਗਿਣਤ ਨਿੱਕੇ ਵੱਡੇ ਬਰਫ਼ਾਨੀ ਬੌਣੇ ਤੇ ਪੁਲਾੜੀ ਪਿੰਡ ਪਸਰੇ ਹੋਏ ਹਨ। ਪੁਲਾੜੀ ਜਹਾਜ਼ ਉਨ੍ਹਾਂ ਦੀ ਖੋਜ ਖ਼ਬਰ ਲੈਣ ਲੱਗਿਆ। ਇਸ ਨੂੰ ਇਨ੍ਹਾਂ ਵਿੱਚੋਂ ਕੁਝ ਕੁ ਉੱਤੇ ਵਿਸ਼ੇਸ਼ ਨਜ਼ਰਸਾਨੀ ਦੀਆਂ ਹਦਾਇਤਾਂ ਸਨ। ਇਨ੍ਹਾਂ ਦੀ ਪਾਲਣਾ ਲਈ ਫਰਵਰੀ 2017 ਵਿੱਚ ਇਸ ਦੇ ਰਾਹ ਵਿੱਚ ਸੋਧ ਕੀਤੀ ਗਈ। ਹੁਣ ਇਹ 2020 ਤਕ ਵਿਹੜੇ ਦੇ ਪਾਰ ਕਿਊਪਰ ਬਸਤੀ ਦੀ ਖ਼ਬਰਸਾਰ ਲਵੇਗਾ ਤੇ ਫਿਰ ਇਸ ਤੋਂ ਪਾਰ ਅਸੀਮ ਪੁਲਾੜ ਵਿੱਚ ਜਿੱਥੋਂ ਤਕ ਜਿਉਂਦਾ ਰਿਹਾ ਤੁਰਿਆ ਜਾਵੇਗਾ। ਨਿਊ ਹੋਰਾਈਜ਼ਨਜ਼ 2006 ਵਿੱਚ ਲਾਂਚ ਕੀਤਾ ਗਿਆ। ਇਸ ਨੇ ਨੌਂ ਸਾਲ ਦੀ ਲੰਮੀ ਯਾਤਰਾ ਪਲੂਟੋ ਨੇੜਿਓਂ 58,000 ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਸ਼ੂੰ ਕਰਕੇ ਲੰਘਣ ਲਈ ਕੀਤੀ। ਚਾਰ ਅਰਬ ਅੱਸੀ ਕਰੋੜ ਕਿਲੋਮੀਟਰ ਦੂਰ ਦੇ ਧਰਤੀ ਦੇ ਭਰਾ ਨੂੰ ਮਿਲਣਾ ਸੌਖਾ ਨਹੀਂ ਸੀ। ਪਲੂਟੋ ਦੇ ਨਾਲ ਨਾਲ ਇਸ ਦੇ ਚੰਦ ਚੈਰੋਨ ਦੀਆਂ ਤਸਵੀਰਾਂ ਵੀ ਇਸ ਨੇ ਲਈਆਂ। ਇਸ ਤੋਂ ਪਾਰ ਇਹ ਹੁਣ ਡੇਢ ਅਰਬ ਕਿਲੋਮੀਟਰ ਤੋਂ ਵੀ ਵਿਸ਼ਾਲ ਕਿਊਪਰ ਬਸਤੀ ਦੀ ਛਾਣ-ਬੀਣ ਕਰ ਰਿਹਾ ਹੈ। ਪੰਜ ਕੁ ਸਾਲ ਬਾਅਦ ਇਹ ਬਸਤੀ ਛੱਡ ਕੇ ਅਨੰਤ ਪੁਲਾੜ ਗਾਹ ਰਹੇ ਨਾਸਾ ਦੇ ਚਾਰ ਮਹਾਂ ਪੁਲਾੜੀ ਜਹਾਜ਼ਾਂ ਵਿੱਚ ਰਲ ਜਾਵੇਗਾ। ਇਹ ਪਾਇਨੀਅਰ-10, ਪਾਇਨੀਅਰ-11, ਵਾਇਜਰ-1 ਅਤੇ ਵਾਇਜਰ-2 ਹਨ। ਨਿਊ ਹੋਰਾਈਜ਼ਨਜ਼ ਤੋਂ ਸਿਗਨਲ ਸਾਡੇ ਤਕ ਪਹੁੰਚਣ ਵਿੱਚ ਸਾਢੇ ਚਾਰ ਘੰਟੇ ਤੋਂ ਵੱਧ ਲੱਗ ਜਾਂਦੇ ਹਨ। ਪਹੁੰਚਿਆ ਸਿਗਨਲ ਇੰਨਾ ਕਮਜ਼ੋਰ ਹੁੰਦਾ ਹੈ ਕਿ ਨਾਸਾ ਨੂੰ ਆਸਟਰੇਲੀਆ, ਕੈਨੇਡਾ ਤੇ ਸਪੇਨ ਵਿੱਚ ਸਥਾਪਤ 61 ਮੀਟਰ ਚੌੜੀਆਂ ਰੇਡੀਓ ਡਿਸ਼ਾਂ ਵਰਤਣੀਆਂ ਪੈਂਦੀਆਂ ਹਨ। ਇਸ ਤੋਂ ਮਿਲੀ ਜਾਣਕਾਰੀ ਨੇ ਦੱਸਿਆ ਹੈ ਕਿ ਪਲੂਟੋ ਦਾ ਵਿਆਸ 2302 ਕਿਲੋਮੀਟਰ ਨਹੀਂ 2370 ਕਿਲੋਮੀਟਰ ਹੈ। ਇਸ ਨਾਲ ਇਹ ਐਰਿਸ ਤੋਂ ਵੱਡਾ ਸਿੱਧ ਹੋਇਆ। ਪਹਿਲੀ ਜਾਣਕਾਰੀ ਮੁਤਾਬਿਕ ਐਰਿਸ ਇਸ ਤੋਂ ਵੱਡਾ ਸੀ ਅਤੇ ਉਸੇ ਕਰਕੇ ਇਸ ਤੋਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣੇ ਗ੍ਰਹਿ ਦਾ ਨਾਂ ਦਿੱਤਾ ਗਿਆ ਸੀ। ਪ੍ਰਾਪਤ ਜਾਣਕਾਰੀ ਇਹ ਵੀ ਦੱਸ ਰਹੀ ਹੈ ਕਿ ਪਲੂਟੋ ਦੇ ਵਾਯੂਮੰਡਲ ਦੀ ਨਿਮਨਤਮ ਪਰਤ ਉਸ ਨਾਲੋਂ ਕਿਤੇ ਵੱਧ ਪਤਲੀ ਹੈ ਜਿੰਨੀ ਇਹ ਸਮਝੀ ਜਾਂਦੀ ਸੀ। 1930 ਤਕ ਪਲੂਟੋ ਬਾਰੇ ਕਿਸੇ ਨੂੰ ਪਤਾ ਨਹੀਂ ਸੀ। ਬਸ ਅਮਰੀਕੀ ਤਾਰਾ ਵਿਗਿਆਨੀ ਪਰਸੀਵਲ ਲਾਵੇਲ ਨੇ 1905 ਵਿੱਚ ਆਪਣੀ ਖੋਜ ਦੇ ਆਧਾਰ ਉੱਤੇ ਇੰਨਾ ਕਹਿ ਕੇ ਗੱਲ ਤੋਰੀ ਕਿ ਨੈਪਚੂਨ ਤੇ ਪਲੂਟੋ ਦੇ ਆਰਬਿਟ ਜਿਵੇਂ ਥਿੜਕਦੇ ਹਨ, ਨੈਪਚੂਨ ਤੋਂ ਪਰ੍ਹਾਂ ਕੋਈ ਗ੍ਰਹਿ ਪ੍ਰਤੀਤ ਹੁੰਦਾ ਹੈ ਜਿਸ ਦੀ ਗੁਰੂਤਾ ਖਿੱਚ ਇਸ ਥਿੜਕਣ ਦੀ ਜ਼ਿੰਮੇਵਾਰ ਹੈ। ਪਰਸੀਵਲ ਲਾਵੇਲ 1915 ਵਿੱਚ ਮਰ ਗਿਆ। 1929 'ਚ ਬਾਈ ਸਾਲ ਦੇ ਇੱਕ ਸ਼ੌਕੀਆ ਤਾਰਾ ਵਿਗਿਆਨੀ ਕਲਾਈਡ ਟਾਮਬਾਗ ਨੇ ਐਰੀਜ਼ੋਨਾ ਦੀ ਲਾਵੇਲ ਔਬਜ਼ਰਵੇਟਰੀ ਦੇ ਸ਼ਕਤੀਸ਼ਾਲੀ ਵਾਈਡ ਫੀਲਡ ਟੈਲੀਸਕੋਪ ਨਾਲ ਆਸਮਾਨ ਦੀ ਛਾਣ-ਬੀਣ ਸ਼ੁਰੂ ਕੀਤੀ। 18 ਫਰਵਰੀ 1930 ਨੂੰ ਉਸ ਨੂੰ ਤਿੰਨ ਤਸਵੀਰਾਂ ਵਿੱਚ ਇੱਕ ਨਵਾਂ ਗ੍ਰਹਿ ਦਿਸਿਆ। ਔਕਸਫੋਰਡ (ਇੰਗਲੈਂਡ) ਦੀ ਗਿਆਰਾਂ ਸਾਲ ਦੀ ਸਕੂਲ ਪੜ੍ਹਦੀ ਕੁੜੀ ਵਨੀਸ਼ੀਆ ਬਰਨੀ ਦੇ ਸੁਝਾਅ ਉੱਤੇ ਨਵੇਂ ਗ੍ਰਹਿ ਦਾ ਨਾਂ ਪਲੂਟੋ ਰੱਖਿਆ ਗਿਆ। ਇਹ ਨਾਂ ਗ੍ਰਹਿਆਂ ਦੇ ਯੂਨਾਨੀ ਮਿਥਿਹਾਸਕ ਨਾਂਵਾਂ ਨਾਲ ਮੇਲ ਵੀ ਖਾਂਦਾ ਸੀ ਅਤੇ ਇਸ ਗ੍ਰਹਿ ਦੀ ਹੋਂਦ ਦੀ ਸੰਭਾਵਨਾ ਦੱਸਣ ਵਾਲੇ ਪਰਸੀਵਲ (ਪੀ) ਲਾਵੇਲ (ਐੱਲ) ਦੇ ਨਾਂ ਦੇ ਪਹਿਲੇ ਦੋ ਵਰਣਾਂ ਨੂੰ ਚੇਤੇ ਕਰਾ ਕੇ ਉਸ ਨੂੰ ਸ਼ਰਧਾਂਜਲੀ ਵੀ ਦਿੰਦਾ ਸੀ।

ਸਾਡਾ ਇਹ ਭਰਾ ਸੂਰਜ ਦੀ ਇੱਕ ਪਰਿਕਰਮਾ 248 ਸਾਲ ਵਿੱਚ ਕਰਦਾ ਹੈ। ਇਸ ਦੌਰਾਨ ਇਸ ਦੀ ਸੂਰਜ ਤੋਂ ਵੱਧ ਤੋਂ ਵੱਧ ਦੂਰੀ ਸੱਤ ਅਰਬ ਚਾਲੀ ਕਰੋੜ ਤੇ ਘੱਟ ਤੋਂ ਘੱਟ ਦੂਰੀ ਚਾਰ ਅਰਬ ਚਾਲੀ ਕਰੋੜ ਕਿਲੋਮੀਟਰ ਹੁੰਦੀ ਹੈ। ਸਾਡੇ ਚੰਦ ਤੋਂ ਵੀ ਛੋਟਾ ਇਹ ਗ੍ਰਹਿ ਪਰਿਕਰਮਾ ਕਰਦੇ ਸਮੇਂ ਸਤਾਰਾਂ ਡਿਗਰੀ ਉੱਤੇ ਝੁਕਿਆ ਰਹਿੰਦਾ ਹੈ। ਸਮਾਂ ਬੀਤਣ ਨਾਲ ਪਤਾ ਲੱਗਿਆ ਕਿ ਆਕਾਰ ਪੱਖੋਂ ਪਲੂਟੋ ਨਾਲ ਮੁਕਾਬਲਾ ਕਰਦੇ ਹੋਰ ਪੁਲਾੜੀ ਪਿੰਡ ਵੀ ਹਨ। ਇਨ੍ਹਾਂ ਦੀ ਹੋਂਦ ਦੀ ਪੁਸ਼ਟੀ ਹੋਣ ਨਾਲ ਤਾਰਾ ਵਿਗਿਆਨੀਆਂ ਵਿੱਚ ਖਾਸਾ ਬਹਿਸ ਮੁਬਾਹਿਸਾ ਹੋਇਆ ਅਤੇ 2006 ਵਿੱਚ ਪਲੂਟੋ ਤੋਂ ਨੌਂਵੇਂ ਗ੍ਰਹਿ ਦਾ ਦਰਜਾ ਖੋਹ ਕੇ ਇਸ ਨੂੰ ਬੌਣਾ ਗ੍ਰਹਿ ਬਣਾ ਦਿੱਤਾ ਗਿਆ। ਸੀਅਰਜ਼, ਹਉਮੀਆ, ਮੇਕ ਮੇਕ ਅਤੇ ਐਰਿਸ ਚਾਰ ਹੋਰ ਬੌਣੇ ਗ੍ਰਹਿ ਇਸ ਦੇ ਸਾਥੀ ਬਣੇ। ਇਨ੍ਹਾਂ ਵਿੱਚੋਂ ਸੀਅਰਜ਼ ਐਸਟਰਾਇਡ ਬਸਤੀ ਦਾ ਵਾਸੀ ਹੈ।

ਬਾਕੀ ਤਿੰਨੇ ਨੈਪਚੂਨ ਤੋਂ ਪਰ੍ਹਾਂ ਸੂਰਜੀ ਵਿਹੜੇ ਦੇ ਬਾਸ਼ਿੰਦੇ ਹਨ। ਤਾਰਾ ਵਿਗਿਆਨੀ ਕਹਿੰਦੇ ਹਨ ਕਿ ਸੂਰਜੀ ਵਿਹੜੇ ਤੇ ਇਸ ਨਾਲ ਲੱਗਦੀ ਕਿਊਪਰ ਬਸਤੀ ਵਿੱਚ ਦੋ ਸੌ ਦੇ ਕਰੀਬ ਬੌਣੇ ਗ੍ਰਹਿ ਹਨ। 1979 ਵਿੱਚ ਜੇਮਜ਼ ਕਰਿਸਟੀ ਨੇ ਪਹਿਲਾਂ ਸਿਧਾਂਤਕ ਰੂਪ ਵਿੱਚ ਅਤੇ ਫਿਰ ਸੱਚਮੁੱਚ ਪਲੂਟੋ ਦੇ ਇੱਕ ਚੰਦ ਦੀ ਖੋਜ ਕੀਤੀ। ਉਸ ਨੇ ਆਪਣੀ ਪਤਨੀ ਚਾਰਲੀਨ ਦੇ ਨਾਂ ਉੱਤੇ ਇਸ ਨੂੰ ਚਾਰੋਨ ਦਾ ਨਾਮ ਦਿੱਤਾ। ਬਾਰਾਂ ਸੌ ਕਿਲੋਮੀਟਰ ਵਿਆਸ ਵਾਲਾ ਚਾਰੋਨ, ਪਲੂਟੋ ਤੋਂ ਅੱਧੇ ਨਾਲੋਂ ਵੱਡਾ ਹੈ। ਉਂਜ, ਪਲੂਟੋ ਦੇ ਚਾਰ ਹੋਰ ਨਿੱਕੇ ਆਕਾਰ ਦੇ ਚੰਨ ਵੀ ਹਨ। ਇਹ ਹਨ: ਨਿਕਸ, ਹਾਈਡਰਾ, ਸਟਾਈਕਸ ਤੇ ਕਰਬੀਰਾਸ। ਪਲੂਟੋ ਆਪਣੀ ਧੁਰੀ ਉੱਤੇ ਪੂਰਬ ਤੋਂ ਪੱਛਮ ਵੱਲ ਘੁੰਮਦਿਆਂ ਇੱਕ ਚੱਕਰ ਸਾਡੇ ਹਿਸਾਬ ਨਾਲ ਛੇ ਦਿਨ ਨੌਂ ਘੰਟੇ ਵਿੱਚ ਪੂਰਾ ਕਰਦਾ ਹੈ। ਕਮਾਲ ਹੈ ਕਿ ਚਾਰੋਨ ਵੀ ਪਲੂਟੋ ਦਾ ਚੱਕਰ ਬਿਲਕੁਲ ਇੰਨੇ ਹੀ ਸਮੇਂ ਵਿੱਚ ਪੂਰਾ ਕਰਦਾ ਹੈ। ਇਸ ਕਰਕੇ ਇਹ ਪਲੂਟੋ ਦੇ ਹਿਸਾਬ ਨਾਲ ਇੱਕੋ ਥਾਂ ਖੜ੍ਹਾ ਲੱਗਦਾ ਹੈ। ਪਲੂਟੋ ਦਾ ਚੰਦ ਨਾ ਡੁੱਬਦਾ ਹੈ ਤੇ ਨਾ ਹੀ ਚੜ੍ਹਦਾ ਹੈ। ਕਮਾਲ ਦਾ ਨਜ਼ਾਰਾ ਹੋਵੇਗਾ। ਸਾਡੇ ਸੌ ਚੰਨਾਂ ਵਰਗੀ ਚਮਕਦੀ ਚਿੱਟੀ ਲੋਅ ਇੱਕੋ ਥਾਂ ਆਕਾਸ਼ ਵਿੱਚ ਜਗਮਗ ਕਰਦੀ ਦਿਸਦੀ ਹੋਵੇਗੀ।

ਇੰਨੀ ਦੂਰ ਦੇ ਗ੍ਰਹਿ/ਬੌਣੇ ਗ੍ਰਹਿ ਪਲੂਟੋ ਬਾਰੇ ਤਾਰਾ ਵਿਗਿਆਨੀਆਂ ਨੂੰ ਚੱਜ ਨਾਲ ਮੁੱਢਲੀ ਜਾਣਕਾਰੀ 1996 ਵਿੱਚ ਹਬਲ ਟੈਲੀਸਕੋਪ ਦੀਆਂ ਤਸਵੀਰਾਂ ਨੇ ਦਿੱਤੀ। ਦੂਰੋਂ ਲਈਆਂ ਧੁੰਦਲੀਆਂ ਤਸਵੀਰਾਂ ਬਹੁਤਾ ਕੁਝ ਸਪਸ਼ਟ ਨਹੀਂ ਕਰ ਸਕੀਆਂ। ਇਸ ਬਰਫ਼ੀਲੇ ਬੌਣੇ ਦੀ ਅਸਲੀ ਜਾਣਕਾਰੀ ਨਿਊ ਹੋਰਾਈਜ਼ਨਜ਼ ਨਾਲ ਹੀ ਮਿਲਣੀ ਸ਼ੁਰੂ ਹੋਈ। ਉੱਨੀ ਜਨਵਰੀ 2006 ਨੂੰ ਪੈਂਹਠ ਕਰੋੜ ਅਮਰੀਕੀ ਡਾਲਰ ਦਾ ਇਹ ਪੁਲਾੜੀ ਜਹਾਜ਼ ਲਾਂਚ ਹੋਇਆ। ਇਸੇ ਸਾਲ ਦੇ ਮੁੱਕਦੇ ਮੁੱਕਦੇ ਪਲੂਟੋ ਨੂੰ ਗ੍ਰਹਿ ਦੀ ਥਾਂ ਬੌਣਾ ਗ੍ਰਹਿ ਬਣਾਉਣ ਦਾ ਐਲਾਨ ਹੋ ਗਿਆ। ਅਠਤਾਲੀ ਹਜ਼ਾਰ ਕਿਲੋਮੀਟਰ ਪ੍ਰਤੀ ਘੰਟਾ ਦੀ ਰਫ਼ਤਾਰ ਉੱਤੇ ਇਹ ਧਰਤੀ ਤੋਂ ਉੱਡਿਆ ਅਤੇ ਨੌਂ ਘੰਟੇ ਵਿੱਚ ਹੀ ਚੰਦ ਨੂੰ ਪਾਰ ਕਰ ਗਿਆ। ਅਪੋਲੋ ਨੂੰ ਚੰਦ ਕੋਲ ਜਾਂਦਿਆਂ ਲਗਪਗ ਤਿੰਨ ਦਿਨ ਲੱਗ ਗਏ ਸਨ। ਪਲੂਟੋ ਤਕ ਜਾਂਦੇ ਜਾਂਦੇ ਇਸ ਜਹਾਜ਼ ਦੀ ਰਫ਼ਤਾਰ ਹੋਰ ਵਧਣੀ ਸੀ। ਗੱਡੀ ਚੜ੍ਹਨ ਦੀ ਕਾਹਲ ਬੜੀ ਸੀ। 1989 ਤੋਂ ਸੂਰਜ ਦੀ ਪਰਿਕਰਮਾ ਕਰਦਾ ਪਲੂਟੋ ਦੂਰ ਹੀ ਦੂਰ ਹੋ ਰਿਹਾ ਸੀ। ਬਹੁਤੀ ਦੇਰ ਹੋ ਜਾਂਦੀ ਤਾਂ ਪਲੂਟੋ ਨੇ ਬਿਲਕੁਲ ਬਰਫ਼ ਬਣ ਜਾਣਾ ਸੀ। ਇਸ ਦਾ ਦਿਨ ਦਾ ਤਾਪਮਾਨ ਪਹਿਲਾਂ ਹੀ ਮਨਫ਼ੀ 223 ਸੀ। ਵਿਗਿਆਨੀ ਚਾਹੁੰਦੇ ਸਨ ਕਿ 2020 ਤੋਂ ਪਹਿਲਾਂ ਨਿਊ



ਹੋਰਾਈਜ਼ਨਜ਼ ਪਲੂਟੋ ਦੀ ਖ਼ਬਰਸਾਰ ਲੈ ਲਵੇ। ਉਸ ਪਿੱਛੋਂ ਪਲੂਟੋ ਦੀ ਧਰਤ ਤਾਂ ਕੀ ਸਾਰਾ ਵਾਯੂਮੰਡਲ ਹੀ ਅਜਿਹਾ ਬਰਫ਼ੀਲਾ ਗੋਲਾ ਬਣ ਜਾਣਾ ਸੀ ਕਿ ਇਸ ਵਿੱਚ ਝਾਤੀ ਮਾਰਨ ਨੂੰ ਕੁਝ ਨਹੀਂ ਸੀ ਬਚਣਾ। ਇਹ ਸਥਿਤੀ 248 ਸਾਲ ਦੀ ਇਸ ਪਰਿਕਰਮਾ ਦੇ ਖਾਸੇ ਲੰਮੇ ਅਰਸੇ ਤਕ ਬਣੀ ਰਹਿੰਦੀ ਹੈ। ਅਗਲਾ ਮੌਕਾ ਦਹਾਕਿਆਂ ਬੱਧੀ ਨਹੀਂ ਸੀ ਮਿਲਣਾ। ਨਿਊ ਹੋਰਾਈਜ਼ਨਜ਼ ਉੱਤੇ ਸੱਤ ਉਪਕਰਨ ਸਨ। ਤਿੰਨ ਪ੍ਰਕਾਸ਼ ਉਪਕਰਨ, ਇੱਕ ਪਲਾਜ਼ਮਾ ਉਪਕਰਨ, ਇੱਕ ਧੂੜ ਸੈਂਸਰ ਤੇ ਇੱਕ ਰੇਡੀਓ ਸਾਇੰਸ ਉਪਕਰਨ। ਇਨ੍ਹਾਂ ਦਾ ਉਦੇਸ਼ ਪਲੂਟੋ ਦੇ ਵਾਯੂਮੰਡਲ ਦੀਆਂ ਵੱਖ ਵੱਖ ਤਹਿਆਂ ਅਤੇ ਇਸ ਦੀ ਧਰਤੀ ਦੀ ਮਿੱਟੀ/ ਚੱਟਾਨਾਂ ਦੀ ਬਣਤਰ, ਤੱਤ, ਤਾਪਮਾਨ, ਦਬਾਅ ਪਤਾ ਕਰਨਾ ਸੀ। ਪਲੂਟੋ ਦੇ ਵੱਖ ਵੱਖ ਚੰਦਾਂ ਬਾਰੇ ਵੀ ਅਜਿਹੇ ਹੀ ਵੇਰਵੇ ਜਾਣਨਾ ਇਸ ਦਾ ਉਦੇਸ਼ ਸੀ। ਵਿਗਿਆਨਕ ਉਦੇਸ਼ਾਂ ਦੇ ਨਾਲ ਨਾਲ ਇਸ ਜਹਾਜ਼ ਨੇ ਦੂਰ ਪੁਲਾੜ ਵਿੱਚ ਮਨੁੱਖ ਦੀ ਪੈੜ ਉਲੀਕਣ ਦਾ ਯਤਨ ਵੀ ਕੀਤਾ। ਇਸ ਜਹਾਜ਼ ਵਿੱਚ ਧਰਤੀ ਉਤਲੇ ਮਨੁੱਖੀ ਸੱਭਿਆਚਾਰ ਦੀਆਂ ਪ੍ਰਤੀਨਿਧ ਕਲਾਤਮਿਕ ਵਸਤਾਂ, ਅਮਰੀਕੀ ਝੰਡਾ, ਪਲੂਟੋ ਦੀ ਦੱਸ ਪਾਉਣ ਵਾਲੇ ਮਰਹੂਮ ਕਲਾਈਡ ਟਾਮਬਾਗ ਦੀ ਤੀਹ ਗਰਾਮ ਰਾਖ ਤੇ ਲਗਪਗ ਸਵਾ ਚਾਰ ਲੱਖ ਲੋਕਾਂ ਦੇ ਨਾਵਾਂ ਦੀ ਸੀਡੀ ਭੇਜੀ ਗਈ। ਨਾਸਾ ਵਾਸਤੇ ਇਹ ਜਹਾਜ਼ ਜੌਹਨ ਹਾਪਕਿਨਜ਼ ਯੂਨੀਵਰਸਿਟੀ ਦੀ ਮੇਰੀਲੈਂਡ ਦੀ ਅਪਲਾਈਡ ਸਾਇੰਸ ਲੈਬ ਨੇ ਡਿਜ਼ਾਈਨ ਕੀਤਾ ਸੀ। ਤਾਜ਼ਾ ਤਸਵੀਰਾਂ ਨੇ ਦੱਸਿਆ ਹੈ ਕਿ ਪਲੂਟੋ ਉੱਤੇ ਸਾਢੇ ਤਿੰਨ-ਤਿੰਨ ਕਿਲੋਮੀਟਰ ਉੱਚੇ ਪਹਾੜਾਂ ਦੀ ਲੜੀ ਹੈ। ਐਵਰੈਸਟ ਫ਼ਤਹਿ ਕਰਨ ਵਾਲੇ ਤੇਨਜ਼ਿੰਗ ਨਾਰਗੇ ਦੇ ਨਾਂ ਉੱਤੇ ਇਸ ਪਰਬਤ ਲੜੀ ਨੂੰ ਨਾਰਗੇ ਮੌਂਟਸ ਦਾ ਨਾਂ ਦਿੱਤਾ ਗਿਆ ਹੈ। ਇਸ ਬੌਣੇ ਗ੍ਰਹਿ ਦੀ ਧਰਤੀ ਉੱਤੇ ਚੱਟਾਨ ਵਾਂਗ ਜੰਮੀ ਬਰਫ਼ ਦੇ ਵਿਸ਼ਾਲ ਖਿੱਤੇ ਹਨ। ਪਲੂਟੋ ਉੱਤੇ ਕਿਊਪਰ ਬਸਤੀ ਵਿੱਚੋਂ ਭਾਂਤ ਭਾਂਤ ਦੇ ਵੱਡੇ ਪਿੰਡ ਡਿੱਗਦੇ ਰਹਿੰਦੇ ਹਨ। ਇਸ ਉੱਤੇ ਪੱਕੇ ਰੂਪ ਵਿੱਚ ਕੋਈ ਖੱਡੇ/ਟੋਏ ਉਨ੍ਹਾਂ ਨਾਲ ਬਣੇ ਜ਼ਰੂਰ ਹੋਣਗੇ, ਪਰ ਉਹ ਬਚੇ ਨਹੀਂ। ਪਲੂਟੋ ਦੀ ਹਿਲਜੁਲ ਨੇ ਉਹ ਭਰ ਦਿੱਤੇ ਹਨ। ਤਸਵੀਰਾਂ ਵਿੱਚ ਚੈਰੋਨ ਉੱਤੇ ਲੰਮਾ ਚੌੜਾ ਚੀਰ ਵੇਖਿਆ ਗਿਆ ਹੈ ਜੋ ਦੂਰ ਤਕ ਫੈਲਿਆ ਹੋਇਆ ਹੈ। ਚੈਰੋਨ ਉੱਤੇ ਡਿੱਗੇ ਪੁਲਾੜੀ ਪਿੰਡਾਂ ਨਾਲ ਬਣੇ ਦੋ ਤਿੰਨ ਡੂੰਘੇ ਟੋਏ ਦੇਖੇ ਗਏ ਹਨ। ਨਿਊ ਹੋਰਾਈਜ਼ਨਜ਼ ਪੁਲਾੜੀ ਮਿਸ਼ਨ 2020 ਤਕ ਕਿਊਪਰ ਬਸਤੀ ਦੀ ਫਰੋਲਾ ਫਰਾਲੀ ਕਰ ਕੇ ਇਸ ਦੂਰ-ਦੁਰਾਡੇ ਖਿੱਤੇ ਬਾਰੇ ਕਾਫ਼ੀ ਕੁਝ ਨਵਾਂ ਦੱਸੇਗਾ।





ਕੌਮੀ ਪੱਤ੍ਰਿਕਾ

## ਚੋਣ ਐਲਾਨ ਪੱਤਰ ਜਾਰੀ ਕਰਨ ਦੇ 3 ਦਿਨਾਂ ਦੇ ਅੰਦਰ-ਅੰਦਰ ਮੁੱਖ ਚੋਣ ਅਧਿਕਾਰੀ ਦਫਤਰ ਵਿਚ 3-3 ਕਾਪੀਆਂ ਦੇਣਾ ਜ਼ਰੂਰੀ : ਪੰਕਜ ਅਗਰਵਾਲ

**ਚੰਡੀਗੜ੍ਹ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਹਰਿਆਣਾ ਦੇ ਮੁੱਖ ਚੋਣ ਅਧਿਕਾਰੀ ਸ੍ਰੀ ਪੰਕਜ ਅਗਰਵਾਲ ਨੇ ਕਿਹਾ ਕਿ ਭਾਰਤ ਚੋਣ ਕਮਿਸ਼ਨ ਵੱਲੋਂ ਚੋਣ ਜਾਬਤਾ ਦੇ ਮੱਦੇਨਜਰ ਚੋਣ ਐਲਾਨ ਪੱਤਰ ਦੇ ਸਬੰਧ ਵਿਚ ਜਾਰੀ ਨਿਰਦੇਸ਼ਾਂ ਅਨੁਸਾਰ ਸਹੀ ਰਾਜਨੀਤਿਕ ਪਾਰਟੀਆਂ ਜਾਂ ਚੋਣ ਲੜ੍ਹ ਰਹੇ ਉਮੀਦਵਾਰਾਂ ਨੂੰ ਆਪਣਾ ਚੋਣ ਐਲਾਨ ਪੱਤਰ ਜਾਰੀ ਕਰਨ ਦੀ ਮਿੱਤੀ ਦੇ ਬਾਅਦ 3 ਦਿਨਾਂ ਦੇ ਅੰਦਰ-ਅੰਦਰ ਮੁੱਖ ਚੋਣ ਅਧਿਕਾਰੀ ਦਫਤਰ ਵਿਚ ਹਿੰਦੀ ਤੇ ਅੰਗ੍ਰੇਜੀ ਵਿਚ ਤਿੰਨ-ਤਿੰਨ ਕਾਪੀਆਂ ਜਮ੍ਹਾ ਕਰਵਾਉਣੀ ਹੋਣਗੀਆਂ।

ਉਨ੍ਹਾਂ ਨੇ ਸਾਰੇ ਰਾਜਨੀਤਿਕ ਪਾਰਟੀਆਂ ਨੂੰ ਅਪੀਲ ਕੀਤੀ ਹੈ ਕਿ ਚੋਣ ਕਮਿਸ਼ਨ ਵੱਲੋਂ ਜਾਰੀ ਚੋਣ ਜਾਬਤਾ ਦੇ ਸਾਰੇ ਪਹਿਲੂਆਂ ਦਾ ਗੰਭੀਰਤਾ ਨਾਲ ਅਧਿਐਨ ਕਰਨ ਅਤੇ ਚੋਣ ਦੌਰਾਨ ਇਸ ਦੀ ਪੂਰੀ ਤਰ੍ਹਾ ਪਾਲਣਾ ਯਕੀਨੀ ਕਰਨ। ਉਨ੍ਹਾਂ ਨੇ ਕਿਹਾ ਕਿ ਚੋਣ ਜਾਬਤਾ ਦੇ ਪੈਰਾ-8 ਦੇ ਉੱਪ-ਕ੍ਰਮਾਂਕ (iii) ਅਨੁਸਾਰ ਚੋਣ ਐਲਾਨ ਪੱਤਰ ਵਿਚ ਪਾਰਦਰਸ਼ਿਤਾ, ਸਮਾਨ ਮੌਕਾ ਅਤੇ ਵਾਦਿਆਂ ਦੀ ਭਰੋਸੇ ਦੇ ਹਿੱਤ ਵਿਚ, ਇਹ ਉਮੀਦ ਕੀਤੀ ਜਾਂਦੀ ਹੈ ਕਿ ਐਲਾਨ ਪੱਤਰ ਵਾਦਿਆਂ ਦੇ ਜਾਇਜ਼ਤਾ ਨੂੰ ਵੀ ਪਾਬੰਦੀਸ਼ੁਦਾ ਕਰਨ ਅਤੇ ਮੁੱਖ ਰੂਪ ਨਾਲ ਇਸ ਦੇ ਲਈ ਮਾਲੀ ਜ਼ਰੂਰਤ ਨੂੰ ਪੂਰਾ ਕਰਨ ਦੇ ਢੰਗਾਂ ਅਤੇ ਸਰੋਤਾਂ ਨੂੰ ਰੇਖਾਂਕਿਤ ਕਰਨ ਅਤੇ ਵੋਟਰਾਂ ਦਾ ਭਰੋਸਾ ਸਿਰਫ ਉਨ੍ਹਾਂ ਵਾਦਿਆਂ 'ਤੇ ਹੋਣਾ ਚਾਹੀਦਾ ਜਿਸ ਦਾ ਪੂਰਾ ਹੋਣਾ ਸੰਭਵ ਹੋਵੇ।

ਮੁੱਖ ਚੋਣ ਅਧਿਕਾਰੀ ਨੇ ਸਪਸ਼ਟ ਕੀਤਾ ਕਿ ਇਕ - ਚਰਣ ਚੋਣ ਦੇ ਮਾਮਲੇ ਵਿਚ ਜਨ ਪ੍ਰਤੀਨਿਧੀਤਵ ਐਕਟ, 1951 ਦੀ ਧਾਰਾ 126 ਦੇ ਤਹਿਤ ਨਿਰਧਾਰਿਤ ਪ੍ਰੋਹਿਬਸ਼ਨ (ਮਨਾਹੀ) ਸਮੇਂ ਦੌਰਾਨ ਐਲਾਨ ਪੱਤਰ ਜਾਰੀ ਨਹੀ ਕੀਤਾ ਜਾਵੇਗਾ।

## ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਦੀ ਰਿਹਾਈ ਲਈ ਛੇਤੀ ਹੀ ਭੁੱਖ ਹੜਤਾਲ ਤੇ ਬੈਠਾਂਗੇ : ਭਾਈ ਰਣਜੀਤ ਸਿੰਘ ਲਹੁਕਾ



**ਜ਼ੀਰਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਲੋਕ ਸਭਾ ਹਲਕਾ ਖੰਡੂਰ ਸਾਹਿਬ ਤੋਂ ਐੱਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਜੋ ਕਿ ਡਿਬਰੂਗੜ੍ਹ ( ਆਸਾਮ ) ਦੀ ਜੇਲ ਵਿੱਚ ਬੰਦ ਹਨ ਦੀ ਅਤੇ ਉਹਨਾਂ ਦੇ ਸਾਥੀਆਂ ਦੀ ਰਿਹਾਈ ਲਈ ਛੇਤੀ ਹੀ ਭੁੱਖ ਹੜਤਾਲ ਤੇ ਬੈਠਾਂਗੇ । ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਸਿੱਖ ਪ੍ਰਚਾਰਕ ਭਾਈ ਰਣਜੀਤ ਸਿੰਘ ਲਹੁਕਾ ਨੇ ਪੱਤਰਕਾਰਾਂ ਕੋਲ ਕੀਤਾ । ਉਹਨਾਂ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਲੋਕ ਸਭਾ ਹਲਕਾ ਖੰਡੂਰ ਸਾਹਿਬ ਦੇ ਵੋਟਰਾਂ ਨੇ 2 ਲੱਖ ਤੋਂ ਵੀ ਵੱਧ ਵੋਟਾਂ ਦੇ ਫਰਕ ਨਾਲ ਬਹੁਮਤ ਦੇ ਕੇ ਐੱਮ ਪੀ ਬਣਾਇਆ ਹੈ ਪਰ ਸਮੇਂ ਦੀ ਸਰਕਾਰ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਜੇਲ ਵਿੱਚ ਰੱਖ ਕੇ ਲੋਕ ਸਭਾ ਹਲਕਾ ਖੰਡੂਰ ਸਾਹਿਬ ਦੇ ਲੋਕਾਂ ਦੇ ਨਾਲ ਧੱਕਾ ਕਰ ਰਹੀ, ਕਿਉਂਕਿ ਲੋਕ ਸਭਾ ਹਲਕਾ ਖੰਡੂਰ ਸਾਹਿਬ ਦੇ ਵੋਟਰਾਂ ਦੀ ਆਵਾਜ਼ ਐੱਮ ਪੀ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੋਂ ਬਿਨਾਂ ਹੋਰ ਕੌਣ ਸੰਸਦ ਵਿੱਚ ਚੁੱਕੇਗਾ । ਭਾਈ ਰਣਜੀਤ ਸਿੰਘ ਲਹੁਕਾ ਨੇ ਇਹ ਵੀ ਕਿਹਾ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਅਤੇ ਜਲੰਧਰ ਤੋਂ ਐੱਮ ਪੀ ਸਰਦਾਰ ਚਰਨਜੀਤ ਸਿੰਘ ਚੰਨੀ ਵੱਲੋਂ ਦੇਸ਼ ਦੀ ਪਾਰਲੀਮੈਂਟ ਵਿੱਚ ਲੋਕ ਸਭਾ ਹਲਕਾ ਖੰਡੂਰ ਸਾਹਿਬ ਦੇ ਵੋਟਰਾਂ ਦੇ ਹੱਕ ਵਿੱਚ ਆਵਾਜ਼ ਬੁਲੰਦ ਕੀਤੀ ਗਈ ਹੈ, ਜਿਸਦੀ ਸ਼ਾਲਾਂਘਾ ਕਰਨੀ ਬਣਦੀ ਹੈ । ਭਾਈ ਰਣਜੀਤ ਸਿੰਘ ਲਹੁਕਾ ਨੇ ਅੱਗੇ ਕਿਹਾ ਕਿ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਤੇ ਉਹਨਾਂ ਦੇ ਸਾਥੀਆਂ ਨੂੰ ਸਰਕਾਰ ਵੱਲੋਂ ਤੁਰੰਤ ਰਿਹਾਅ ਕਰਨਾ ਚਾਹੀਦਾ ਹੈ ਪਰ ਸਰਕਾਰ ਅਜਿਹਾ ਨਾ ਕਰਕੇ ਲੋਕਾਂ ਦੇ ਵਿਰੋਧ ਦਾ ਜਾਣ ਬੁੱਝ ਕੇ ਸਾਹਮਣਾ ਕਰ ਰਹੀ ਹੈ। ਉਹਨਾਂ ਕਿਹਾ ਕਿ ਲੋਕਾਂ ਵੱਲੋਂ ਚੁਣੇ ਨੁਮਾਇੰਦੇ ਭਾਈ ਅੰਮ੍ਰਿਤਪਾਲ ਸਿੰਘ ਖਾਲਸਾ ਨੂੰ ਸਰਕਾਰ ਵੱਲੋਂ ਰਿਹਾਅ ਨਾ ਕਰਨਾ ਲੋਕਤੰਤਰ ਦਾ ਘਾਣ ਕਰਨ ਦੇ ਬਰਾਬਰ ਹੈ । ਕਲਕੱਤਾ ਵਿੱਚ ਡਾ ਮੋਮਿਤਾ ਨਾਲ ਵਾਪਰੀ ਦਰਦਨਾਕ ਘਟਨਾ ਬਾਰੇ ਭਾਈ ਲਹੁਕਾ ਨੇ ਕਿਹਾ ਕਿ ਇਸ ਘਟਨਾ ਨੇ ਪੂਰੇ ਦੇਸ਼ ਨੂੰ ਸ਼ਰਮਸ਼ਾਰ ਕੀਤਾ ਹੈ, ਅਜਿਹੀਆਂ ਘਟਨਾਵਾਂ ਦੇਸ਼ ਦੇ ਮੱਥੇ ਤੇ ਕਲੰਕ ਹਨ।

## ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ ਡਵੀਜਨ ਕਮੇਟੀ ਦੀ ਚੋਣ, ਇੰਜ. ਗਗਨ ਗੁਪਤਾ ਨੂੰ ਚੁਣਿਆ ਪ੍ਰਧਾਨ



ਨਵੀਂ ਚੁਣੀ ਗਈ ਡਵੀਜਨ

**ਜ਼ੀਰਕਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਬਿਜਲੀ ਮੁਲਾਜ਼ਮਾਂ ਦੀ ਸਿਰਮੌਰ ਜੱਥੇਬੰਦੀ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ (ਪੀ ਐਸ ਪੀ ਸੀ ਐਲ/ਪੀ ਐਸ ਟੀ ਸੀ ਐਲ) ਦੇ ਜੀਰਕਪੁਰ/ਲਾਲੜੂ ਮੰਡਲ ਨਾਲ ਸਬੰਧਤ ਮੈਬਰਾਂ ਵਲੋਂ, ਇੰਜ ਰਵਿੰਦਰ ਤੁਸ਼ਾਰ ਪ੍ਰਧਾਨ ਸਰਕਲ ਮੁਹਾਲੀ ਅਤੇ ਇੰਜ ਅਮਿਤ ਕੁਮਾਰ ਦੀ ਸਰਪ੍ਰਸਤੀ ਹੇਠ ਮੰਡਲ ਦਫਤਰ ਜੀਰਕਪੁਰ ਵਿੱਚ ਮੀਟਿੰਗ ਕੀਤੀ ਗਈ ਅਤੇ ਡਵੀਜਨ ਕਮੇਟੀ ਦੀ ਚੋਣ ਸਰਵਸੰਮਤੀ ਨਾਲ ਹੋਈ। ਇਸ ਮੀਟਿੰਗ ਵਿੱਚ ਸਮੂਹ ਮੈਬਰਾਂ ਦੀ ਸਹਿਮਤੀ ਨਾਲ ਇੰਜ. ਗਗਨ ਗੁਪਤਾ ਨੂੰ ਪ੍ਰਧਾਨ, ਸੀਨੀਅਰ ਮੀਤ ਪ੍ਰਧਾਨ ਇੰਜ. ਲਵਪ੍ਰੀਤ ਸਿੰਘ, ਮੀਤ ਪ੍ਰਧਾਨ ਇੰਜ. ਗਗਨਪ੍ਰੀਤ ਸਿੰਘ, ਸਕੱਤਰ ਇੰਜ. ਅਸ਼ੀਸ਼ ਯਾਦਵ, ਜੁਆਇਟ ਸਕੱਤਰ ਇੰਜ. ਵਿਸ਼ਾਲ ਮਨੀ, ਫਾਇਨਾਂਸ ਸਕੱਤਰ ਇੰਜ. ਗੁਰਪ੍ਰੀਤ ਸਿੰਘ, ਮੁੱਖ ਆਰਗੇਨਾਈਜਰ ਇੰਜ. ਸਾਹਿਲ ਸੈਣੀ, ਸਲਾਹਕਾਰ ਇੰਜ. ਪਵਨ ਕੁਮਾਰ ਸ਼ਰਮਾ ਪ੍ਰੈਸ ਸਕਤੱਰ ਇੰਜ. ਅਮਰੀਕ ਸਿੰਘ ਅਤੇ ਐਕਸੀਕਿਊਟਿਵ ਮੈਬਰ ਇੰਜ. ਹਰਵਿੰਦਰ ਸਿੰਘ ਦੀ ਮੰਡਲ ਕਮੇਟੀ ਦੇ ਅਹੁਦੇਦਾਰਾਂ ਵਜੋਂ ਚੋਣ ਕੀਤੀ ਗਈ।

ਕਮੇਟੀ ਨੂੰ ਵਧਾਈ ਦਿੰਦੇ ਇੰਜ ਰਵਿੰਦਰ ਤੁਸ਼ਾਰ ਪ੍ਰਧਾਨ ਸਰਕਲ ਮੁਹਾਲੀ ਅਤੇ ਇੰਜ ਅਮਿਤ ਕੁਮਾ ਨੇ ਕਿਹਾ ਕਿ ਬਿਜਲੀ ਦੀ ਜੱਥੇਬੰਦੀ ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ ਦਾ ਇਤਿਹਾਸ ਬੜਾ ਸੰਘਰਸ਼ ਭਰਿਆ ਤੇ ਗੌਰਵਮਈ ਰਿਹਾ ਹੈ। ਐਸੋਸੀਏਸ਼ਨ ਆਫ ਜੂਨੀਅਰ ਇੰਜੀਨੀਅਰਜ ਹਮੇਸ਼ਾ ਹੀ ਬਿਜਲੀ ਮੁਲਾਜ਼ਮਾਂ ਦੇ ਹਿੱਤਾਂ ਦੀ ਰਾਖੀ ਲਈ ਚੱਟਾਨ ਵਾਂਗ ਖੜਦੀ ਰਹੀ ਹੈ ਤੇ ਇਤਿਹਾਸ ਗਵਾਹ ਹੈ ਕਿ ਵੱਡੇ ਸੰਘਰਸ਼ ਲੜਕੇ ਪਾਵਰਕਾਮ ਮੈਨੇਜਮੈਂਟ ਅਤੇ ਪੰਜਾਬ ਸਰਕਾਰ ਪਾਸੋਂ ਬਿਜਲੀ ਮੁਲਾਜ਼ਮਾਂ ਮੰਗਾਂ ਪੂਰੀਆਂ ਕਰਵਾਈਆਂ ਹਨ। ਉਹਨਾਂ ਨਵੇਂ ਚੁਣੇ ਗਏ ਆਗੂਆਂ ਦੀ ਕਾਬਲੀਅਤ ਅਤੇ ਯੋਗ ਅਗਵਾਈ ਤੇ ਭਰੋਸਾ ਜਿਤਾਉਂਦੇ ਹੋਏ ਜੀਰਕਪੁਰ/ਲਾਲੜੂ ਮੰਡਲ ਨਾਲ ਸਬੰਧਤ ਬਿਜਲੀ ਮੁਲਾਜ਼ਮਾਂ ਨੂੰ ਭਰੋਸਾ ਦਿਵਾਇਆ ਕਿ ਨਵੀਂ ਚੁਣੀ ਗਈ ਟੀਮ ਬਿਜਲੀ ਮੁਲਾਜ਼ਮਾਂ ਯੋਗ ਅਗਵਾਈ ਕਰੇਗੀ।

## ਯੂਪੀਐੱਸ ਸਕੀਮ ਸਾਨੂੰ ਨਹੀਂ ਮਨਜ਼ੂਰ, 1972 ਵਾਲੀ ਪੁਰਾਣੀ ਪੈਨਸ਼ਨ ਲਾਗੂ ਕੀਤੀ ਜਾਵੇ...ਬੀਐਡ ਅਧਿਆਪਕ ਫਰੰਟ ਪੰਜਾਬ

**ਸ੍ਰੀ ਅਨੰਦਪੁਰ ਸਾਹਿਬ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਕੇਂਦਰ ਦੀ ਮੋਦੀ ਸਰਕਾਰ ਸਾਲ 2004 ਤੋਂ ਬਾਅਦ ਭਰਤੀ ਮੁਲਾਜ਼ਮਾਂ ਨੂੰ ਬੁਢਾਪੇ ਦਾ ਸਹਾਰਾ ਪੁਰਾਣੀ ਪੈਨਸ਼ਨ ਦੇਣ ਦੀ ਬਜਾਏ, ਸਾਲ 2004 ਤੋਂ ਬਾਅਦ ਚੱਲ ਰਹੀ NPS ਦਾ ਰੂਪ ਬਦਲ ਕੇ ਯੂ ਪੀ ਐੱਸ ਨਾਂ ਦੀ ਪੈਨਸ਼ਨ ਸਕੀਮ ਲਾਗੂ ਕਰਕੇ ਮੁਲਾਜ਼ਮ ਵਰਗ ਨਾਲ਼ ਵੱਡਾ ਧੋਖਾ ਕਰਨ ਜਾ ਰਹੀ ਹੈ ਪਰ ਅਸੀਂ ਇਹਨਾਂ ਮਨਸੂਬਿਆਂ ਨੂੰ ਕਾਮਯਾਬ ਹੋਣ ਨਹੀਂ ਦੇਵਾਂਗੇ, ਇਹਨਾਂ ਗੱਲਾਂ ਦਾ ਪ੍ਰਗਟਾਵਾ ਬੀਐਡ ਅਧਿਆਪਕ ਫਰੰਟ ਪੰਜਾਬ ਦੇ ਸੂਬਾ ਪ੍ਰਧਾਨ ਹਰਵਿੰਦਰ ਸਿੰਘ ਬਿਲਗਾ ਅਤੇ ਜਨਰਲ ਸਕੱਤਰ ਸੁਰਜੀਤ ਰਾਜਾ ਨੇ ਕੀਤਾ,

ਸੂਬਾ ਪ੍ਰੈੱਸ ਸਕੱਤਰ ਬਲਵਿੰਦਰ ਸਿੰਘ ਲੋਦੀਪੁਰ ਅਤੇ ਗੁਰਦਿਆਲ ਮਾਨ ਨੇ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਹਾਲਾਂਕਿ ਇਸਦਾ ਐਸ ਓ ਪੀ ਅਜੇ ਜਾਰੀ ਨਹੀ ਕੀਤਾ ਗਿਆ ਪਰ ਜਿੰਨੀ ਕੁ ਜਾਣਕਾਰੀ ਨਿਕਲ ਕੇ ਸਾਹਮਣ ਆਈ ਹੈ ਉਸ ਮੁਤਾਬਿਕ 25 ਸਾਲ ਦੀ ਸਰਵਿਸ ਪੂਰੀ ਤੇ 25 ਵੇਂ ਸਾਲ ਦੀ ਔਸਤਨ ਬੇਸਿਕ ਦਾ 50 ਪ੍ਰਤੀਸ਼ਤ ਪੈਨਸ਼ਨ ਦੇ ਰੂਪ ਵਿੱਚ ਮੁਲਾਜ਼ਮ ਨੂੰ ਦਿੱਤਾ ਜਾਵੇਗਾ ਅਤੇ ਘੱਟੋ ਘੱਟ ਦਸ ਹਜ਼ਾਰ ਪੈਨਸ਼ਨ ਦੇਣ ਸਬੰਧੀ ਇਸਤੇ ਹੁਣ ਡੀਅਰਨੈਸ ਰੀਲੀਫ ਦੇਣ ਦੀ ਗੱਲ ਕਹੀ ਗਈ ਹੈ।

ਰਿਟਾਇਰਮੈਂਟ ਤੇ ਇਕਮੁਸ਼ਤ ਮਿਲਣ ਵਾਲੇ ਫੰਡ ਦੇ ਰੂਪ ਚ ਗੁਚੁੱਟੀ ਨੂੰ ਵੀ ਘਟਾ ਕੇ ਆਖਰੀ ਤਨਖਾਹ ਜਮਾਂ ਡੀ ਏ ਦੇ ਦਸਵੇਂ ਹਿੱਸੇ ਨੂੰ ਰੈਗੂਲਰ ਸੇਵਾ ਦੌਰਾਨ ਪੂਰ ਕੀਤੀਆਂ ਛਿਮਾਹੀਆਂ ਨਾਲ ਗੁਣਾ ਕਰਕੇ ਜੋ ਰਕਮ ਬਣੇਗੀ ਉਹ ਇਕਮੁਸ਼ਤ ਦਿੱਤੀ ਜਾਵੇਗੀ ਜਦਕਿ ਐਨ ਪੀ ਐਸ ਵਿੱਚ ਕੁੱਲ ਕਾਰਪਸ ਦਾ 60 ਪ੍ਰਤੀਸ਼ਤ ਹਿੱਸਾ ਮੁਲਾਜਮ ਨੂੰ ਇੱਕਮੁਸਤ ਮਿਲਣ ਦਾ ਪ੍ਰਾਵਧਾਨਾਂ ਸੀ ਜੋ ਕਿ ਚਲਾਕੀ ਨਾਲ ਘਟਾ ਦਿੱਤਾ ਗਿਆ ਹੈ ਅਤੇ ਨਾ ਹੀ ਬੁਢਾਪੇ ਭੱਤੇ ਦਾ ਜ਼ਿਕਰ ਕੀਤਾ ਗਿਆ ਹੈ ਇਸਦਾ ਸਿੱਧਾ ਫਾਇਦਾ ਕਾਰਪੋਰੇਟ ਜਗਤ ਨੂੰ ਹੁੰਦਾ ਪ੍ਰਤੀਤ ਹੋ ਰਿਹਾ ਹੈ। ਐਨ ਪੀ ਐਸ ਫੰਡ ਵਿੱਚ ਸਰਕਾਰ ਦਾ ਮੈਚਿੰਗ ਸ਼ੇਅਰ 14 ਤੋਂ 18.5 ਪ੍ਰਤੀਸ਼ਤ ਕਰਨ ਦੀ ਗੱਲ ਵੀ ਸ਼ਗੂਫਾ ਹੀ ਹੈ

ਉਹਨਾਂ ਨੇ ਕਿਹਾ ਕਿ ਮੋਦੀ ਸਰਕਾਰ ਦੀ ਯੂਪੀਐੱਸ ਸਕੀਮ,ਮੁਲਾਜ਼ਮਾਂ ਦੇ ਖੂਨ-ਪਸੀਨੇ ਨਾਲ਼ ਜਮ੍ਹਾ ਫੰਡ ਨੂੰ ਡਕਾਰਨ ਦੀ ਕੋਝੀ ਚਾਲ ਹੈ, ਜਿਸ ਨੂੰ ਪੰਜਾਬ ਹੀ ਨਹੀਂ ਸਗੋਂ ਦੇਸ਼ ਦੇ ਸਮੂਹ ਮੁਲਾਜ਼ਮ ਕਿਸੇ ਕੀਮਤ ਸਫ਼ਲ ਨਹੀਂ ਹੋਣ ਦੇਣਗੇ ਅਤੇ ਪੁਰਾਣੀ ਪੈਨਸ਼ਨ ਦੀ ਬਹਾਲੀ ਤੱਕ ਆਪਣਾ ਸੰਘਰਸ਼ ਜਾਰੀ ਰੱਖਣਗੇ।

ਇਸ ਦੇ ਨਾਲ ਹੀ ਉਹਨਾਂ ਪੰਜਾਬ ਦੀ ਮੌਜੂਦਾ ਭਗਵੰਤ ਮਾਨ ਸਰਕਾਰ ਨੂੰ ਵੀ ਬੇਨਤੀ ਕੀਤੀ ਕਿ ਉਹ ਮੋਦੀ ਸਰਕਾਰ ਦੇ ਯੂ ਪੀ ਐੱਸ ਮਾਡਲ ਨੂੰ ਸਿਰੇ ਤੋਂ ਨਕਾਰਦੇ ਹੋਏ, ਪੰਜਾਬ ਦੇ ਮੁਲਾਜ਼ਮਾਂ ਨਾਲ਼ ਆਪਣੇ ਕੀਤੇ ਹੋਏ ਵਾਅਦੇ ਅਨੁਸਾਰ ਪੁਰਾਣੀ ਪੈਨਸ਼ਨ ਸਕੀਮ ਜਲਦ ਲਾਗੂ ਕਰੇ। ਉਹਨ ਨੇ ਕਿਹਾ ਕਿ 1972 ਵਾਲੀ ਪੁਰਾਣੀ ਪੈਨਸ਼ਨ ਬਹਾਲੀ ਤੱਕ ਸਮੂਹ ਪੰਜਾਬ ਦੇ ਮੁਲਾਜ਼ਮਾਂ ਵੱਲੋਂ ਸੰਘਰਸ਼ ਜਾਰੀ ਰੱਖਿਆ ਜਾਵੇਗਾ,

ਇਸ ਮੀਟਿੰਗ ਵਿੱਚ ਅਜੀਤ ਪਾਲ ਸਿੰਘ ਜਸੋਵਾਲ, ਸੁਰਜੀਤ ਰਾਜਾ ,ਡਾਕਟਰ ਸੰਤ ਸੇਵਕ ਸਿੰਘ ਸਰਕਾਰੀਆ, ਗੁਰਿੰਦਰ ਪਾਲ ਸਿੰਘ ਖੇੜੀ, ਕਰਮਜੀਤ ਸਿੰਘ ਜਲਾਲ ,ਬਿਕਰਮਜੀਤ ਸਿੰਘ ਕੱਦੋ ,ਗੁਰਦੀਪ ਚੀਮਾ ,ਪਰਮਿੰਦਰ ਸਿੰਘ ਬਰਨਾਲਾ, ਹੈਰੀ ਮੁਕਤਸਰ ਸਾਹਿਬ, ਦਰਸ਼ਨ ਅਲੀ ਸ਼ੇਰ, ਜੁਝਾਰ ਸਿੰਘ, ਗੁਰਦਿਆਲ ਮਾਨ, ਕੁਲਜੀਤ ਸਿੰਘ ਫਤਿਹਗੜ੍ਹ ਸਾਹਿਬ, ਪ੍ਰੇਮ ਸਿੰਘ ਠਾਕੁਰ,ਬਲਰਾਜ ਚੇਤਿਆਨਾ , ਮੁਹੰਮਦ ਬਸ਼ੀਰ ,ਕੇਵਲ ਸੰਗਰੂਰ, ਬਲਵਿੰਦਰ ਸਿੰਘ ਰੈਲੋ, ਹਰਪ੍ਰੀਤ ਸਿੰਘ ,ਹਰਭਜਨ ਸਿੰਘ, ਰਜੀਵ ਕੁਮਾਰ ,ਯੋਗੇਸ਼ ਕੁਮਾਰ, ਰਵੀ ਕੁਮਾਰ, ਅੰਮ੍ਰਿਤਪਾਲ ਸਿੰਘ ,ਹਰਨੇਕ ਸਿੰਘ ,ਅਜੇ ਕੁਮਾਰ ,ਮਨੀਸ਼ ਕੁਮਾਰ ,ਅਨਿਲ ਕੁਮਾਰ ਅਤੇ ਗੁਰਚਰਨ ਸਿੰਘ ਆਦਿ ਹਜਾਰ ਸਨ

## ਆਪ ਸਰਕਾਰ ਨੇ ਸਿਹਤ ਅਤੇ ਸਿੱਖਿਆ ਵਿੱਚ ਵੱਡੇ ਸੁਧਾਰ ਕੀਤੇ : ਮੇਜਰ ਸਿੰਘ ਭੁੱਲਰ

**ਜ਼ੀਰਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਦੀ ਯੋਗ ਅਗਵਾਈ ਹੇਠ ਨੌਜਵਾਨਾਂ ਨੂੰ ਨੌਕਰੀਆਂ ਦੇ ਕੇ ਬੇਰੁਜ਼ਗਾਰੀ ਦੂਰ ਕਰਨ ਦੇ ਨਾਲ ਨਾਲ ਸਿੱਖਿਆ ਅਤੇ ਸਿਹਤ ਦੇ ਖੇਤਰ ਵਿੱਚ ਵੱਡੇ ਸੁਧਾਰ ਕੀਤੇ ਹਨ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਵਿਧਾਨ ਸਭਾ ਹਲਕਾ ਜ਼ੀਰਾ ਤੋਂ ਆਮ ਆਦਮੀ ਪਾਰਟੀ ਦੇ ਵਿਧਾਇਕ ਸ੍ਰੀ ਨਰੇਸ਼ ਕਟਾਰੀਆ ਦੇ ਪੀ ਏ ਸਰਦਾਰ ਮੇਜਰ ਸਿੰਘ ਭੁੱਲਰ ਨੇ ਜੀਰਾ ਵਿਖੇ ਪੱਤਰਕਾਰਾਂ ਕੋਲ ਕੀਤਾ । ਉਹਨਾਂ ਕਿਹਾ ਕਿ ਆਮ ਆਦਮੀ ਪਾਰਟੀ ਦੀ ਸਰਕਾਰ ਪੰਜਾਬ ਦੀ ਤਰੱਕੀ ਲਈ ਬਚਨਬੱਧ ਹੈ ਅਤੇ ਪੰਜਾਬ ਨੂੰ ਬੁਲੰਦੀਆਂ ਤੇ ਪਹੁੰਚਾਉਣ ਲਈ ਯਤਨ ਕਰ ਰਹੀ ਹੈ। ਸਰਦਾਰ ਮੇਜਰ ਸਿੰਘ ਭੁੱਲਰ ਨੇ ਅੱਗੇ ਕਿਹਾ ਕਿ ਆਮ ਆਦਮੀ ਪਾਰਟੀ ਦੀ ਪੰਜਾਬ ਸਰਕਾਰ ਨੇ ਨੌਜਵਾਨਾਂ ਨੂੰ ਨੌਕਰੀਆਂ ਬਿਨਾਂ ਕਿਸੇ ਸਿਫਾਰਿਸ਼ ਅਤੇ ਬਿਨਾਂ ਕਿਸੇ ਨੂੰ ਕੋਈ ਪੈਸਾ ਦਿੱਤਿਆਂ ਮੈਰਿਟ ਦੇ ਅਧਾਰ ਤੇ ਦਿੱਤੀਆਂ ਹਨ, ਜਿਸਦੀ ਨੌਜਵਾਨ ਵਰਗ ਵੱਲੋਂ ਤਰੀਫ ਕੀਤੀ ਜਾ ਰਹੀ । ਵਿਧਾਨ ਸਭਾ ਹਲਕਾ ਜੀਰਾ ਬਾਰੇ ਗੱਲਬਾਤ ਕਰਦਿਆਂ ਸਰਦਾਰ ਮੇਜਰ ਸਿੰਘ ਭੁੱਲਰ ਨੇ ਕਿਹਾ ਕਿ ਐੱਮ ਐੱਲ ਏ ਸ਼੍ਰੀ ਨਰੇਸ਼ ਕਟਾਰੀਆ ਅਤੇ ਉਹਨਾਂ ਦੇ ਫਰਜੰਦ ਪਾਰਟੀ ਦੇ ਯੂਥ ਆਗੂ ਸ੍ਰੀ ਸ਼ੰਕਰ ਕਟਾਰੀਆ ਦੀ ਅਗਵਾਈ ਹੇਠ ਬੇਮਿਸਾਲ ਕੰਮ ਕੀਤੇ ਜਾ ਰਹੇ ਹਨ। ਉਹਨਾਂ ਕਿਹਾ ਕਿ ਉਹ ਖੁਦ ਅਤੇ ਸ੍ਰੀ ਨਰੇਸ਼ ਕਟਾਰੀਆ ਐੱਮ ਐੱਲ ਏ ਅਤੇ ਉਹਨਾਂ ਦੇ ਫਰਜੰਦ ਸ੍ਰੀ ਸ਼ੰਕਰ ਕਟਾਰੀਆ 24 ਘੰਟੇ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਹਨ। ਉਹਨਾਂ ਕਿਹਾ ਕਿ ਐਮ ਐਲ ਏ ਸ਼੍ਰੀ ਨਰੇਸ਼ ਕਟਾਰੀਆ ਛੇਤੀ ਹੀ ਮੁੱਖ ਮੰਤਰੀ ਸਰਦਾਰ ਭਗਵੰਤ ਸਿੰਘ ਮਾਨ ਤੋਂ ਜੀਰਾ ਹਲਕੇ ਲਈ ਵਿਸ਼ੇਸ਼ ਪੈਕੇਜ ਲਿਆ ਰਹੇ ਹਨ, ਜਿਸ ਨਾਲ ਜ਼ੀਰਾ ਹਲਕੇ ਦੀ ਨੁਹਾਰ ਬਦਲ ਜਾਵੇਗੀ । ਇਸ ਮੌਕੇ ਸਰਦਾਰ ਮੇਜਰ ਸਿੰਘ ਭੁੱਲਰ ਦੇ ਨਾਲ ਸ਼ੰਮੀ ਜੈਨ ਪ੍ਰਧਾਨ ਰਾਈਸ ਮਿਲਜ ਐਸੋਸੀਏਸ਼ਨ ਜ਼ੀਰਾ, ਸਰਦਾਰ ਸਰਬਜੀਤ ਸਿੰਘ ਸਰਪੰਚ ਗਾਦੜੀ ਵਾਲਾ, ਸਰਦਾਰ ਬਲਦੇਵ ਸਿੰਘ ਸਰਪੰਚ ਮਹੀਆ ਵਾਲਾ ਕਲਾਂ, ਡਾਕਟਰ ਸੁਖਮੰਦਰ ਸਿੰਘ ਮੇਹਰ ਸਿੰਘ ਵਾਲਾ, ਗੁਰਪ੍ਰੀਤ ਸਿੰਘ ਫੇਰੋਕੇ ਉਰਫ ਗੋਪੀ ਬਰਾੜ, ਨਵਦੀਪ ਸਿੰਘ, ਗੁਰਮੀਤ ਸਿੰਘ ਮੀਤਾ, ਸ੍ਰੀ ਅਸ਼ੋਕ ਕਥੂਰੀਆ ਸੀਨੀਅਰ ਆਗੂ, ਸਰਦਾਰ ਗੁਰਪ੍ਰੀਤ ਸਿੰਘ ਜੱਜ ਆਦਿ ਹਾਜ਼ਰ ਸਨ ।

## ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਨਸ਼ਾ ਵਿਰੋਧੀ ਸੈਮੀਨਾਰ

**ਬਰਨਾਲਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**




ਬਰਨਾਲਾ ਦੇ ਇੱਕ ਨਿੱਜੀ ਪੈਲੇਸ ਵਿਚ ਜਿ ?ਲ੍ਹਾ ਪੁਲਸ ਬਰਨਾਲਾ ਵਲੋਂ ਨੌਜਵਾਨਾਂ ਨੂੰ ਨਸਿ ?ਆਂ ਤੋਂ ਦੂਰ ਰੱਖਣ ਦੇ ਮੰਤਵ ਨਾਲ ਇੱਕ ਨਸ਼ਾ ਵਿਰੋਧੀ ਸੈਮੀਨਾਰ ਕਰਵਾਇਆ ਗਿਆ ਏ। ਇਸ ਸੈਮੀਨਾਰ ਵਿਚ ਜਿਥੇ ਜਿ ?ਲ੍ਹੇ ਦੇ ਵੱਖ ਵੱਖ ਮੁਲਾਜ਼ਮਾਂ ਵਲੋਂ ਨਸ਼ਾ ਵਿਰੋਧੀ ਗਤੀਵਿਧੀਆਂ ਤੋਂ ਜਾਣੂ ਕਰਵਾਇਆ, ਉਥੇ ਹੀ ਟਰੈਫਿਕ ਨਿਯਮਾਂ ਦੇ ਨਵੇਂ ਆਏ ਕਾਨੂੰਨਾਂ ਤੋਂ ਵੀ ਸੁਚੇਤ ਕਰਵਾਇਆ।

ਇਹ ਸੈਮੀਨਾਰ ਜਿ ?ਲ੍ਹਾ ਪੁਲਸ ਕਪਤਾਨ ਸ੍ਰੀ ਸੰਦੀਪ ਮਲਿਕ ਵਲੋਂ ਰਖਾਇਆ ਗਿਆ ਜਿਨ੍ਹਾਂ ਦੀ ਅਗਵਾਈ ਹੇਠ ਪਹਿਲਾਂ ਹੀ ਜਿ ?ਲ੍ਹੇ ਅੰਦਰ ਨਸ਼ਾ ਵਿਰੋਧੀ ਗਤੀਵਿਧੀਆਂ ਤੋਂ ਦੂਰ ਰਖਾਇਆ ਗਿਆ ਏ ਤੇ ਜਿ ?ਲ੍ਹੇ ਦੇ ਕਈ ਨਸ਼ਾ ਤਸਕਰਾਂ ਦੀਆਂ ਜ਼ਮੀਨਾਂ ਨੂੰ ਜ਼ਬਤ ਕਰਵਾਇਆ ਗਿਆ।

ਇਸ ਸਮਾਗਮ ਵਿਚ ਵਿਸ਼ੇਸ਼ ਤੌਰ ਤੇ ਪਹੁੰਚੇ ਡੀ.ਆਈ.ਜੀ. ਰੇਂਜ ਪਟਿਆਲਾ ਸ: ਹਰਚਰਨ ਸਿੰਘ ਭੁੱਲਰ ਪਹੁੰਚੇ ਜਿਨ੍ਹਾਂ ਨੇ ਨਸ਼ਾ ਵਿਰੋਧੀ ਤਿਆਰ ਕਰਵਾਈਆਂ ਹੋਈਆਂ ਕਮੇਟੀਆਂ ਅਤੇ ਨੌਜਵਾਨਾਂ ਨਾਲ ਆਪਣੇ ਵਿਚਾਰ ਸਾਂਝੇ ਕੀਤੇ। ਇਸ ਸਮਾਗਮ ਵਿਚ ਭਾਰੀ ਗਿਣਤੀ ਵਿਚ ਨੌਜਵਾਨਾਂ ਅਤੇ ਪਿੰਡਾਂ ਦੇ ਨੌਜਵਾਨ ਅਤੇ ਪੰਚਾਇਤਾਂ ਸਮੇਤ ਨਸ਼ਾ ਵਿਰੋਧੀ ਕਮੇਟੀਆਂ ਦੇ ਮੈਂਬਰ ਹਾਜ਼ਰ ਸਨ।

ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਮੁੱਖ ਮਹਿਮਾਨ ਸ. ਹਰਚਰਨ ਸਿੰਘ ਭੁੱਲਰ ਨੇ ਕਿਹਾ ਕਿ ਜਿਹੜੇ ਵੀ ਨਸ਼ਾ ਵੇਚਣ ਦਾ ਕਾਰੋਬਾਰ ਕਰਦੇ ਨੇ ਉਨ੍ਹਾਂ ਦੀਆਂ ਪ੍ਰੋਪਰਟੀਆਂ ਨੂੰ ਸੀਲ ਕਰਕੇ ਜਿ ?ਲ੍ਹਾ ਸਿਵਲ ਪ੍ਰਸਾਸ਼ਨ ਦੇ ਧਿਆਨ ਵਿਚ ਲਿਆਂਦਾ ਜਾਵੇਗਾ ਤਾਂ ਇਹਨਾਂ ਜ਼ਮੀਨਾਂ ਦੀ ਖਰੀਦੋ ਫਰੋਖਤ ਨਾ ਹੋ ਸਕੇ।

## ਔਰਤਾਂ ਨੂੰ ਆਪਣੀ ਰੱਖਿਆ ਲਈ ਮਾਨਸਿਕ ਤੇ ਸਰੀਰਕ ਰੂਪ ਵਿੱਚ ਮਜ਼ਬੂਤ ਹੋਣਾ ਪਵੇਗਾ : ਡਾ ਨਵਦੀਪ ਕੌਰ ਸਰਪੰਚ

**ਜ਼ੀਰਾ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਬੀਤੇ ਦਿਨੀ ਕਲਕੱਤਾ ਵਿਖੇ ਡਾਕਟਰ ਮੋਮਿਤਾ ਨਾਲ ਵਾਪਰੀ ਬਹੁਤ ਹੀ ਮੰਦਭਾਗੀ ਘਟਨਾ ਜਿਸ ਨੂੰ ਸ਼ਬਦਾਂ ਵਿੱਚ ਬਿਆਨ ਕਰਨਾ ਮੁਸ਼ਕਿਲ ਹੀ ਨਹੀਂ ਅਸੰਭਵ ਹੈ। ਇਹਨਾਂ ਸ਼ਬਦਾਂ ਦਾ ਪ੍ਰਗਟਾਵਾ ਇੱਕ ਲਿਖਤੀ ਪ੍ਰੈੱਸ ਨੋਟ ਰਾਹੀਂ ਰਾਜਸਥਾਨ ਦੇ ਪਿੰਡ 5 ਕੇ ਕੇ ( ਗੰਗਾਨਗਰ ) ਦੀ ਸਰਪੰਚ ਅਤੇ ਚਰਚਿਤ ਲੇਖਿਕਾ ਡਾ ਨਵਦੀਪ ਕੌਰ ਸਰਪੰਚ ਨੇ ਇਸ ਪੱਤਰਕਾਰ ਨਾਲ ਫੋਨ ਤੇ ਕੀਤਾ । ਉਹਨਾਂ ਕਿਹਾ ਕਿ ਸਾਡੇ ਦੇਸ਼ ਵਿੱਚ ਅਜਿਹੇ ਦਰਿੰਦੇ ਖੁੱਲ੍ਹੇ ਆਮ ਘੁੰਮ ਰਹੇ ਨੇ ਪਰ ਪੜ੍ਹੀਆਂ ਲਿਖੀਆਂ ਕੁੜੀਆਂ ਅਤੇ ਔਰਤਾਂ ਇਹਨਾਂ ਦਰਿੰਦਿਆਂ ਦੀ ਹਵਸ ਦਾ ਸ਼ਿਕਾਰ ਹੋ ਰਹੀਆਂ ਨੇ, ਮੈਡਮ ਨਵਦੀਪ ਨੇ ਕਿਹਾ ਕਿ ਸਾਡੀ ਨਿਆਂ ਪ੍ਰਣਾਲੀ ਠੋਸ ਕਦਮ ਚੁੱਕਣ ਦੀ ਬਜਾਏ ਇਹਨਾਂ ਦਰਿੰਦਿਆਂ ਦੇ ਪੱਖ ਲੈਂਦੀ ਹੋਈ ਨਜ਼ਰ ਆਉਂਦੀ ਹੈ। ਡਾ ਨਵਦੀਪ ਕੌਰ ਸਰਪੰਚ ਨੇ ਕਿਹਾ ਕਿ ਭਾਰਤ ਦੀ ਅਜਿਹੀ ਨਿਆ ਪ੍ਰਣਾਲੀ ਤੋਂ ਮੋਮਬੱਤੀਆਂ ਜਗਾ ਕੇ ਇਨਸਾਫ ਦੀ ਉਮੀਦ ਰੱਖਣਾ ਮੱਝ ਅੱਗੇ ਬੀਨ ਵਜਾਉਣ ਦੇ ਬਰਾਬਰ ਹੈ । ਉਹਨਾਂ ਕਿਹਾ ਕਿ ਜਿੱਥੇ ਅਸੀਂ ਆਪਣੇ ਬੱਚਿਆਂ ਦੀ ਪੜ੍ਹਾਈ ਲਿਖਾਈ ਵੱਲ ਖਾਸ ਧਿਆਨ ਦਿੰਦੇ ਹਾਂ, ਉਥੇ ਸਾਨੂੰ ਉਹਨਾਂ ਦੀ ਸੁਰੱਖਿਆ ਵੱਲ ਵੀ ਵਿਸ਼ੇਸ਼ ਧਿਆਨ ਦਿੰਦੇ ਹੋਏ ਘਰ ਤੋਂ ਹੀ ਸੁਰੱਖਿਆ ਦੇ ਵਿਸ਼ੇਸ਼ ਕਦਮ ਚੁੱਕਣੇ ਪੈਣਗੇ। ਬੱਚੀਆਂ ਨੂੰ ਮਾਨਸਿਕ ਤੇ ਸਰੀਰਕ ਰੂਪ ਵਿੱਚ ਮਜਬੂਤ ਬਣਾਉਣ ਲਈ ਟ੍ਰੇਨਿੰਗ ਦਿੱਤੀ ਜਾਵੇ, ਖਾਸ ਤੌਰ ਤੇ ਬੱਚੀਆਂ ਦੀਆਂ ਮਾਵਾਂ ਨੂੰ ਆਪਣੀਆਂ ਬੱਚੀਆਂ ਦੀ ਪੜਾਈ ਦੇ ਨਾਲ - ਨਾਲ ਉਹਨਾਂ ਦੀ ਸਵੈ ਰੱਖਿਆ ਲਈ ਉਹਨਾਂ ਨੂੰ ਏਨਾ ਮਜਬੂਤ ਬਣਾ ਦਿੱਤਾ ਜਾਵੇ ਕਿ ਉਹ ਅਜਿਹੇ ਦਰਿੰਦਿਆਂ ਨੂੰ ਮੌਕੇ ਤੇ ਹੀ ਅਜਿਹਾ ਸਬਕ ਸਿਖਾਉਣ ਕਿ ਦੁਬਾਰਾ ਕਿਸੇ ਵੀ ਬੱਚੀ ਦੇ ਨਾਲ ਅਜਿਹੀ ਘਿਣੌਨੀ ਹਰਕਤ ਕਰਨ ਦੀ ਕੋਈ ਹਿੰਮਤ ਨਾ ਕਰ ਸਕੇ। ਡਾ ਨਵਦੀਪ ਕੌਰ ਸਰਪੰਚ ਨੇ ਕਿਹਾ ਕਿ ਸਕੂਲ ਅਤੇ ਕਿਤਾਬੀ ਸਿਲੇਬਸ ਵਿੱਚ ਬੱਚੀਆਂ ਦੀ ਸੁਰੱਖਿਆ ਲਈ ਸਵੈ ਰੱਖਿਆ ਟ੍ਰੇਨਿੰਗ ਨੂੰ ਹਿੱਸਾ ਬਣਾਇਆ ਬਣਾਉਣ ਦੀ ਹੁਣ ਬੇਹੱਦ ਜ਼ਰੂਰਤ ਹੈ।

## ਵੇਖਣ ਨੂੰ ਮਿਲਣਗੇ ਪੰਜਾਬ ਦੀ ਅਮੀਰ ਵਿਰਾਸਤ ਅਤੇ ਸਭਿਆਚਾਰ ਦੇ ਰੰਗ

**ਸ੍ਰੀ ਮੁਕਤਸਰ ਸਾਹਿਬ, 26 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਮੁੱਖ ਮੰਤਰੀ ਸ: ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਦੇ ਸਭਿਆਚਾਰਕ ਮਾਮਲੇ ਵਿਭਾਗ ਵੱਲੋਂ ਧੀਆਂ ਦੇ ਸਨਮਾਨ ਵਿੱਚ ਮਿਤੀ 28 ਤੋਂ 30 ਅਗਸਤ 2024 ਤੱਕ ਜ਼ਿਲ੍ਹੇ ਦੇ ਪਿੰਡ ਭਲਾਈਆਣਾ ਵਿੱਚ 'ਤੀਆਂ ਦਾ ਮੇਲਾ' ਕਰਵਾਇਆ ਜਾ ਰਿਹਾ ਹੈ। ਇਹ ਜਾਣਕਾਰੀ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਆਈ.ਏ.ਐਸ. ਨੇ ਦਿੱਤੀ ਹੈ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਮੇਲੇ ਦਾ ਉਦੇਸ਼ ਜਿੱਥੇ ਸਾਡੇ ਅਮੀਰ ਵਿਰਸੇ ਅਤੇ ਸਭਿਆਚਾਰ ਤੋਂ ਸਾਡੀ ਨਵੀਂ ਪੀੜ੍ਹੀ ਨੂੰ ਜਾਣੂੰ ਕਰਵਾਉਣਾ ਹੈ ਉਥੇ ਹੀ ਇਸ ਰਾਹੀਂ ਸਾਡੇ ਸਮਾਜ ਵਿੱਚ ਅੱਧੀ ਹਿੱਸੇਦਾਰੀ ਰੱਖਣ ਵਾਲੀਆਂ ਔਰਤਾਂ ਨੂੰ ਸਨਮਾਨ ਦੇਣਾ ਵੀ ਹੈ।

ਡਿਪਟੀ ਕਮਿਸ਼ਨਰ ਸ੍ਰੀ ਰਾਜੇਸ਼ ਤ੍ਰਿਪਾਠੀ ਨੇ ਦੱਸਿਆ ਕਿ ਇਸ ਤਿੰਨ ਦਿਨਾਂ ਮੇਲੇ ਵਿੱਚ ਜਿੱਥੇ ਤੀਆਂ ਦੇ ਰਵਾਇਤੀ ਵਿਰਾਸਤੀ ਰੰਗ ਵੇਖਣ ਨੂੰ ਮਿਲਣਗੇ ਉਥੇ ਹੀ ਇਸ ਵਿਚ ਔਰਤਾਂ ਵੱਲੋਂ ਸਮਾਜ ਦੇ ਵੱਖ ਵੱਖ ਖੇਤਰਾਂ ਵਿਚ ਨਿਭਾਈ ਜਾ ਰਹੀ ਭੂਮਿਕਾ ਅਤੇ ਸਫਲ ਔਰਤਾਂ ਦੇ ਜੀਵਨ ਤੇ ਚਰਚਾ ਵੀ ਹੋਵੇਗੀ। ਉਨ੍ਹਾਂ ਨੇ ਦੱਸਿਆ ਕਿ ਇਸ ਦੌਰਾਨ ਨਾਮੀ ਗਾਇਕ ਜਿੰਨ੍ਹਾਂ ਵਿਚ ਗੁਰਲੇਜ ਅਖ਼ਤਰ, ਅਫ਼ਸਾਨਾ ਖਾਨ ਅਤੇ ਕੰਵਰ ਗਰੇਵਾਲ ਵੀ ਵਿਸੇਸ਼ ਤੌਰ ਤੇ ਇਸ ਮੇਲੇ ਵਿਚ ਆਪਣੀ ਪੇਸ਼ਕਾਰੀ ਦੇਣ ਲਈ ਪਹੁੰਚ ਰਹੇ ਹਨ।

ਡਿਪਟੀ ਕਮਿਸ਼ਨਰ ਨੇ ਦੱਸਿਆ ਕਿ ਇਸ ਦੌਰਾਨ ਵੱਖ ਵੱਖ ਪ੍ਰਕਾਰ ਦੇ ਸਭਿਆਚਾਰਕ ਪ੍ਰੋਗਰਾਮ ਵੀ ਪੇਸ਼ ਹੋਣਗੇ ਅਤੇ ਵੱਖ ਵੱਖ ਮੁਕਾਬਲੇ ਵੀ ਕਰਵਾਏ ਜਾਣਗੇ।

ਇਸ ਮੌਕੇ ਪੰਜਾਬੀ ਸਭਿਆਚਾਰ ਦੀ ਪ੍ਰਦਰਸ਼ਨੀ, ਪੁਰਾਤਨ ਵਿਰਸੇ ਦੀ ਝਲਕ, ਪੇਟਿੰਗ ਮੁਕਾਬਲੇ, ਮਿੰਨੀ ਕਹਾਣੀ ਅਤੇ ਕਵਿਤਾ ਰਚਨਾ ਮੁਕਾਬਲੇ, ਪੀਂਘਾਂ, ਗੁੱਤ ਗੁੰਦਣ ਦੇ ਮੁਕਾਬਲੇ, ਵਿਚਾਰ ਗੋਸ਼ਠੀ, ਗਿੱਧਾ, ਭੰਗੜਾ, ਰਵਾਇਤੀ ਖੇਡਾਂ, ਰਵਾਇਤੀ ਖਾਣੇ, ਰਵਾਇਤੀ ਪੋਸ਼ਾਕਾਂ ਦੇ ਰੰਗ ਵੇਖਣ ਨੂੰ ਮਿਲਣਗੇ ਉਥੇ ਹੀ ਹਰ ਰੋਜ ਸੁਰਾਂ ਦੀ ਸ਼ਾਮ ਵਿਚ ਨਾਮੀ ਕਲਾਕਾਰ ਆਪਣੀ ਪੇਸ਼ਕਾਰੀ ਦਿਆ ਕਰਨਗੇ।

ਡਿਪਟੀ ਕਮਿਸ਼ਨਰ ਨੇ ਜ਼ਿਲ੍ਹਾ ਵਾਸੀਆਂ ਖਾਸ ਕਰਕੇ ਔਰਤਾਂ ਨੂੰ ਇਸ ਤੀਆਂ ਦੇ ਮੇਲੇ ਵਿਚ ਹੁੰਮ ਹੁੰਮਾ ਕੇ ਪਹੁੰਚਣ ਦਾ ਸੱਦਾ ਦਿੱਤਾ ਹੈ।

## 68ਵੀਆਂ ਜ਼ਿਲ੍ਹਾ ਪੱਧਰੀ ਖੋ-ਖੋ ਅਤੇ ਹਾਕੀ ਮੁਕਾਬਲੇ ਸ਼ਾਨੋ- ਸ਼ੌਕਤ ਨਾਲ ਸਮਾਪਤ



**ਰੂਪਨਗਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਸਿੱਖਿਆ ਵਿਭਾਗ ਦੀਆਂ 68ਵੀਆਂ ਮਾਨਯੋਗ ਜ਼ਿਲ੍ਹਾ ਸਿੱਖਿਆ ਅਫਸਰ ਸੈਕੰਡਰੀ ਸਿੱਖਿਆ ਸੰਜੀਵ ਗੌਤਮ ਦੀ ਰਹਿਨੁਮਾਈ ਹੇਠ 68 ਵੀਆ ਜ਼ਿਲ੍ਹਾ ਪੱਧਰੀ ਖੋ -ਖੋ ਡੀ, ਏ, ਵੀ ਸਕੂਲ ਰੂਪਨਗਰ, ਹਾਕੀ ਹਾਕਸ ਸਟੇਡੀਅਮ ਵਿਖੇ ਫਾਈਨਲ ਮੁਕਾਬਲੇ ਸ਼ਾਨੋ ਸ਼ੌਕਤ ਨਾਲ ਸਮਾਪਤ ਹੋ ਗਏ ਹਨ।

ਕਨਵੀਨਰ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਸ਼ਰਮਾ ਅਤੇ ਪ੍ਰਿੰਸੀਪਲ ਜਗਤਾਰ ਸਿੰਘ ਲੌਂਗੀਆ ਸਕੂਲ ਆਫ ਫੈਮੀਨਸ ਫਾਰ ਗਰਲਸ ਨੇ ਹਾਕਸ ਸਟੇਡੀਅਮ ਵਿੱਚ ਜਾ ਕੇ ਬੱਚਿਆਂ ਨਾਲ ਜਾਣ ਪਛਾਣ ਕੀਤੀ ਅਤੇ ਉਹਨਾਂ ਨਾਲ ਯਾਦਗਾਰੀ ਫੋਟੋ ਵੀ ਖਿਚਵਾਈ ਖੋ -ਖੋ ਵਿਚ ਪ੍ਰਿੰਸੀਪਲ ਸੰਗੀਤਾ ਰਾਣੀ ਡੀਏਵੀ ਪਬਲਿਕ ਸਕੂਲ ਰੂਪਨਗਰ ਨੇ ਖਿਡਾਰੀਆਂ ਨੂੰ ਇਨਾਮ ਵੰਡੇ।

ਇਹਨਾਂ ਖੇਡਾਂ ਦੀ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਸਪੋਰਟਸ ਕੋਆਰਡੀਨੇਟਰ ਸ੍ਰੀਮਤੀ ਸ਼ਰਨਜੀਤ ਕੌਰ ਨੇ ਦੱਸਿਆ ਕਿ ਖੋ-ਖੋ, ਹਾਕੀ ਸਾਰੇ ਵਰਗ ਵੱਖ ਵੱਖ ਸਕੂਲਾਂ ਵਿੱਚ ਚੱਲ ਰਹੇ ਹਨ। ਅੱਜ ਫਾਈਨਲ ਮੁਕਾਬਲੇ ਵਿਚ ਖੋ-ਖੋ ਅੰਡਰ 14 ਲੜਕੇ ਪਹਿਲਾਂ ਸਥਾਨ ਮੋਰਿੰਡਾ ਜੋਨ, ਦੂਜੇ ਸਥਾਨ ਸ੍ਰੀ ਆਨੰਦਪੁਰ ਸਾਹਿਬ ਅਤੇ ਤੀਜਾ ਸਥਾਨ ਸ੍ਰੀ ਚਮਕੌਰ ਸਾਹਿਬ ਨੇ ਲਿਆ।

ਖੋ-ਖੋ ਅੰਡਰ 17 ਸਾਲ ਲੜਕੇ ਪਹਿਲਾ ਸਥਾਨ ਨੂਰਪੁਰ ਬੇਦੀ ਜੋਨ, ਦੂਜਾ ਸਥਾਨ ਸ਼੍ਰੀ ਅਨੰਦਪੁਰ ਸਾਹਿਬ ਜੋਨ ਅਤੇ ਤੀਜਾ ਸਥਾਨ ਭਲਾਣ ਜੋਨ ਨੇ ਲਿਆ। ਖੋ-ਖੋ 19 ਸਾਲ ਲੜਕੇ ਪਹਿਲਾਂ ਸਥਾਨ ਮੋਰਿੰਡਾ ਜੋਨ, ਦੂਜਾ ਸਥਾਨ ਸ੍ਰੀ ਆਨੰਦਪੁਰ ਸਾਹਿਬ ਅਤੇ ਤੀਜਾ ਸਥਾਨ ਘਨੌਲੀ ਜੋਨ ਨੇ ਲਿਆ।

ਇਸੇ ਤਰ੍ਹਾਂ ਹਾਕੀ ਅੰਡਰ 14 ਸਾਲ ਲੜਕੀਆਂ ਪਹਿਲਾ ਸਥਾਨ ਡੀ ਏ ਵੀ ਰੂਪਨਗਰ, ਦੂਜਾ ਸਥਾਨ ਆਦਰਸ ਸਕੂਲ ਲੋਦੀਪੁਰ ਅਤੇ ਤੀਜਾ ਸਥਾਨ ਸਕੂਲ ਆਪ ਐਮੀਨੈਸ ਫਾਰ ਗਰਲਜ ਸ੍ਰੀ ਚਮਕੌਰ ਸਾਹਿਬ, ਅੰਡਰ 17 ਸਾਲ ਹਾਕੀ ਲੜਕੀਆਂ ਪਹਿਲਾ ਸਥਾਨ, ਡੀ ਏ ਵੀ ਰੂਪਨਗਰ ਦੂਜਾ ਸਥਾਨ ਅਤੇ ਅਕਾਲ ਅਕੈਡਮੀ ਕਮਾਲਪੁਰ, ਹਾਕੀ ਅੰਡਰ 14 ਸਾਲ ਲੜਕੇ ਪਹਿਲਾ ਸਥਾਨ ਡੀ ਏ ਵੀ ਰੂਪਨਗਰ, ਦੂਜਾ ਸਥਾਨ ਐਸ ਜੀ ਐਸ ਸ੍ਰੀ ਅਨੰਦਪੁਰ ਸਾਹਿਬ ਅਤੇ ਤੀਜਾ ਸਥਾਨ ਹੋਲੀ ਫੈਮਲੀ ਰੂਪਨਗਰ, ਅੰਡਰ 17 ਸਾਲ ਲੜਕੇ ਪਹਿਲਾ ਸਥਾਨ ਡੀ ਏ ਵੀ ਰੂਪਨਗਰ, ਦੂਜਾ ਸਥਾਨ ਆਦਰਸ ਸਕੂਲ ਲੋਦੀਪੁਰ ਅਤੇ ਤੀਜਾ ਸਥਾਨ ਐਸ ਜੀ ਐਸ ਸ੍ਰੀ ਅਨੰਦਪੁਰ ਸਾਹਿਬ ਨੇ ਪ੍ਰਾਪਤ ਕੀਤਾ।

ਇਸ ਮੌਕੇ ਖੋ-ਖੋ ਦੇ ਕਨਵੀਨਰ ਸ੍ਰੀਮਤੀ ਸੰਗੀਤਾ ਰਾਣੀ, ਉਪ ਕਨਵੀਨਰ ਪਰਮਜੀਤ ਸਿੰਘ ਰਤਨਗੜ, ਹਾਕੀ ਕਨਵੀਨਰ ਪ੍ਰਿੰਸੀਪਲ ਸ੍ਰੀਮਤੀ ਅਨੀਤਾ ਸ਼ਰਮਾ, ਉਪ ਕਨਵੀਨਰ ਮਨਜਿੰਦਰ ਸਿੰਘ, ਹਰਪ੍ਰੀਤ ਸਿੰਘ ਲੌਂਗੀਆ, ਸੁਖਵਿੰਦਰ ਪਾਲ ਸਿੰਘ ਸੁੱਖੀ,ਗੁਰਜੀਤ ਸਿੰਘ ਭੱਟੀ, ਵਰਿੰਦਰ ਸਿੰਘ, ਗਗਨਦੀਪ ਸਿੰਘ, ਗੁਰਤੇਜ ਸਿੰਘ, ਸੰਦੀਪ ਭੱਟ, ਗੁਰਪ੍ਰੀਤ ਸਿੰਘ ਕੋਚ, ਸੰਦੀਪ ਸਿੰਘ ਨਿੱਕਾ, ਸਤਨਾਮ ਸਿੰਘ, ਦਵਿੰਦਰ ਸਿੰਘ ਅਤੇ ਰਵਿੰਦਰ ਸਿੰਘ ਹਾਜ਼ਰ ਸਨ

## ਖੇਡਾਂ ਵਤਨ ਪੰਜਾਬ ਦੀਆਂ ਦੇ ਤੀਜੇ ਸੀਜ਼ਨ ਨੂੰ ਸਮਰਪਿਤ ਮਸ਼ਾਲ (ਟਾਰਚ ਰਿਲੇਅ) ਰੂਪਨਗਰ ਵਿਖੇ ਪਹੁੰਚੀਂ

**ਰੂਪਨਗਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



ਸੂਬੇ ਵਿਚ ਖੇਡ ਸੱਭਿਆਚਾਰ ਨੂੰ ਪ੍ਰਫੁੱਲਿਤ ਕਰਨ ਦੇ ਮਕਸਦ ਤਹਿਤ ਸ਼ੁਰੂ ਕੀਤੀਆਂ 'ਖੇਡਾਂ ਵਤਨ ਪੰਜਾਬ ਦੀਆਂ' ਦੇ ਤੀਜੇ ਸੀਜ਼ਨ ਨੂੰ ਸਮਰਪਿਤ ਮਸ਼ਾਲ (ਟਾਰਚ ਰਿਲੇਅ) ਰੂਪਨਗਰ ਵਿਖੇ ਪਹੁੰਚੀ। ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਤੋਂ ਆ ਰਹੀ ਮਸ਼ਾਲ ਦਾ ਰੂਪਨਗਰ ਵਿਖੇ ਪਹੁੰਚਣ 'ਤੇ ਡਿਪਟੀ ਕਮਿਸ਼ਨਰ ਡਾ. ਪ੍ਰੀਤੀ ਯਾਦਵ ਐੱਸ.ਡੀ.ਐੱਮ. ਨਵਦੀਪ ਕੁਮਾਰ, ਉਘੇ ਖਿਡਾਰੀਆਂ, ਐਥਲੀਟਾਂ ਤੇ ਖੇਡ ਪ੍ਰੇਮੀਆਂ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ। ਇਸ ਮੌਕੇ ਜ਼ਿਲ੍ਹਾ ਖੇਡ ਅਫ਼ਸਰ ਜਗਜੀਵਨ ਸਿੰਘ, ਤਹਿਸੀਲਦਾਰ ਕਰਮਜੋਤ ਸਿੰਘ, ਸਰਕਾਰੀ ਕਾਲਜ ਪ੍ਰਿੰਸੀਪਲ ਜਤਿੰਦਰ ਸਿੰਘ ਗਿੱਲ ਤੇ ਡੀ ਪੀ ਆਰ ਓ ਕਰਨ ਮਹਿਤਾ ਆਦਿ ਹਾਜ਼ਰ ਸਨ ।

ਡਿਪਟੀ ਕਮਿਸ਼ਨਰ ਨੇ ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਵੱਲੋਂ ਬੱਚਿਆਂ ਤੇ ਨੌਜਵਾਨਾਂ ਨੂੰ ਖੇਡਾਂ ਨਾਲ ਜੋੜ ਕੇ ਸਿਹਤਮੰਦ ਤੇ ਨਰੋਏ ਪੰਜਾਬ ਦੀ ਸਿਰਜਣਾ ਲਈ ਕੀਤੇ ਜਾ ਰਹੇ ਉਪਰਾਲਿਆਂ ਦੀ ਸ਼ਲਾਘਾ ਕੀਤੀ। ਉਨਾਂ ਕਿਹਾ ਕਿ ਸਰਕਾਰ ਵੱਲੋਂ 'ਖੇਡਾਂ ਵਤਨ ਪੰਜਾਬ ਦੀਆਂ' ਰਾਹੀਂ ਨੌਜਵਾਨਾਂ ਨੂੰ ਕੌਮੀ ਅਤੇ ਕੌਮਾਂਤਰੀ ਪੱਧਰ ਦਾ ਖਿਡਾਰੀ ਬਣਾਉਣ ਲਈ ਵਧੀਆ ਮੰਚ ਪ੍ਰਦਾਨ ਕੀਤਾ ਜਾ ਰਿਹਾ ਹੈ।

## ਖੇਡਾਂ ਵਤਨ ਪੰਜਾਬ ਦੀਆਂ ਪੰਜਾਬ ਨੂੰ ਰੰਗਲਾ ਪੰਜਾਬ ਬਨਾਉਣ ਵੱਲ ਅਹਿਮ ਕਦਮ: ਵਿਧਾਇਕ ਰਾਏ



**ਫ਼ਤਹਿਗੜ੍ਹ ਸਾਹਿਬ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**

ਖੇਡ ਖੇਤਰ ਦੀ ਪ੍ਰਫੁੱਲਤਾ ਵਾਸਤੇ ਪੰਜਾਬ ਸਰਕਾਰ ਵੱਲੋਂ ਠੋਸ ਕਦਮ ਚੁੱਕੇ ਜਾ ਰਹੇ ਹਨ ਤੇ ÷ਖੇਡਾਂ ਵਤਨ ਪੰਜਾਬ ਦੀਆਂ÷ ਖੇਡ ਖੇਤਰ ਵਿਚਲੀ ਕ੍ਰਾਂਤੀ ਹਨ। ਇਸ ਨਾਲ ਪੰਜਾਬ ਖੇਡਾਂ ਵਿਚ ਮੁੜ ਦੇਸ਼ ਵਿੱਚੋਂ ਪਹਿਲੇ ਨੰਬਰ ਉੱਤੇ ਆਉਣ ਵਿੱਚ ਸਫਲ ਹੋਵੇਗਾ।

ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਹਲਕਾ ਵਿਧਾਇਕ ਸ. ਲਖਬੀਰ ਸਿੰਘ ਰਾਏ ਨੇ ਏਥੇ ਜ਼ਿਲ੍ਹਾ ਖੇਡ ਅਫ਼ਸਰ ਦੇ ਦਫ਼ਤਰ, ਬਾਬਾ ਬੰਦਾ ਸਿੰਘ ਬਹਾਦਰ ਇੰਜੀਨੀਅਰਿੰਗ ਕਾਲਜ, ਫਤਹਿਗੜ੍ਹ ਸਾਹਿਬ ਵਿਖੇ 'ਖੇਡਾਂ ਵਤਨ ਪੰਜਾਬ ਦੀਆਂ' ਦੇ ਪਿਛਲੇ 02 ਸਾਲ ਦੀ ਸਫਲਤਾਂ ਤੋਂ ਬਾਅਦ ਇਸ ਸਾਲ ਸੀਜ਼ਨ-3 ਦੀ ਸ਼ੁਰੂਆਤ ਤੋਂ ਪਹਿਲਾਂ ਖੇਡਾਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਕੱਢੇ ਜਾ ਰਹੇ ਮਾਰਚ ਦਾ ਫ਼ਤਹਿਗੜ੍ਹ ਸਾਹਿਬ ਵਿਖੇ ਪੁੱਜਣ 'ਤੇ ਸਵਾਗਤ ਕਰਦਿਆਂ ਕੀਤਾ।

ਇਸ ਮੌਕੇ ਹਲਕਾ ਵਿਧਾਇਕ ਸ. ਰਾਏ ਨੇ ਕਿਹਾ ਕਿ ਜ਼ਿਲ੍ਹਾ ਲੁਧਿਆਣਾ ਤੋਂ ਸ਼ੁਰੂ ਹੋਇਆ ਇਹ ਮਾਰਚ ਵੱਖ-ਵੱਖ ਜ਼ਿਲ੍ਹਿਆਂ ਵਿੱਚ ਦੀ ਹੁੰਦਾ ਹੋਇਆ ਅੱਜ ਜ਼ਿਲ੍ਹਾ ਐੱਸ.ਏ.ਐੱਸ. ਨਗਰ ਤੋਂ ਜ਼ਿਲ੍ਹਾ ਫਤਹਿਗੜ੍ਹ ਸਾਹਿਬ ਵਿਖੇ ਪੁੱਜਿਆ ਹੈ। ਉਹਨਾਂ ਕਿਹਾ ਕਿ ਰੰਗਲਾ ਪੰਜਾਬ ਬਣਾਉਣ ਦਾ ਪਹਿਲਾ ਕਦਮ ਖੇਡਾਂ ਹੈ, ਜਿਸ ਤਹਿਤ ਇਹ ਉਪਰਾਲਾ ਕੀਤਾ ਗਿਆ ਹੈ, ਜਿਹੜਾ ਕਿ ਬਹੁਤ ਕਾਰਗਰ ਸਾਬਤ ਹੋ ਰਿਹਾ ਹੈ।

ਭਾਰਤ ਦੀ ਹਾਕੀ ਦੀ ਟੀਮ ਓਲੰਪਿਕ ਵਿੱਚੋਂ ਤਗ਼ਮਾ ਲੈ ਕੇ ਆਈ ਹੈ ਤੇ ਉਸ ਟੀਮ ਵਿੱਚ ਵੱਡੀ ਗਿਣਤੀ ਖਿਡਾਰੀ ਪੰਜਾਬੀ ਹਨ। ਉਹਨਾਂ ਕਿਹਾ ਕਿ ਬੇਸ਼ਕ ਭਾਰਤ ਵਿੱਚ ਪੰਜਾਬੀਆਂ ਦੀ ਗਿਣਤੀ ਕਰੀਬ 02 ਫੀਸਦ ਹੈ ਪਰ ਖੇਡਾਂ ਵਿਚ ਪੰਜਾਬੀਆਂ ਦੀ ਸ਼ਮੂਲੀਅਤ ਕਰੀਬ 18 ਫੀਸਦ ਹੈ, ਜਿਹੜੀ ਕਿ ਮਾਣ ਵਾਲੀ ਗੱਲ ਹੈ।

ਹਲਕਾ ਵਿਧਾਇਕ ਨੇ ਕਿਹਾ ਕਿ ਇਸ ਸਾਲ ਵਿੱਚ ਹਲਕੇ ਵਿੱਚ ਚੰਗੇ ਗਰਾਊਂਡ ਤੇ ਸਟੇਡੀਅਮ ਦਿਖਣੇ ਸ਼ੁਰੂ ਹੋ ਜਾਣਗੇ। ਪੰਜਾਬ ਸਰਕਾਰ ਵੱਲੋਂ ਖਿਡਾਰੀਆਂ ਨੂੰ ਜ਼ਮੀਨੀ ਪੱਧਰ ਉੱਤੇ ਸਹੂਲਤਾਂ ਦਿੱਤੀਆਂ ਜਾ ਰਹੀਆਂ ਹਨ। ਖ਼ਿਡਾਰੀਆਂ ਦੀ ਖੁਰਾਕ ਨੂੰ ਵਿਸ਼ੇਸ਼ ਤਵੱਜੋ ਦਿੱਤੀ ਜਾ ਰਹੀ ਹੈ। ਖੇਡਾਂ ਵਿੱਚ ਚੰਗਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਚੰਗੇ ਇਨਾਮ ਤੇ ਉੱਚ ਅਹੁਦੇ ਦਿੱਤੇ ਜਾ ਰਹੇ ਹਨ। ਉਹਨਾਂ ਦੱਸਿਆ ਕਿ ਕੋਟਲਾ ਬਜਵਾੜਾ ਵਿਖੇ

ਵੱਖੋ-ਵੱਖ ਖੇਡਾਂ ਸਬੰਧੀ ਸਾਂਝਾ ਇੱਕ ਵਧੀਆ ਸਟੇਡੀਅਮ ਬਣੇਗਾ, ਜਿੱਥੇ ਹਰ ਇਕ ਸਹੂਲਤ ਮਿਲੇਗੀ।

ਹਲਕਾ ਵਿਧਾਇਕ ਨੇ ਦੱਸਿਆ ਕਿ ਖੇਡਾਂ ਵਤਨ ਪੰਜਾਬ ਦੀਆਂ ਸਬੰਧੀ ਜ਼ਿਲ੍ਹੇ ਵਿਚ ਹੋਣ ਵਾਲੇ ਮੁਕਾਬਲਿਆਂ ਲਈ ਅਧਿਕਾਰੀਆਂ ਨੂੰ ਹਦਾਇਤ ਕਰ ਦਿੱਤੀ ਗਈ ਹੈ ਕਿ ਖਿਡਾਰੀਆਂ ਲਈ ਰਿਫਰੈਸ਼ਮੈਂਟ,ਖਾਣਾ,ਰਿਹਾਇਸ਼ ਅਤੇ ਸੁਰੱਖਿਆ ਦੇ ਢੁੱਕਵੇਂ ਪ੍ਰਬੰਧ ਕੀਤੇ ਜਾਣ। ਖੇਡ ਮੈਦਾਨਾਂ ਦੀ ਸਾਫ-ਸਫਾਈ ਯਕੀਨੀ ਬਣਾਈ ਜਾਵੇ।

ਅਧਿਕਾਰੀਆਂ ਨੂੰ ਕਿਹਾ ਗਿਆ ਹੈ ਕਿ ਖਿਡਾਰੀਆਂ,ਕੋਚਾਂ ਅਤੇ ਇਨ੍ਹਾਂ ਖੇਡਾਂ ਨਾਲ ਸਬੰਧਤ ਕਿਸੇ ਵੀ ਵਿਅਕਤੀ ਨੂੰ ਕਿਸੇ ਵੀ ਕਿਸਮ ਦੀ ਦਿੱਕਤ ਨਹੀਂ ਆਉਣੀ ਚਾਹੀਦੀ। ਖੇਡਾਂ ਨਾਲ ਸਬੰਧਤ ਸਾਰੀਆਂ ਥਾਵਾਂ 'ਤੇ ਮੈਡੀਕਲ ਟੀਮਾਂ ਤਾਇਨਾਤ ਕਰਨੀਆਂ ਯਕੀਨੀ ਬਣਾਈਆਂ ਜਾਣ।

ਇਹਨਾਂ ਖੇਡਾਂ ਰਾਹੀਂ ਪੰਜਾਬ ਦੇ ਖੇਡ ਸੱਭਿਆਚਾਰ ਨੂੰ ਸੁਰਜੀਤ ਕਰਨ ਲਈ ਉਪਰਾਲਾ ਕੀਤਾ ਜਾ ਰਿਹਾ ਹੈ। ਇਸ ਨਾਲ ਪੰਜਾਬ ਨੂੰ ਲੱਗੀਆਂ ਵੱਖੋ ਵੱਖ ਅਲਾਮਤਾਂ ਵੀ ਖਤਮ ਹੋਣਗੀਆਂ। ਨਸ਼ਿਆਂ ਦੇ ਪੂਰਨ ਖਾਤਮੇ ਲਈ ਨੌਜਵਾਨਾਂ ਨੂੰ ਸਿਹਤ ਸੰਭਾਲ ਤੇ ਖੇਡਾਂ ਨਾਲ ਜੋੜਨਾ ਜ਼ਰੂਰੀ ਹੈ। ਉਸ ਦਿਸ਼ਾ ਵੱਲ ਵੀ ਇਹ ਇਕ ਅਹਿਮ ਉਪਰਾਲਾ ਹੈ। ਖੇਡਾਂ ਮਨੁੱਖ ਦੀ ਸ਼ਖ਼ਸੀਅਤ ਘੜਨ ਵਿੱਚ ਅਹਿਮ ਰੋਲ ਅਦਾ ਕਰਦੀਆਂ ਹਨ। ਖੇਡਾਂ ਨਾਲ ਮਨੁੱਖ ਕੇਵਲ ਸਰੀਰਕ ਤੌਰ ਉਤੇ ਹੀ ਮਜ਼ਬੂਤ ਨਹੀਂ ਹੁੰਦਾ ਸਗੋਂ ਮਾਨਸਿਕ ਤੌਰ ਉਤੇ ਵੀ ਹੋਰਨਾਂ ਨਾਲੋਂ ਵੱਧ ਮਜ਼ਬੂਤ ਹੋ ਜਾਂਦਾ ਹੈ ਤੇ ਉਸ ਵਿੱਚ ਹਰ ਖੇਤਰ ਵਿੱਚ ਹੋਰਨਾਂ ਨਾਲੋਂ ਚੰਗਾ ਪ੍ਰਦਰਸ਼ਨ ਕਰਨ ਦੀ ਸਮਰੱਥਾ ਪੈਦਾ ਹੋ ਜਾਂਦੀ ਹੈ। ਚੰਗੀ ਜ਼ਿੰਦਗੀ ਲਈ ਨੌਜਵਾਨ ਖੇਡਾਂ ਨੂੰ ਅਪਣੀ ਜ਼ਿੰਦਗੀ ਦਾ ਅਨਿੱਖੜਵਾਂ ਅੰਗ ਬਨਾਉਣ।

## ਕੈਬਨਿਟ ਮੰਤਰੀ ਜਿੰਪਾ ਅਤੇ ਸੰਸਦ ਡਾ. ਰਾਜ ਕੁਮਾਰ ਨੇ ਪੀੜ੍ਹਤ ਪਰਿਵਾਰਾਂ ਨੂੰ ਸੌਂਪੇ 44 ਲੱਖ ਰੁਪਏ ਦੀ ਐਕਸ ਗਰੇਸ਼ੀਆ ਰਾਸ਼ੀ ਦੇ ਚੈਕ

**ਹੁਸ਼ਿਆਰਪੁਰ, 28 ਅਗਸਤ**
**-ਕੌਮੀ ਪੱਤ੍ਰਿਕਾ ਬਿਊਰੋ-**



11 ਅਗਸਤ ਨੂੰ ਹੋਏ ਪਿੰਡ ਜੇਜੋਂ ਹੜ੍ਹ ਹਾਦਸੇ ਵਿਚ ਜਾਨ ਗੁਆਉਣ ਵਾਲੇ 11 ਲੋਕਾਂ ਦੀ ਯਾਦ ਵਿਚ ਅੱਜ ਬਾਬਾ ਬੰਦਾ ਸਿੰਘ ਬਹਾਦੁਰ ਗੁਰਦੁਆਰਾ ਸਾਹਿਬ ਜੇਜੋਂ ਦੁਆਬਾ ਵਿਖੇ ਸਮਾਗਮ ਆਯੋਜਿਤ ਕੀਤਾ ਗਿਆ। ਇਸ ਮੌਕੇ ਕੈਬਨਿਟ ਮੰਤਰੀ ਪੰਜਾਬ ਬ੍ਰਮ ਸ਼ੰਕਰ ਜਿੰਪਾ ਅਤੇ ਸੰਸਦ ਡਾ. ਰਾਜ ਕੁਮਾਰ ਚੱਬੇਵਾਲ ਨੇ ਹਾਦਸੇ ਵਿਚ ਮਾਰੇ ਗਏ ਲੋਕਾਂ ਦੇ ਪਰਿਵਾਰ ਨਾਲ ਹਮਦਰਦੀ ਪ੍ਰਗਟ ਕੀਤੀ। ਉਨ੍ਹਾਂ ਨੇ ਪੀੜ੍ਹਤ ਪਰਿਵਾਰਾਂ ਨੂੰ 44 ਲੱਖ ਰੁਪਏ ਦੀ ਐਕਸ ਗਰੇਸ਼ੀਆ ਰਾਸ਼ੀ ਦੇ ਚੈਕ ਭੇਟ ਕੀਤੇ। ਇਹ ਰਾਸ਼ੀ ਰਾਜ ਆਫ਼ਤ ਰਾਹਤ ਫੰਡ (ਐਸ ਡੀ ਆਰ ਐਫ) ਤੋਂ ਮ੍ਰਿਤਕ ਸੁਰਜੀਤ ਕੁਮਾਰ, ਪਰਮਜੀਤ ਕੌਰ, ਗਗਨ ਕੁਮਾਰ, ਸਵਰੂਪ ਚੰਦ, ਪਰਮਜੀਤ ਕੌਰ, ਨਿਤਿਨ ਉਰਫ ਨੀਤੀਸ਼ ਕੁਮਾਰ, ਸੁਰਿੰਦਰ ਕੌਰ, ਅਮਾਨਤ, ਭਾਵਨਾ, ਹਰਸ਼ਿਤ ਤੇ ਕੁਲਵਿੰਦਰ ਸਿੰਘ ਦੇ ਪਰਿਵਾਰਾਂ ਨੂੰ ਦਿੱਤੀ ਗਈ। ਕੈਬਨਿਟ ਮੰਤਰੀ ਅਤੇ ਸੰਸਦ ਨੇ ਇਸ ਦੁਖਦ ਘਟਨਾ 'ਤੇ ਗਹਿਰਾ ਦੁੱਖ ਪ੍ਰਗਟ ਕਰਦੇ ਹੋਏ ਕਿਹਾ ਕਿ ਰਾਜ ਸਰਕਾਰ ਇਸ ਮੁਸ਼ਕਲ ਸਮੇਂ ਵਿਚ ਪੀੜ੍ਹਤ ਪਰਿਵਾਰਾਂ ਨਾਲ ਖੜ੍ਹੀ ਹੈ। ਉਨ੍ਹਾਂ ਕਿਹਾ ਕਿ ਇਹ ਹਾਦਸਾ ਬਹੁਤ ਉਦਾਸ ਅਤੇ ਦਿਲ ਕੰਬਾਊ ਸੀ ਅਤੇ ਅਸੀਂ ਸਾਰੇ ਇਸ ਦੁਖਾਂਤ ਤੋਂ ਪ੍ਰਭਾਵਿਤ ਪਰਿਵਾਰਾਂ ਦੇ ਦਰਦ ਨੂੰ ਮਹਿਸੂਸ ਕਰ ਸਕਦੇ ਹਨ। ਉਨ੍ਹਾਂ ਜ਼ਿਲ੍ਹਾ ਪ੍ਰਸ਼ਾਸਨ ਅਤੇ ਨਜ਼ਦੀਕੀ ਪਿੰਡਾਂ ਦੇ ਲੋਕਾਂ ਦੁਆਰਾ ਰਾਹਤ ਅਤੇ ਬਚਾਅ ਕਾਰਜ ਵਿਚ ਕੀਤੇ ਯਤਨਾਂ ਦੀ ਵੀ ਸਰਾਹਨਾ ਕੀਤੀ।

## ਵਾਤਾਵਰਣ ਦੀ ਸੰਭਾਲ ਲਈ ਇਤਿਹਾਸਕ ਗੁ. ਸ਼੍ਰੀ ਬੇਰ ਸਾਹਿਬ ਵਿਖੇ ਫੁੱਲ ਤੇ ਫਲਾਂ ਦੇ ਬੂਟੇ ਲਗਾ ਕੇ ਸ਼ੁਰੂ ਕੀਤੀ ਮੁਹਿੰਮ

**ਏਜੰਸੀਆਂ**

ਸੁਲਤਾਨਪੁਰ ਲੋਧੀ 28 ਅਗਸਤ। ਗੁਰੂ ਸਾਹਿਬਾਨ ਦੀਆਂ ਸਿੱਖਿਆਵਾਂ 'ਤੇ ਚਲਦਿਆਂ ਸਿੱਖ ਪੰਥ ਦੀ ਸਿਰਮੌਰ ਸੰਸਥਾ ਸ੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ ਲਗਾਤਾਰ ਵਾਤਾਵਰਣ ਦੀ ਸਾਂਭ-ਸੰਭਾਲ ਹਿੱਤ ਕਾਰਜ ਕੀਤੇ ਜਾ ਰਹੇ ਹਨ। ਜਿਸ ਤਹਿਤ ਸ੍ਰੀ ਅਕਾਲ ਤਖਤ



ਸਾਹਿਬ ਸ੍ਰੀ ਅਮ੍ਰਿਤਸਰ ਦੇ ਜੱਥੇਦਾਰ ਗਿਆਨੀ ਰਘਬੀਰ ਸਿੰਘ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡ. ਹਰਜਿੰਦਰ ਸਿੰਘ ਧਾਮੀ ਵੱਲੋਂ ਹੋਏ ਆਦੇਸ਼ ਮੁਤਾਬਕ ਅੱਜ ਇਤਿਹਾਸਕ ਗੁ. ਸ੍ਰੀ ਬੇਰ ਸਾਹਿਬ ਸੁਲਤਾਨਪੁਰ ਲੋਧੀ ਵਿਖੇ ਛਾਂਦਾਰ ਅਤੇ ਫ਼ਲਦਾਰ ਬੂਟੇ ਲਾਏ ਗਏ। ਇਸ ਮੌਕੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਜਥੇ ਬਲਦੇਵ ਸਿੰਘ ਕਲਿਆਣ ਅਤੇ ਇਤਿਹਾਸਕ ਗੁਰਦੁਆਰਾ ਬੇਰ ਸਾਹਿਬ ਦੇ ਮੈਨੇਜਰ ਭਾਈ ਗੁਰਬਖਸ਼ ਸਿੰਘ ਬੱਚੀਵਿੰਡ ਨੇ ਵੱਖ ਵੱਖ ਖਾਲੀ ਥਾਵਾਂ ਤੇ ਰੁੱਖ ਲਗਾਏ ਅਤੇ ਫੁੱਲਾਂ ਵਾਲੇ ਬੂਟੇ ਲਗਾਏ ਗਏ ਅਤੇ ਸੰਗਤਾਂ ਨੂੰ ਵੱਧ ਤੋਂ ਵੱਧ ਦਰੱਖਤ ਲਗਾਉਣ ਦੀ ਅਪੀਲ ਕਰਦੇ ਕਿਹਾ ਕਿ ਇਸ ਮੁਹਿੰਮ ਦਾ ਹਿੱਸਾ ਬਣਦਿਆਂ ਵੱਧ ਤੋਂ ਵੱਧ ਰੁੱਖ ਲਾ ਕੇ ਵਾਤਾਵਰਣ ਨੂੰ ਹਰਿਆ-ਭਰਿਆ ਬਣਾਈਏ। ਉਨ੍ਹਾਂ ਕਿਹਾ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਸਥਾਨ ਤੋਂ ਇਹ ਮੁਹਿੰਮ ਆਰੰਭ ਕੀਤੀ ਗਈ ਹੈ ਅਤੇ ਸਾਰੇ ਹੀ ਇਤਿਹਾਸਕ ਗੁਰਦੁਆਰਿਆਂ ਵਿਚ ਅਤੇ ਗੁਰਦੁਆਰਾ ਸਾਹਿਬ ਦੀ ਜਮੀਨ ਵਿਚ ਬੂਟੇ ਲਗਾਏ ਜਾਣਗੇ । ਇਸ ਸਮੇ ਉਨ੍ਹਾਂ ਨਾਲ ਗੁਰਦੁਆਰਾ ਬੇਰ ਸਾਹਿਬ ਦੇ ਹੈੱਡ ਗ੍ਰੰਥੀ ਭਾਈ ਹਰਜਿੰਦਰ ਸਿੰਘ ਚੰਡੀਗੜ੍ਹ, ਜਰਨੈਲ ਸਿੰਘ ਅਕਾਊਟੈਂਟ, ਸਲਵੰਤ ਸਿੰਘ ਸਟੋਰ ਕੀਪਰ,ਜਸਵਿੰਦਰ ਸਿੰਘ ਖਜਾਨਚੀ, ਭਾਈ ਹਰਜੀਤ ਸਿੰਘ ਪ੍ਰਚਾਰਕ ਧਰਮ ਪ੍ਰਚਾਰ ਕਮੇਟੀ, ਭਾਈ ਜੱਜ ਸਿੰਘ ਪ੍ਰਚਾਰਕ, ਰੂਪ ਸਿੰਘ ਡਰਾਈਵਰ ਅਤੇ ਹੋਰ ਸਟਾਫ ਨੇ ਸ਼ਿਰਕਤ ਕੀਤੀ।

# ਸ਼ੈੱਲਰ ਡਰਾਫਟ ਪਾਲਿਸੀ ਲਈ ਰੱਖੀ ਬੈਠਕ ਦਾ ਸ਼ੈੱਲਰ ਮਾਲਕਾਂ ਵੱਲੋਂ ਬਾਈਕਾਟ

**ਸਰਦੂਲ ਸਿੰਘ**

ਪਟਿਆਲਾ, 28 ਅਗਸਤ। ਖੇਤੀ ਪ੍ਰਧਾਨ ਸੂਬੇ ਪੰਜਾਬ ਦੇ ਕਿਸਾਨਾਂ ਦੀ ਕਣਕ ਅਤੇ ਜੀਰੀ ਨੂੰ ਸਟੋਰੇਜ ਕਰਨ ਵਿਚ ਸਭ ਤੋਂ ਵੱਡੀ ਭੂਮਿਕਾ ਸ਼ੈੱਲਰ ਇੰਡਸਟਰੀ ਦੀ ਹੁੰਦੀ ਹੈ। ਪੰਜਾਬ ਵਿਚ ਜੀਰੀ ਦੀ ਜਿੰਨੀ ਵੀ ਪੈਦਾਵਾਰ ਹੁੰਦੀ ਹੈ ਸਰਕਾਰ ਵੱਲੋਂ ਉਸ ਨੂੰ ਖਰੀਦਣ ਤੋਂ ਬਾਅਦ ਉਸ ਦੀ ਸਟੋਰੇਜ ਪੰਜਾਬ ਦੇ 5500 ਸ਼ੈੱਲਰਾਂ ਵਿਚ ਕੀਤੀ ਜਾਂਦੀ ਹੈ ਪਰ ਇਸ ਵਾਰ ਸ਼ੈਲਰਾਂ ਵਿਚ ਨਵੀਂ ਜੀਰੀ ਸਟੋਰੇਜ ਕਰਨ ਲਈ ਬਿਲਕੁਲ ਵੀ ਜਗ੍ਹਾ ਨਹੀਂ ਹੈ ਕਿਉਂਕਿ ਪਹਿਲਾਂ ਹੀ ਸ਼ੈੱਲਰਾਂ ਵਿਚ ਜੀਰੀ ਅਤੇ ਚੌਲਾਂ ਦੀਆਂ ਬੋਰੀਆਂ ਦੇ ਅੰਬਾਰ ਲੱਗੇ ਹੋਏ ਹਨ। ਕੇਂਦਰ ਸਰਕਾਰ ਨੇ ਉਹ ਚੌਲ ਨਹੀਂ ਚੁੱਕੇ, ਜਿਸ ਕਾਰਨ ਸ਼ੈੱਲਰਾਂ ਵਿਚ ਨਵੀਂ ਜੀਰੀ ਸਟੋਰੇਜ ਕਰਨ ਲਈ ਜਗ੍ਹਾ ਹੀ ਨਹੀਂ ਹੈ। ਇਸ ਗੱਲ ਨੂੰ ਧਿਆਨ ਵਿਚ ਰੱਖਦੇ ਹੋਏ ਹੀ ਪੰਜਾਬ ਦੇ ਫੂਡ ਐਂਡ ਸਿਵਲ ਸਪਲਾਈ ਵਿਭਾਗ ਨੇ ਨਵੀਂ ਮਿਲਿੰਗ ਪਾਲਿਸੀ ਬਣਾਉਣ ਲਈ ਇਕ ਮੀਟਿੰਗ ਰੱਖੀ ਹੈ, ਜਿਸ ਦਾ ਰਾਈਸ ਮਿੱਲਰ ਐਸੋਸੀਏਸ਼ਨ ਪੰਜਾਬ ਵੱਲੋਂ ਬਾਈਕਾਟ ਕਰਨ ਦਾ ਐਲਾਨ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਪੰਜਾਬ ਰਾਈਸ ਮਿੱਲਰ ਐਸੋਸੀਏਸ਼ਨ ਦੇ ਸੂਬਾ ਪ੍ਰਧਾਨ ਤਰਸੇਮ ਸੈਣੀ ਅਤੇ ਭਾਰਤ ਭੂਸ਼ਣ ਬਿੰਟਾ ਵੀ ਇਸ ਦੇ ਬਾਈਕਾਟ ਦਾ ਐਲਾਨ ਕਰ ਚੁੱਕੇ ਹਨ। ਰਾਈਸ ਮਿੱਲਰ ਐਸੋਸੀਏਸ਼ਨ ਪੰਜਾਬ ਦੇ ਪ੍ਰਧਾਨ ਗਿਆਨ ਚੰਦ ਭਾਰਦਵਾਜ, ਸੀਨੀਅਰ ਵਾਈਸ ਪ੍ਰਧਾਨ ਸਤ ਪ੍ਰਕਾਸ਼ ਗੋਇਲ, ਜਨਰਲ ਸਕੱਤਰ ਅਸ਼ਵਨੀ ਗਰਗ ਅਤੇ ਐਡਵਾਈਜ਼ਰ ਰੋਹਿਤ ਗੋਇਲ ਨੇ ਕਿਹਾ ਕਿ ਇੰਡਸਟਰੀ ਦੇ ਹਿੱਤਾਂ ਨੂੰ ਧਿਆਨ ਵਿਚ ਰੱਖਦੇ ਹੋਏ ਦੋਵੇਂ ਐਸੋਸੀਏਸ਼ਨਾਂ ਇਕਜੁੱਟ ਹਨ ਕਿਉਂਕਿ ਸਭ ਤੋਂ ਪਹਿਲਾਂ ਰੋਜ਼ਗਾਰ ਅਤੇ ਕਾਰੋਬਾਰ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀਆਂ ਗਲਤ ਨੀਤੀਆਂ ਕਾਰਨ ਸ਼ੈੱਲਰ ਇੰਡਸਟਰੀ ਦਾ ਬਹੁਤ ਵੱਡਾ



ਨੁਕਸਾਨ ਹੋ ਚੁੱਕਾ ਹੈ, ਜਿਸ ਕਰ ਕੇ 28 ਅਗਸਤ ਨੂੰ ਰੱਖੀ ਗਈ ਮੀਟਿੰਗ ਦਾ ਸਮੁੱਚੇ ਸ਼ੈੱਲਰ ਮਾਲਕ ਬਾਈਕਾਟ ਕਰਨਗੇ। ਉਨ੍ਹਾਂ ਕਿਹਾ ਕਿ ਸ਼ੈੱਲਰ ਮਾਲਕਾਂ ਦਾ ਪਿਛਲੇ ਸਾਲਾਂ ਦਾ 2 ਹਜ਼ਾਰ ਕਰੋਡ ਰੁਪਏ ਬਕਾਇਆ ਪਿਆ ਹੈ। ਇਸ ਦੇ ਨਾਲ ਹੀ ਜਦੋਂ ਤੱਕ ਚੌਲ ਲਾਉਣ ਦੀ ਮਿਤੀ 30 ਸਤੰਬਰ 2024 ਤੱਕ ਨਹੀਂ ਵਧਾਈ ਜਾਂਦੀ, ਉਦੋਂ ਤੱਕ ਵੀ ਨਵੀਂ ਪਾਲਿਸੀ ਡਰਾਫਟ ਕਰਨ 'ਤੇ ਕੋਈ ਵਿਚਾਰ ਨਾ ਕੀਤਾ ਜਾਵੇ। ਉਨ੍ਹਾਂ ਕਿਹਾ ਕਿ ਪੰਜਾਬ ਦੀ ਅਫਸਰਸ਼ਾਹੀ ਸ਼ੈੱਲਰ ਮਾਲਕਾਂ ਦੇ ਮੁੱਦਿਆ ਨੂੰ ਲੈ ਕੇ ਗੰਮੁਰਾਹਕੁਨ ਪ੍ਰਚਾਰ ਕਰ ਰਹੀ ਹੈ। ਉਨ੍ਹਾਂ ਕਿਹਾ ਕਿ 2 ਹਜਾਰ ਕਰੋਡ ਦੇ ਕਰੀਬ ਸਾਲ 2023-24 ਦੀ ਮਿਲਿੰਗ ਦੇ ਬਿੱਲਾਂ, ਟਰਾਂਸਪੋਰਟ, ਯੂਜਰ ਚਾਰਜਿਜ ਅਤੇ ਲੈਵੀ ਸਕਿਓਰਿਟੀ ਆਦਿ ਤੋਂ ਬਿਨਾਂ 2003 ਤੋਂ 2012-13 ਤੱਕ ਦੇ ਬਾਰਦਾਨੇ ਦੇ ਡੈਪਰੀਸੇਸ਼ਨ ਦੇ ਪੈਸੇ ਅਤੇ 350 ਰੁਪਏ ਲੈਵੀ ਸਕਿਓਰਿਟੀ ਦੇ ਨਾਂ ਤੇ ਸ਼ੈੱਲਰ ਮਾਲਕਾਂ ਤੋਂ ਕੱਟੇ ਗਏ ਸਨ, ਜੋ ਹਾਲੇ ਤੱਕ ਦਿੱਤੇ ਨਹੀਂ ਜਾ ਰਹੇ। ਸਤ ਪ੍ਰਕਾਸ਼ ਗੋਇਲ ਨੇ ਕਿਹਾ ਕਿ ਪਿਛਲੇ 5 ਸਾਲਾਂ ਤੋਂ ਹਰ ਸ਼ੈੱਲਰ ਮਾਲਕਾਂ ਦੀ 20 ਤੋਂ 25 ਲੱਖ ਰੁਪਏ ਤੱਕ ਦੀ ਰਾਸ਼ੀ ਸਰਕਾਰ ਨੇ ਆਪਣੇ ਕੋਲ ਰੱਖੀ ਹੋਈ ਹੈ ਪਰ ਉਸ ਨੂੰ ਰਿਲੀਜ਼ ਨਹੀਂ ਕੀਤਾ ਜਾ ਰਿਹਾ। ਹੁਣ ਸਰਕਾਰ ਨੇ ਸ਼ੈੱਲਰ ਮਾਲਕਾਂ ਦੀ ਲੋਨ ਦੀ ਲਿਮਟ 'ਤੇ ਵੀ ਕੰਡੀਸ਼ਨ ਲਾ ਦਿੱਤੀ ਹੈ। ਹਰ ਵਪਾਰ ਲੋਨ ਅਤੇ ਲਿਮਟ 'ਤੇ ਹੁੰਦਾ ਹੈ। ਉਨ੍ਹਾਂ ਕਿਹਾ ਕਿ ਜੇਕਰ ਇਹ ਮਸਲਾ ਹੱਲ ਨਾ ਹੋਇਆ ਤਾਂ ਸਰਕਾਰ ਲਈ ਵੱਡਾ ਸੰਕਟ ਖੜ੍ਹਾ ਹੋਵੇਗਾ। ਇਸ ਲਈ ਸਰਕਾਰ ਨੂੰ ਚਾਹੀਦਾ ਹੈ ਕਿ ਉਹ ਨਵੀਂ ਮਿਲਿੰਗ ਪਾਲਿਸੀ ਦਾ ਡਰਾਫਟ ਬਣਾਉਣ ਤੋਂ ਪਹਿਲਾਂ ਸ਼ੈੱਲਰ ਮਾਲਕਾਂ ਦੀਆਂ ਸਮੱਸਿਆਵਾਂ ਦਾ ਹੱਲ ਕਰੇ ਅਤੇ ਉਨ੍ਹਾਂ ਨੂੰ ਆਰਥਿਕ ਸੰਕਟ 'ਚੋਂ ਕੱਢੇ, ਜਿਸ ਤੋਂ ਬਾਅਦ ਹੀ ਸ਼ੈੱਲਰ ਮਾਲਕ ਨਵੀਂ ਮਿਲਿੰਗ ਪਾਲਿਸੀ ਦੀ ਮੀਟਿੰਗ ਵਿਚ ਹਿੱਸਾ ਲੈਣਗੇ। ਇਨ੍ਹਾਂ ਕਿਹਾ ਕਿ ਜੇਕਰ ਸਰਕਾਰ ਨੇ ਕੋਈ ਪ੍ਰਬੰਧ ਨਾ ਕੀਤਾ ਤਾਂ ਸਰਕਾਰ ਲਈ ਬਹੁਤ ਵੱਡਾ ਸੰਕਟ ਖੜ੍ਹਾ ਹੋ ਜਾਵੇਗਾ ਅਤੇ ਪੰਜਾਬ ਵਿਚ ਹਾਹਾਕਾਰ ਮਚ ਜਾਵੇਗੀ।

## ਸ਼੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋਣਾ ਮੰਦਭਾਗੀ ਘਟਨਾ : ਐਡਵੋਕੇਟ ਧਾਮੀ

ਅੰਮ੍ਰਿਤਸਰ 28 ਅਗਸਤ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਅੰਮ੍ਰਿਤਸਰ ਦੇ ਕਸਬਾ ਅਟਾਰੀ 'ਚ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਪਾਵਨ ਸਰੂਪ ਅਗਨ ਭੇਟ ਹੋਣਾ ਮੰਦਭਾਗੀ ਘਟਨਾ ਕਿਹਾ ਹੈ। ਗੁਰਦੁਆਰਾ ਸਾਹਿਬ ਪੰਚਾਇਤ ਘਰ ਅਟਾਰੀ ਵਿਖੇ ਵਾਪਰੀ ਘਟਨਾ ਦਾ ਪਤਾ ਲੱਗਣ 'ਤੇ ਸ਼੍ਰੋਮਣੀ ਕਮੇਟੀ ਵੱਲੋਂ ਗੁਰਦੁਆਰਾ ਸਤਲਾਣੀ ਸਾਹਿਬ ਦੇ ਮੈਨੇਜਰ ਅਤੇ ਪ੍ਰਚਾਰਕ ਸਿੰਘਾਂ ਨੂੰ ਮੌਕੇ 'ਤੇ ਭੇਜਿਆ ਗਿਆ ਹੈ, ਜੋ ਮਾਮਲੇ ਦੀ ਵਿਸਥਾਰਤ ਰਿਪੋਰਟ ਦੇਣਗੇ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਗੁਰਦੁਆਰਾ ਸਾਹਿਬਾਨ ਅੰਦਰ ਅੱਗ ਲੱਗਣ ਦੀਆਂ ਘਟਨਾਵਾਂ ਪ੍ਰਬੰਧਕਾਂ ਦੀ ਅਣਗਹਿਲੀ ਕਾਰਨ ਵਾਪਰਦੀਆਂ ਹਨ।



ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਸੇਵਾਦਾਰਾਂ ਦੀ ਹਾਜ਼ਰੀ ਯਕੀਨੀ ਬਣਾਈ ਜਾਵੇ ਤੇ ਬਿਨਾਂ ਲੋੜ ਤੋਂ ਬਿਜਲੀ ਉਪਕਰਣਾਂ ਨੂੰ ਚਾਲੂ ਨਾ ਰੱਖਿਆ ਜਾਵੇ। ਉਨ੍ਹਾਂ ਕਿਹਾ ਕਿ ਦੁੱਖ ਦੀ ਗੱਲ ਹੈ ਕਿ ਪ੍ਰਬੰਧਕ ਕਮੇਟੀਆਂ ਇਸ 'ਤੇ ਧਿਆਨ ਨਹੀਂ ਦਿੰਦੀਆਂ, ਜਿਸ ਕਾਰਨ ਅਜਿਹੇ ਹਾਦਸੇ ਵਾਪਰਦੇ ਹਨ। ਉਨ੍ਹਾਂ ਕਿਹਾ ਕਿ ਗੁਰਦੁਆਰਾ ਕਮੇਟੀਆਂ ਦੀ ਇਹ ਜ਼ਿੰਮੇਵਾਰੀ ਬਣਦੀ ਹੈ ਕਿ ਉਹ ਅਜਿਹੇ ਹਾਦਸਿਆਂ ਨੂੰ ਰੋਕਣ ਲਈ ਸੰਜੀਦਾ ਹੋਣ ਅਤੇ ਗੁਰਦੁਆਰਾ ਸਾਹਿਬਾਨ ਅੰਦਰ ਬਿਜਲੀ ਦੀਆਂ ਤਾਰਾਂ ਅਤੇ ਉਪਕਰਣਾਂ ਦਾ ਸਮੇਂ-ਸਮੇ ਨਿਰੀਖਣ ਕਰਦੇ ਰਹਿਣ। ਇਸ ਦੇ ਨਾਲ ਇਹ ਵੀ ਯਕੀਨੀ ਬਣਾਇਆ ਜਾਵੇ ਕਿ ਗੁਰਦੁਆਰਾ ਸਾਹਿਬ ਅੰਦਰ ਹਰ ਸਮੇਂ ਇੱਕ ਸੇਵਾਦਾਰ ਦੀ ਹਾਜ਼ਰੀ ਜ਼ਰੂਰੀ ਹੋਵੇ, ਤਾਂ ਜੋ ਅਜਿਹੀਆਂ ਘਟਨਾਵਾਂ ਨੂੰ ਰੋਕਿਆ ਜਾ ਸਕੇ। ਉਨ੍ਹਾਂ ਸੰਗਤਾਂ ਨੂੰ ਵੀ ਅਪੀਲ ਕੀਤੀ ਕਿ ਉਹ ਵੀ ਸਮੇਂ-ਸਮੇਂ ਗੁਰਦੁਆਰਾ ਸਾਹਿਬਾਨ ਦੀਆਂ ਕਮੇਟੀਆਂ ਨੂੰ ਸੁਚੇਤ ਕਰਦੇ ਰਹਿਣ।

## ਲੋਕਾਂ ਨੂੰ ਡਰਾ-ਧਮਕਾ ਕੇ ਫਿਰੌਤੀਆਂ ਮੰਗਣ ਵਾਲੇ 2 ਦੋਸ਼ੀ ਗ੍ਰਿਫਤਾਰ

**ਕਿਸ਼ਨ ਪਾਲ**

ਤਰਨਤਾਰਨ 28 ਅਗਸਤ। ਥਾਣਾ ਸਿਟੀ ਤਰਨਤਾਰਨ ਪੁਲਸ ਨੇ ਲੋਕਾਂ ਨੂੰ ਡਰਾ-ਧਮਕਾ ਕੇ ਫਿਰੌਤੀ ਮੰਗਣ ਵਾਲੇ ਦੋ ਦੋਸ਼ੀਆਂ ਨੂੰ ਗ੍ਰਿਫਤਾਰ ਕੀਤਾ ਹੈ। ਐੱਸ.ਐੱਸ.ਪੀ ਗੌਰਵ ਤੂਰਾ ਨੇ ਪ੍ਰੈੱਸ ਨੂੰ ਜਾਣਕਾਰੀ ਦਿੰਦੇ ਹੋਏ ਦੱਸਿਆ ਕਿ ਐੱਸ.ਪੀ ਡੀ ਅਜੇਰਾਜ ਸਿੰਘ, ਡੀ.ਐੱਸ.ਪੀ ਸਿਟੀ ਕਮਲਮੀਤ ਸਿੰਘ ਦੀ ਨਿਗਰਾਨੀ ਹੇਠ ਸੀ.ਆਈ.ਏ ਸਟਾਫ ਤਰਨਤਾਰਨ ਦੇ ਇੰਚਾਰਜ ਇੰਸਪੈਕਟਰ ਪ੍ਰਭਜੀਤ ਸਿੰਘ ਅਤੇ ਥਾਣਾ ਸਿਟੀ ਤਰਨਤਾਰਨ ਇੰਸਪੈਕਟਰ ਹਰਜਿੰਦਰ ਸਿੰਘ ਵੱਲੋਂ ਫਿਰੌਤੀ ਮੰਗਣ ਵਾਲੇ ਦੋ ਦੋਸ਼ੀਆਂ ਨੂੰ ਟਰੇਸ ਕਰਕੇ ਕਾਬੂ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਇਸ ਸਬੰਧੀ ਗੁਨਦੀਪ ਸਿੰਘ ਪੁੱਤਰ ਜਸਪਾਲ ਸਿੰਘ ਵਾਸੀ ਗਲੀ ਪਰਮਾਤਮਾ ਵਾਲੀ ਮੁਹੱਲਾ ਭਾਗੀ ਸ਼ਾਹ ਤਰਨਤਾਰਨ ਨੇ ਪੁਲਸ ਨੂੰ ਦਰਜ ਬਿਆਨ ਵਿਚ ਦੱਸਿਆ ਸੀ ਕਿ ਉਸ ਦੀ ਕਿਰਪਾਲ ਸਿੰਘ ਜਸਪਾਲ ਸਿੰਘ ਨਾਮਕ ਰੰਗ ਰੋਗਨ ਦੀ ਦੁਕਾਨ ਸਰਹਾਲੀ ਰੋਡ ਤਰਨਤਾਰਨ ਵਿਖੇ ਹੈ। 20 ਅਗਸਤ ਨੂੰ ਦੁਪਹਿਰ ਡੇਢ ਵਜੇ ਦੇ ਕਰੀਬ ਉਸਦੇ ਫੋਨ 'ਤੇ ਵੱਟਸਐਪ ਰਾਹੀਂ ਕਾਲ ਆਈ



ਅਤੇ ਅੱਗੋਂ ਨਾ-ਮਾਲੂਮ ਵਿਅਕਤੀ ਦੁਆਰਾ ਫਿਰੌਤੀ ਦੀ ਮੰਗ ਕੀਤੀ ਗਈ, ਜਿਸ ਦੇ ਡਰੋ ਉਸਨੇ ਫੋਨ ਸਵਿੱਚ ਆਫ ਕਰ ਦਿੱਤਾ, ਫਿਰ ਸ਼ਾਮ 6.40 'ਤੇ ਦੁਬਾਰਾ ਕਾਲ ਆਈ ਅਤੇ ਉਸ ਪਾਸੋਂ 10 ਲੱਖ ਰੁਪਏ ਦੀ ਫਿਰੌਤੀ ਦੀ ਡਿਮਾਂਡ ਕੀਤੀ ਗਈ ਅਤੇ ਨਾ ਦੇਣ ਦੀ ਸੂਰਤ ਵਿਚ ਗੋਲੀਆਂ ਮਾਰਨ ਦੀ ਧਮਕੀ ਵੀ ਦਿੱਤੀ ਗਈ, ਉਸਨੇ ਇਸ ਸਬੰਧੀ ਪੁਲਸ ਨੂੰ ਸ਼ਿਕਾਇਤ ਕਰ ਦਿੱਤੀ। ਇਸ ਸਬੰਧੀ ਥਾਣਾ ਸਿਟੀ ਤਰਨਤਾਰਨ ਪੁਲਸ ਨੇ ਤਫਤੀਸ਼ ਦੌਰਾਨ ਟੈਕਨੀਕਲ ਸਰਵੀਲੈਂਸ ਅਤੇ ਖੁਫੀਆ ਸੋਰਸਾਂ ਰਾਹੀਂ ਬਿੱਲੂ ਪੁੱਤਰ ਬਲਦੇਵ ਸਿੰਘ ਵਾਸੀ ਸੱਚਖੰਡ ਰੋਡ ਤਰਨਤਾਰਨ ਨੂੰ ਗੁਰਦੁਆਰਾ ਟੱਕਰ ਸਾਹਿਬ ਨਜ਼ਦੀਕ ਗੰਦੇ ਨਾਲੇ ਤੋਂ ਗ੍ਰਿਫਤਾਰ ਕਰਕੇ ਪੁੱਛਗਿੱਛ ਕੀਤੀ ਗਈ, ਜੋ ਦੌਰਾਨੇ ਪੁੱਛਗਿੱਛ ਉਕਤ ਵਿਅਕਤੀ ਨੇ ਦੱਸਿਆ ਕਿ ਉਹ ਅਤੇ ਉਸਦਾ ਸਾਥੀ ਰਿਸ਼ਤੇਦਾਰ ਜੂਵੀਨਾਈਲ ਨੇ ਉਕਤ ਵਿਅਕਤੀ ਪਾਸੋਂ ਦਸ ਲੱਖ ਰੁਪਏ ਦੀ ਫਿਰੌਤੀ ਦੀ ਮੰਗ ਕੀਤੀ ਸੀ, ਜਿਸ 'ਤੇ ਪੁਲਸ ਨੇ ਦੋਸੀ ਜੂਵੀਨਾਇਲ ਨੂੰ ਵੀ ਗ੍ਰਿਫਤਾਰ ਕਰ ਲਿਆ। ਇਨ੍ਹਾਂ ਪਾਸੋਂ ਫਿਰੌਤੀ ਸਮੇਂ ਵਰਤੇ ਤਿੰਨ ਮੋਬਾਈਲ ਫੋਨ ਵੀ ਬਰਾਮਦ ਕੀਤੇ ਗਏ ਹਨ। ਦੋਸ਼ੀਆਂ ਨੂੰ ਮਾਨਯੋਗ ਅਦਾਲਤ ਵਿਚ ਪੇਸ਼ ਕਰ ਉਨ੍ਹਾਂ ਦਾ ਪੁਲਸ ਰਿਮਾਂਡ ਹਾਸਲ ਕੀਤਾ ਜਾ ਰਿਹਾ ਹੈ।

## ਆਕਸਫੋਰਡ ਯੂਨੀਵਰਸਿਟੀ ਸ਼੍ਰੀ ਗੁਰੂ ਨਾਨਕ ਦੇਵ ਜੀ ਦੇ ਫਲਸਫੇ ਦੇ ਪ੍ਰਚਾਰ 'ਚ ਅਹਿਮ ਯੋਗਦਾਨ ਪਾਵੇਗੀ : ਗਿ. ਰਘਬੀਰ ਸਿੰਘ

ਅੰਮ੍ਰਿਤਸਰ 28 ਅਗਸਤ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਵਿਸਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵੱਲੋਂ ਪੰਜਾਬ ਅਤੇ ਸਿੱਖਾਂ ਨਾਲ ਸਬੰਧਤ ਵਿਸ?ਆਂ 'ਤੇ ਅਧਿਐਨ ਲਈ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ?ਪ ਦੀ ਸਥਾਪਨਾ ਦੇ ਐਲਾਨ ਲਈ



ਇੰਗਲੈਂਡ ਦੇ ਸਮੁੱਚੇ ਸਿੱਖਾਂ ਨੂੰ ਵਧਾਈ ਦਿੱਤੀ ਹੈ। ਸਿੰਘ ਸਾਹਿਬ ਗਿਆਨੀ ਰਘਬੀਰ ਸਿੰਘ ਨੇ ਆਖਿਆ ਕਿ ਵਿਸਵ-ਵਿਆਪੀ ਸਿੱਖ ਕੌਮ ਲਈ ਇਹ ਮਾਣਮੱਤਾ ਪਲ ਹੈ ਕਿ ਵਿਸਵ ਪ੍ਰਸਿੱਧ ਆਕਸਫੋਰਡ ਯੂਨੀਵਰਸਿਟੀ ਵੱਲੋਂ ਵੂਲਫਸਨ ਕਾਲਜ ਵਿਖੇ ਸਿੱਖ ਧਰਮ ਅਤੇ ਪੰਜਾਬ ਨਾਲ ਸਬੰਧਿਤ ਵਿਸ?ਆਂ ਦੇ ਅਧਿਐਨ ਦੀ ਲੋੜ ਨੂੰ ਮਾਨਤਾ ਦਿੰਦਿਆਂ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ?ਪ ਸੁਰੂ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਜਿੱਥੇ ਇਸ ਫੈਲੋਸ?ਪ ਲਈ ਸਿੱਖ ਕੌਮ ਵਲੋਂ ਆਕਸਫੋਰਡ ਯੂਨੀਵਰਸਿਟੀ ਦਾ ਧੰਨਵਾਦ ਕੀਤਾ, ਉੱਥੇ ਹੀ ਇੰਗਲੈਂਡ ਦੀ ਸਿੱਖ ਸੰਗਤ, ਸ੍ਰੀ ਗੁਰੂ ਸਿੰਘ ਸਭਾ ਸਾਊਥਹਾਲ ਅਤੇ ਹੋਰ ਸਿੱਖ ਸੰਸਥਾਵਾਂ ਨੂੰ ਵੀ ਵਧਾਈ ਦਿੱਤੀ, ਜਿਨ੍ਹਾਂ ਨੇ ਇਸ ਇਤਿਹਾਸਕ ਕਾਰਜ ਦੀ ਸਥਾਪਨਾ ਲਈ ਵਡਮੁੱਲਾ ਯੋਗਦਾਨ ਪਾਇਆ ਹੈ। ਉਨ੍ਹਾਂ ਆਸ ਪ੍ਰਗਟਾਈ ਕਿ ਆਕਸਫੋਰਡ ਯੂਨੀਵਰਸਿਟੀ ਦੀ ਗੁਰੂ ਨਾਨਕ ਜੂਨੀਅਰ ਰਿਸਰਚ ਫੈਲੋਸ?ਪ ਅਕਾਦਮਿਕ ਖੇਤਰ ਰਾਹੀਂ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਰਬ-

## ਫਰਜ਼ੀ ਡਾਕਟਰ ਨੂੰ ਜ਼ਮਾਨਤ ਦੇਣ ਤੋਂ ਹਾਈਕੋਰਟ ਦਾ ਇਨਕਾਰ

ਚੰਡੀਗੜ੍ਹ 28 ਅਗਸਤ। ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਫਰਜ਼ੀ ਡਾਕਟਰ ਨੂੰ ਜ਼ਮਾਨਤ ਦੇਣ ਤੋਂ ਇਨਕਾਰ ਕਰ ਦਿੱਤਾ ਹੈ। ਦੋਸ਼ ਹੈ ਕਿ ਇਲਾਜ ਦੌਰਾਨ ਵਿਅਕਤੀ ਦੀ ਮੌਤ ਹੋ ਗਈ ਸੀ। ਮੁਲਜ਼ਮ ਮੁਹੰਮਦ ਫਹੀਮ ਨੇ ਸਬੂਤਾਂ ਨੂੰ ਨਸ਼ਟ ਕਰਨ ਦੀ ਨੀਅਤ ਨਾਲ ਲਾਸ਼ ਨੂੰ ਪੀ. ਜੀ. ਨੇੜੇ ਸੜਕ ਕਿਨਾਰੇ ਸੁੱਟ ਦਿੱਤਾ ਸੀ। ਹਾਈਕੋਰਟ ਨੇ ਪਾਇਆ ਕਿ ਮੁਲਜ਼ਮ ਬਿਨਾਂ ਕਿਸੇ ਡਿਗਰੀ ਦੇ ਕਲੀਨਿਕ ਚਲਾ ਰਿਹਾ ਸੀ। ਜਸਟਿਸ ਨਮਿਤ ਕੁਮਾਰ ਨੇ ਕਿਹਾ ਕਿ ਗੈਰ-ਮਾਨਤਾ ਪ੍ਰਾਪਤ ਲੋਕ ਜੋ ਮੈਡੀਕਲ ਖੇਤਰ 'ਚ ਹਨ, ਉਹ ਸਮਾਜ ਦੀ ਸਿਹਤ ਲਈ ਖਤਰਾ ਹਨ। ਦੇਸ਼ 'ਚ ਮੈਡੀਕਲ ਪ੍ਰਣਾਲੀ ਲਈ ਸਥਾਪਿਤ ਕਾਨੂੰਨ ਹਨ ਪਰ ਕਈ ਲੋਕ ਬਿਨਾਂ ਸਿੱਖਿਆ ਦੇ ਇਸ ਪੇਸ਼ੇ 'ਚ ਕੰਮ ਕਰ ਰਹੇ ਹਨ। ਮੌਜੂਦਾ ਮਾਮਲੇ 'ਚ ਮੁਲਜ਼ਮ ਮਾਨੇਸਰ ਦੇ ਅਲੀਯਰ 'ਚ ਕਲੀਨਿਕ ਚਲਾ ਰਿਹਾ ਸੀ। ਪੁਲਸ ਨੇ ਰਾਮ ਅਵਤਾਰ ਨਾ ਦੇ ਵਿਅਕਤੀ ਦੀ ਸ਼ਿਕਾਇਤ 'ਤੇ ਮਾਮਲਾ ਦਰਜ ਕੀਤਾ ਸੀ। ਦੋਸ਼ ਹੈ ਕਿ ਰਾਮ ਅਵਤਾਰ ਦੇ ਭਤੀਜੇ ਲੀਲਾਧਰ ਦੀ ਮੌਤ ਮੁਹੰਮਦ ਫਹੀਮ ਤੋਂ ਇਲਾਜ ਕਰਵਾਉਣ ਦੌਰਾਨ ਹੋ ਗਈ ਸੀ। ਮੁਲਜ਼ਮ ਪੱਖ ਨੇ ਦਲੀਲ ਦਿੱਤੀ ਕਿ ਲੀਲਾਧਰ ਨੂੰ ਕੋਈ ਅਜਿਹੀ ਦਵਾਈ ਨਹੀਂ ਦਿੱਤੀ ਗਈ ਸੀ ਜਿਸ ਨਾਲ ਉਸ ਦੀ ਮੌਤ ਹੋ ਸਕੇ। ਇਹ ਮੌਤ ਕੁਦਰਤੀ ਸੀ। ਇਸ 'ਤੇ ਕੋਰਟ ਨੇ ਕਿਹਾ ਕਿ ਮੌਜੂਦਾ ਹਾਲਾਤਾਂ 'ਚ ਜ਼ਮਾਨਤ ਨਹੀਂ ਦਿੱਤੀ ਜਾ ਸਕਦੀ। ਟ੍ਰਾਇਲ ਕੋਰਟ ਫਿਲਹਾਲ ਮਾਮਲੇ 'ਤੇ ਵਿਚਾਰ ਕਰ ਰਹੀ ਹੈ।

## ਲੁਟੇਰੇ ਨੇ ਔਰਤ ਨੂੰ ਗੱਲਾਂ 'ਚ ਪਾ ਕੇ ਲੁੱਟ ਲਈ ਕਰਿਆਨੇ ਦੀ ਦੁਕਾਨ, ਨਕਦੀ ਤੇ ਸਾਮਾਨ ਲੈ ਕੇ ਹੋਇਆ ਰਫੂਚੱਕਰ

ਭਵਾਨੀਗੜ੍ਹ 28 ਅਗਸਤ। ਨੇੜਲੇ ਪਿੰਡ ਅਕਬਰਪੁਰ ਵਿਖੇ ਇਕ ਮੋਟਰਸਾਈਕਲ ਸਵਾਰ ਲੁਟੇਰੇ ਵੱਲੋਂ ਇੱਕ ਕਰਿਆਨੇ ਦੀ ਦੁਕਾਨ ਤੋਂ ਗੱਲੇ 'ਚ ਪਈ ਨਕਦੀ ਅਤੇ ਸਮਾਨ ਲੁੱਟ ਕੇ ਫ਼ਰਾਰ ਹੋ ਜਾਣ ਦਾ ਸਮਾਚਾਰ ਪ੍ਰਾਪਤ ਹੋਇਆ ਹੈ। ਇਸ ਘਟਨਾ ਸਬੰਧੀ ਜਾਣਕਾਰੀ ਦਿੰਦਿਆਂ ਪਿੰਡ ਅਕਬਰਪੁਰ ਨਿਵਾਸੀ ਅਵਤਾਰ ਸਿੰਘ ਨੇ ਦੱਸਿਆ ਕਿ ਬੀਤੀ ਸ਼ਾਮ ਉਹ ਆਪਣੀ ਕਰਿਆਨੇ ਦੀ ਦੁਕਾਨ 'ਤੇ ਆਪਣੀ ਮਾਤਾ ਮਹਿੰਦਰ ਕੌਰ ਨੂੰ ਬਿਠਾ ਕੇ ਆਪ ਕੁਝ ਸਮੇਂ ਲਈ ਕਿਸੇ ਜਰੂਰੀ ਕੰਮ ਲਈ ਚਲਾ ਗਿਆ ਸੀ। ਇਸ ਦੌਰਾਨ ਉਸ ਦੀ ਦੁਕਾਨ 'ਤੇ ਮੋਟਰਸਾਈਕਲ 'ਤੇ ਸਵਾਰ ਹੋ ਕੇ ਆਏ ਇਕ ਨੌਜਵਾਨ ਨੇ ਉਸ ਦੀ ਮਾਤਾ ਨੂੰ ਗੱਲਾਂ ਵਿਚ ਉਲਝਾ ਕੇ ਦੁਕਾਨ ਦੇ ਗੱਲੇ ਵਿਚ ਪਈ ਕਰੀਬ 14 ਹਜ਼ਾਰ ਰੁਪਏ ਦੀ ਨਕਦੀ ਅਤੇ ਹੋਰ ਸਮਾਨ ਚੁੱਕ ਕੇ ਆਪਣੇ ਮੋਟਰਸਾਈਕਲ ਰਾਹੀ ਮੌਕੇ ਤੋਂ ਫ਼ਰਾਰ ਹੋ ਗਿਆ। ਗੱਲੇ 'ਚੋਂ ਨਗਦੀ ਕੱਢਣ ਤੇ ਸਮਾਨ ਚੁੱਕਣ ਸਬੰਧੀ ਜਦੋਂ ਉਸ ਦੀ ਮਾਤਾ ਨੂੰ ਪਤਾ ਲੱਗਿਆ ਤਾਂ ਮਾਤਾ ਵੱਲੋਂ ਉਕਤ ਲੁੱਟੇਰੇ ਨੂੰ ਫੜਣ ਲਈ ਰੋਲਾ ਵੀ ਪਾਇਆ ਗਿਆ, ਪਰ ਉਦੋਂ ਤੱਕ ਉਹ ਇਥੋਂ ਰਫੂਚੱਕਰ ਹੋ ਚੁੱਕਾ ਸੀ। ਉਨ੍ਹਾਂ ਦੱਸਿਆ ਕਿ ਉਕਤ ਲੁਟੇਰੇ ਦੀਆਂ ਤਸਵੀਰਾਂ ਉਨ੍ਹਾਂ ਦੀ ਦੁਕਾਨ 'ਤੇ ਲੱਗੇ ਕੈਮਰਿਆਂ ਵਿਚ ਕੈਦ ਹੋ ਗਈਆਂ ਹਨ, ਜਿਸ ਵਿਚ ਉਕਤ ਲਟੇਰੇ ਦੀ ਪਹਿਚਾਣ ਵੀ ਆ ਰਹੀ ਹੈ ਤੇ ਉਹ ਪਿੰਡ ਤੋਂ ਬਾਹਰ ਜਾਂਦਾ ਵੀ ਦਿਖਾਈ ਦੇ ਰਿਹਾ ਹੈ।

## ਪਿੰਡ ਦਿਉਨ ਨੇੜਾ ਵਾਪਰਿਆ ਭਿਆਨਕ ਹਾਦਸਾ, ਬਜੁਰਗ ਅਤੇ ਦਿਵਿਆਂਗ ਵਿਅਕਤੀ ਦੀ ਮੌਤ

ਬਠਿੰਡਾ 28 ਅਗਸਤ। ਸ੍ਰੀ ਮੁਕਤਸਰ ਰੋਡ 'ਤੇ ਪਿੰਡ ਦਿਉਨ ਨੇੜੇ ਇਕ ਐਕਟਿਵਾ ਅਤੇ ਜੀਪ ਦੀ ਟੱਕਰ 'ਚ 2 ਵਿਅਕਤੀਆਂ ਦੀ ਮੌਤ ਹੋ ਗਈ, ਜਦਕਿ 2 ਜਖਮੀ ਹੋ ਗਏ। ਜਾਣਕਾਰੀ ਅਨੁਸਾਰ ਬਠਿੰਡਾ ਵੱਲੋਂ ਆ ਰਹੀ ਇਕ ਜੀਪ ਦੀ ਪਿੰਡ ਦਿਉਨ ਨੇੜੇ ਖੇਤਾਂ ਵਿਚੋਂ ਸੜਕ 'ਤੇ ਆ ਰਹੀ ਇਕ ਐਕਟਿਵਾ ਨਾਲ ਭਿਆਨਕ ਟੱਕਰ ਹੋ ਗਈ। ਹਾਦਸੇ ਵਿਚ ਐਕਟਿਵਾ ਚਾਲਕ ਅਪਾਹਜ ਵਿਅਕਤੀ ਅਤੇ ਇਕ ਬਜੁਰਗ ਦੀ ਦਰਦਨਾਕ ਮੌਤ ਹੋ ਗਈ, ਜਦਕਿ ਜੀਪ ਚਾਲਕ ਅਤੇ ਸਵਾਰ ਨੌਜਵਾਨ ਵੀ ਜਖਮੀ ਹੋ ਗਏ। ਸੂਚਨਾ ਮਿਲਦੇ ਹੀ ਸੰਸਥਾ ਦੇ ਮੈਂਬਰ ਹਰਸ?ਤ ਚਾਵਲਾ ਅਤੇ ਯਾਦਵਿੰਦਰ ਕੰਗ ਐਂਬੂਲੈਂਸ ਸਮੇਤ ਮੌਕੇ 'ਤੇ ਪਹੁੰਚ ਗਏ। ਜੀਪ ਦੇ ਡਰਾਈਵਰ ਅਤੇ ਸਵਾਰ ਨੂੰ ਮੌਕੇ 'ਤੇ ਮੌਜੂਦ ਲੋਕਾਂ ਨੇ ਹਸਪਤਾਲ ਪਹੁੰਚਾਇਆ। ਪੁਲਸ ਜਾਂਚ ਤੋਂ ਬਾਅਦ ਸੰਸਥਾ ਦੇ ਮੈਂਬਰਾਂ ਨੇ ਦੋਵੇਂ ਲਾਸਾਂ ਨੂੰ ਸਿਵਲ ਹਸਪਤਾਲ ਪਹੁੰਚਾਇਆ। ਮ੍ਰਿਤਕਾਂ ਦੀ ਪਛਾਣ ਗੋਰਖ ਸਿੰਘ (55) ਪੁੱਤਰ ਗੁਰਾ ਸਿੰਘ ਅਤੇ ਮੰਦਰ ਸਿੰਘ (50) ਪੁੱਤਰ ਮਿੱਡਾ ਸਿੰਘ ਵਾਸੀ ਪਿੰਡ ਦਿਉਨ ਵਜੋਂ ਹੋਈ ਹੈ, ਜਦਕਿ ਜੀਪ 'ਚ ਸਵਾਰ ਜਖਮੀ ਨੌਜਵਾਨਾਂ ਦੀ ਪਛਾਣ ਆਰੀਅਨ ਬਾਂਸਲ (21) ਪੁੱਤਰ ਸੁਸੀਲ ਬਾਂਸਲ ਅਤੇ ਯਸੂ (22) ਪੁੱਤਰ ਸੰਦੀਪ ਕੁਮਾਰ ਵਾਸੀ ਸੰਗਤ ਮੰਡੀ ਵਜੋਂ ਹੋਈ।

# ਪੰਜਾਬ ਦੀਆਂ ਦਾਣਾ ਮੰਡੀਆਂ ਰਹਿਣਗੀਆਂ ਮੁਕੰਸ਼ਲ ਬੰਦ

**ਏਜੰਸੀਆਂ**

ਅੰਮ੍ਰਿਤਸਰ 28 ਅਗਸਤ। ਪੰਜਾਬ ਭਰ ਦੀਆਂ ਦਾਣਾ ਮੰਡੀਆਂ 28 ਅਗਸਤ ਨੂੰ ਮੁਕੰਮਲ ਬੰਦ ਰਹਿਣਗੀਆਂ। ਫੈੱਡਰੇਸਨ ਆਫ ਆੜ੍ਹਤੀ ਐਸੋਸੀਏਸਨ ਵੱਲੋਂ ਮਹਿੰਗਾਈ ਦੇ ਮੱਦੇਨਜਰ ਫਸਲਾਂ ਉੱਪਰ ਢੁੱਕਵੀ ਕਮਿਸਨ ਨਾ ਦੇਣ ਕਾਰਨ ਅਤੇ ਆੜ੍ਹਤੀਆਂ ਦੀਆਂ ਹੋਰਨਾਂ ਸਮੱਸਿਆਵਾਂ ਸਬੰਧੀ 28 ਅਗਸਤ ਨੂੰ ਤਲਵੰਡੀ ਭਾਈ ਕੇ ਵਿਖੇ ਵਿਸਾਲ ਸੂਬਾ ਪੱਧਰੀ ਰੋਸ ਰੈਲੀ ਕਰਨ ਦਾ ਐਲਾਨ ਕੀਤਾ ਹੈ। ਜਾਣਕਾਰੀ ਅਨੁਸਾਰ ਫੈੱਡਰੇਸਨ ਦੇ ਜ?ਲ੍ਹਾ ਪ੍ਰਧਾਨ ਨਰਿੰਦਰ ਕੁਮਾਰ ਕਾਕਾ ਬਹਿਲ ਦੀ ਅਗਵਾਈ ਵਿਚ ਅੱਜ ਜ?ਲ੍ਹੇ ਦੀਆਂ ਸਮੁੱਚੀਆਂ ਦਾਣਾ ਮੰਡੀਆਂ ਦੇ ਪ੍ਰਧਾਨ ਤੇ ਆੜ੍ਹਤੀ ਵਰਗ ਦਾ ਭਾਰੀ ਇਕੱਠ ਕੀਤਾ ਗਿਆ। ਇਸ ਦੌਰਾਨ ਫੈੱਡਰੇਸਨ ਦੇ ਸੂਬਾ ਪ੍ਰਧਾਨ ਵਿਜੇ ਕਾਲੜਾ ਤੇ ਉੱਪ-ਪ੍ਰਧਾਨ ਅਮਨਦੀਪ ਸਿੰਘ ਛੀਨਾ ਉਚੇਚੇ ਤੌਰ 'ਤੇ ਪੁੱਜੇ। ਜ?ਲ੍ਹਾ ਪ੍ਰਧਾਨ ਨਰਿੰਦਰ ਬਹਿਲ ਨੇ ਕਿਹਾ ਕਿ ਹਰਿਆਣਾ ਸਰਕਾਰ ਵੱਲੋਂ ਫਸਲਾਂ ਦੀ ਕਮਿਸਨ ਆੜ੍ਹਤੀ ਵਰਗ ਨੂੰ 55 ਰੁਪਏ ਦੇ ਹਿਸਾਬ ਨਾਲ ਦਿੱਤੀ ਜਾ ਰਹੀ ਹੈ ਜਦਕਿ ਪੰਜਾਬ ਵਿਚ ਇਹ ਕਮਿਸਨ 46 ਰੁਪਏ ਦਿੱਤੀ ਜਾ ਰਹੀ ਹੈ। ਮਹਿੰਗਾਈ ਦੇ ਮੱਦੇਨਜਰ ਕਮਿਸਨ ਬੇਹੱਦ ਘੱਟ ਹੈ। ਉਨ੍ਹਾਂ ਦੱਸਿਆ ਕਿ ਬਾਸਮਤੀ ਦੀਆਂ ਵੀ ਕਰੋੜਾਂ ਰੁਪਿਆਂ ਦੀਆਂ ਪੇਮੈਂਟਾਂ ਕਈ ਸ਼ੈਲਰਾਂ ਵੱਲੋਂ ਜਾਣਬੁਝ ਕੇ ਨਹੀਂ ਕੀਤੀਆਂ ਜਾ ਰਹੀਆਂ।



ਆੜ੍ਹਤੀ ਵਰਗ ਨੂੰ ਪ੍ਰੇਸਾਨ ਕਰਦੇ ਹੋਏ ਜਾਣਬੁਝ ਕੇ ਉਨ੍ਹਾਂ ਦੀ ਪੇਮੈਂਟਾਂ ਦੀ ਅਦਾਇਗੀ ਵਿਚ ਦੇਰੀ ਕੀਤੀ ਜਾ ਰਹੀ ਹੈ। ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਕਈ ਸ਼ੈੱਲਰ ਅਜਿਹੇ ਹਨ, ਜਿਨ੍ਹਾਂ ਵੱਲੋਂ ਨਾਜਾਇਜ ਤੌਰ 'ਤੇ ਘੱਟ ਰੇਟ ਲਾ ਕੇ ਆੜ੍ਹਤੀਆਂ ਨੂੰ ਪੈਸਿਆਂ ਦੀ ਅਦਾਇਗੀ ਕੀਤੀ ਜਾ ਰਹੀ ਹੈ। ਇਸ ਤੋਂ ਇਲਾਵਾ ਹੋਰ ਵੀ ਆੜ੍ਹਤੀਆਂ ਦੀਆਂ ਸਮੱਸਿਆਵਾਂ ਸਬੰਧੀ ਵਿਸਾਲ ਇਕੱਠ 28 ਅਗਸਤ ਨੂੰ ਤਲਵੰਡੀ ਭਾਈਕੇ ਵਿਖੇ ਕੀਤਾ ਜਾ ਰਿਹਾ ਹੈ, ਇਸ ਵਿਚ ਅੰਮ੍ਰਿਤਸਰ ਤੋਂ ਹਜਾਰਾਂ ਦੀ ਤਦਾਇਤ ਵਿਚ ਆੜ੍ਹਤੀ ਇਕੱਠੇ ਹੋ ਕੇ ਆਪਣੀ ਆਵਾਜ ਬੁਲੰਦ ਕਰਨਗੇ। ਉਨ੍ਹਾਂ ਦੱਸਿਆ ਕਿ ਜ?ਲ੍ਹੇ ਦੀਆਂ ਮੰਡੀਆਂ ਵਿਚ ਆੜ੍ਹਤੀਆਂ ਨੂੰ ਆਉਣ ਵਾਲੀਆਂ ਸਮੱਸਿਆਵਾਂ ਦਾ ਵੀ ਮੀਟਿੰਗ ਵਿਚ ਨਿਬੇੜਾ ਕੀਤਾ ਗਿਆ ਹੈ। ਬਹਿਲ ਨੇ ਦੱਸਿਆ ਕਿ ਆੜਤੀ ਵਰਗ ਲਗਨ ਤੇ ਮਿਹਨਤ ਦੇ ਨਾਲ ਆਪਣਾ ਕੰਮ ਕਰ ਰਿਹਾ ਹੈ। ਜੇਕਰ ਸਰਕਾਰ ਵੱਲੋਂ ਉਨ੍ਹਾਂ ਦੀਆਂ ਸਮੱਸਿਆਵਾਂ ਦਾ ਨਿਬੇੜਾ ਨਾ ਕੀਤਾ ਗਿਆ ਤਾਂ ਆਉਣ ਵਾਲੇ ਸਮੇਂ 'ਚ ਸੰਘਰਸ ਹੋਰ ਤਿੱਖਾ ਕੀਤਾ ਜਾਵੇਗਾ। ਇਸ ਮੌਕੇ ਮਨਿੰਦਰ ਸਿੰਘ ਜਸਵਿੰਦਰ ਸਿੰਘ ਸੁਰਜੀਤ ਸਿੰਘ ਕਰਨੈਲ ਸਿੰਘ ਮਨਵੀਰ ਸਿੰਘ ਰਮਨ ਗੁਰਜੀਤ ਸਿੰਘ ਹਿਰਦੇਪਾਲ ਸਿੰਘ ਗੁਰਪਿੰਦਰ ਸਿੰਘ ਗੁਰਮੁਖ ਸਿੰਘ ਰਸਪਾਲ ਸਿੰਘ ਆਦੀ ਤੋਂ ਇਲਾਵਾ ਜ?ਲ੍ਹੇ ਭਾਰਤ ਦੀਆਂ ਮੰਡੀਆਂ ਦੇ ਪ੍ਰਧਾਨ ਤੇ ਸਮੁੱਚਾ ਆੜ੍ਹਤੀ ਵਰਗ ਮੌਜੂਦ ਸੀ ।

# ਇਸ਼ਤਿਹਾਰਾਂ ਦਾ ਟੈਂਡਰ ਅਲਾਟ ਕਰਨ 'ਚ ਹੋਈ 5 ਮਹੀਨੇ ਦੀ ਦੇਰੀ, ਨਿਗਮ ਦੇ ਰੈਵੇਨਿਊ ਨੂੰ ਹੋਇਆ ਕਰੋੜਾਂ ਦਾ ਨੁਕਸਾਨ

**ਏਜੰਸੀਆਂ**

ਜਲੰਧਰ 28 ਅਗਸਤ। ਅੱਜ ਤੋਂ ਲਗਭਗ 7 ਸਾਲ ਪਹਿਲਾਂ ਫਰਵਰੀ 2018 ਵਿਚ ਪੰਜਾਬ ਕੈਬਨਿਟ ਨੇ ਸੂਬੇ ਵਿਚ ਆਊਟਡੋਰ ਐਡਵਰਟਾਈਜਮੈਂਟ ਪਾਲਿਸੀ ਲਾਂਚ ਕੀਤੀ ਸੀ, ਜਿਸ ਨੂੰ ਕੁਝ ਹਫਤਿਆਂ ਬਾਅਦ ਜਲੰਧਰ ਨਿਗਮ ਵਿਚ ਵੀ ਅਡਾਪਟ ਕਰ ਲਿਆ ਗਿਆ ਸੀ। ਉਸ ਪਾਲਿਸੀ ਨੂੰ ਲਾਗੂ ਕਰਨ ਸਮੇਂ ਸਰਕਾਰੀ ਅਧਿਕਾਰੀਆਂ ਨੇ ਦਾਅਵਾ ਕੀਤਾ ਸੀ ਕਿ ਇਸ ਤੋਂ ਬਾਅਦ ਜਲੰਧਰ ਵਰਗੇ ਸ਼ਹਿਰ ਵਿਚ ਇਸ਼ਤਿਹਾਰਾਂ ਤੋਂ 20 ਤੋਂ ਲੈ ਕੇ 25 ਕਰੋੜ ਰੁਪਏ ਸਾਲਾਨਾ ਆਮਦਨੀ ਹੋਇਆ ਕਰੇਗੀ, ਜਿਸ ਨਾਲ ਸ਼ਹਿਰਾਂ ਵਿਚ ਡਿਵੈੱਲਪਮੈਂਟ ਦੇ ਕੰਮ ਤੇਜੀ ਨਾਲ ਹੋਣਗੇ। ਪੰਜਾਬ ਸਰਕਾਰ ਦੀ ਇਸ਼ਤਿਹਾਰ ਪਾਲਿਸੀ ਨੂੰ ਜਾਰੀ ਹੋਇਆਂ ਸਾਢੇ 7 ਸਾਲ ਤੋਂ ਵੱਧ ਸਮਾਂ ਹੋ ਚੁੱਕਾ ਹੈ ਪਰ ਜਲੰਧਰ ਨਗਰ ਨਿਗਮ ਦੇ ਅਧਿਕਾਰੀ ਇਸ ਪਾਲਿਸੀ ਨੂੰ ਸ਼ਹਿਰ ਵਿਚ ਲਾਗੂ ਹੀ ਨਹੀਂ ਕਰ ਸਕੇ ਅਤੇ ਨਾ ਹੀ ਇਨ੍ਹਾਂ ਅਧਿਕਾਰੀਆਂ ਤੋਂ ਸ਼ਹਿਰ ਦੇ ਸਾਰੇ ਇਸ਼ਤਿਹਾਰਾਂ ਦਾ ਟੈਂਡਰ ਹੀ ਸਿਰੇ ਚੜ੍ਹ ਸਕਿਆ ਹੈ। ਅੱਜ ਹਾਲਾਤ ਇਹ ਹਨ ਕਿ ਇਸ ਪਾਲਿਸੀ ਤਹਿਤ ਸਾਰੇ ਸ਼ਹਿਰ ਦੇ ਇਸ਼ਤਿਹਾਰਾਂ ਦਾ ਟੈਂਡਰ ਨਾ ਲਾ ਕੇ ਜਲੰਧਰ ਨਿਗਮ ਦੇ ਲਾਪਰਵਾਹ ਅਧਿਕਾਰੀ ਜਿੱਥੇ ਪਿਛਲੇ 7 ਸਾਲਾਂ ਦੌਰਾਨ ਸਰਕਾਰੀ ਖਜਾਨੇ ਨੂੰ 100 ਕਰੋੜ ਰੁਪਏ ਤੋਂ ਵੱਧ ਦਾ ਨੁਕਸਾਨ ਪਹੁੰਚਾ ਚੁੱਕੇ ਹਨ, ਉਥੇ ਹੀ ਇਹ ਲਾਪਰਵਾਹੀ ਅਜੇ ਵੀ ਦੂਰ ਨਹੀਂ ਹੋ ਰਹੀ। ਇਸੇ ਸਾਲ ਦੇ ਮਾਰਚ ਮਹੀਨੇ ਵਿਚ ਜਲੰਧਰ ਨਿਗਮ ਨੇ ਇਸ਼ਤਿਹਾਰਾਂ ਦਾ ਜਿਹੜਾ ਟੈਂਡਰ ਲਾਇਆ ਸੀ, ਉਸ ਦੀ ਫਾਈਨਾਂਸ਼ੀਅਲ ਬਿੱਡ ਖੋਲ੍ਹਣ ਵਿਚ ਹੀ ਇਸ ਵਾਰ 5 ਮਹੀਨੇ ਤੋਂ ਵੱਧ ਦਾ ਸਮਾਂ ਲਾ ਦਿੱਤਾ ਗਿਆ, ਜਿਸ ਕਾਰਨ ਨਗਰ ਨਿਗਮ ਦੇ ਰੈਵੇਨਿਊ ਨੂੰ ਸਿੱਧਾ-ਸਿੱਧਾ 5 ਕਰੋੜ ਰੁਪਏ ਦਾ ਨੁਕਸਾਨ ਪਹੁੰਚ ਚੁੱਕਾ ਹੈ। ਖਾਸ ਗੱਲ ਇਹ ਹੈ ਕਿ ਚੰਡੀਗੜ੍ਹ ਬੈਠੇ ਲੋਕਲ ਬਾਡੀਜ ਦੇ ਅਧਿਕਾਰੀ ਵੀ ਜਲੰਧਰ ਨਿਗਮ ਵਿਚ ਵਰਤੀ ਜਾ ਰਹੀ ਇਸ ਲਾਪਰਵਾਹੀ ਨੂੰ ਗੰਭੀਰਤਾ ਨਾਲ ਨਹੀਂ ਲੈ ਰਹੇ, ਜਿਸ ਕਾਰਨ ਨਗਰ ਨਿਗਮ ਦਾ ਵਿੱਤੀ ਸੰਕਟ ਦੂਰ ਹੋਣ ਦਾ ਨਾਂ ਹੀ ਨਹੀਂ ਲੈ ਰਿਹਾ। ਨਗਰ ਨਿਗਮ ਦੇ ਅਧਿਕਾਰੀਆਂ ਨੇ 2018 ਵਿਚ ਜਾਰੀ ਹੋਈ ਇਸ਼ਤਿਹਾਰ ਪਾਲਿਸੀ ਤਹਿਤ ਪਿਛਲੇ 7 ਸਾਲਾਂ ਦੌਰਾਨ 15 ਵਾਰ ਟੈਂਡਰ ਲਾਏ ਪਰ ਇਨ੍ਹਾਂ ਅਧਿਕਾਰੀਆਂ ਤੋਂ ਇਕ ਵੀ ਟੈਂਡਰ ਸਿਰੇ ਨਹੀਂ ਚੜ੍ਹ ਸਕਿਆ। ਨਿਗਮ ਦੇ ਸੂਤਰਾਂ ਮੁਤਾਬਕ ਸ਼ਹਿਰ ਦੇ ਸਾਰੇ ਇਸ਼ਤਿਹਾਰਾਂ ਦਾ ਪਹਿਲਾ ਟੈਂਡਰ 18 ਕਰੋੜ ਰੁਪਏ ਦਾ ਲਾਇਆ ਗਿਆ ਸੀ, ਜਿਸ ਨੂੰ ਕਿਸੇ ਨੇ ਨਹੀਂ ਭਰਿਆ। ਉਸ ਤੋਂ ਬਾਅਦ ਇਨ੍ਹਾਂ ਟੈਂਡਰਾਂ ਦੇ ਰੇਟ ਘਟਾਉਣ ਦੀ ਗੱਲ ਹੁੰਦੀ ਰਹੀ। ਕਾਂਗਰਸ ਸਰਕਾਰ ਦੇ 5 ਸਾਲਾਂ ਦੌਰਾਨ ਇਸ਼ਤਿਹਾਰਾਂ ਦੇ ਟੈਂਡਰ ਨੂੰ ਲੈ ਕੇ ਖੂਬ ਲਾਪਰਵਾਹੀ ਵਰਤੀ ਗਈ। ਕਦੀ ਇਨ੍ਹਾਂ ਟੈਂਡਰਾਂ ਨੂੰ 2 ਤਾਂ ਕਦੀ 4 ਹਿੱਸਿਆਂ ਵਿਚ ਵੰਡਣ ਦੀਆਂ ਗੱਲਾਂ ਹੁੰਦੀਆਂ ਰਹੀਆਂ ਪਰ ਨਿਗਮ ਦੇ ਅਧਿਕਾਰੀਆਂ ਤੋਂ ਕੁਝ ਵੀ ਨਹੀਂ ਹੋਇਆ, ਜਿਸ ਕਾਰਨ ਪੂਰੇ ਸ਼ਹਿਰ ਵਿਚ ਨਾਜਾਇਜ



ਇਸ਼ਤਿਹਾਰ ਲਾਉਣ ਵਾਲਾ ਮਾਫੀਆ ਹਾਵੀ ਹੋਗਿਆ। ਇਸ ਮਾਫੀਆ ਨੇ ਆਪਣੀ ਜੇਬ ਵਿਚ ਤਾਂ ਕਰੋੜਾਂ ਰੁਪਏ ਕਮਾ ਕੇ ਪਾ ਲਏ ਪਰ 7 ਸਾਲਾਂ ਤੋਂ ਇਸ਼ਤਿਹਾਰਾਂ ਦਾ ਟੈਂਡਰ ਸਿਰੇ ਨਾ ਚੜ੍ਹਨ ਕਾਰਨ ਸਰਕਾਰੀ ਖਜਾਨੇ ਨੂੰ 100 ਕਰੋੜ ਰੁਪਏ ਦਾ ਨੁਕਸਾਨ ਪਹੁੰਚਿਆ। ਨਗਰ ਨਿਗਮ ਜਲੰਧਰ ਦੇ ਅਧਿਕਾਰੀਆਂ ਨੇ ਸ਼ੁਰੂ-ਸ਼ੁਰੂ ਵਿਚ ਜੋ ਟੈਂਡਰ 18 ਕਰੋੜ ਰੁਪਏ ਰਿਜਰਵ ਪ੍ਰਾਈਸ ਦੇ ਲਾਏ ਸਨ, ਉਨ੍ਹਾਂ ਦੇ ਫੇਲ ਹੋ ਜਾਣ ਤੋਂ ਬਾਅਦ ਟੈਂਡਰ ਦੇ ਰੇਟ ਘਟਾ ਕੇ 8.50 ਕਰੋੜ ਰੁਪਏ ਤਕ ਕਰ ਦਿੱਤੇ ਗਏ ਪਰ ਫਿਰ ਵੀ ਇਸ਼ਤਿਹਾਰ ਕੰਪਨੀਆਂ ਨੇ ਦਿਲਚਸਪੀ ਨਹੀਂ ਵਿਖਾਈ। ਇਸ ਸਾਲ ਮਾਰਚ ਮਹੀਨੇ ਵਿਚ ਨਿਗਮ ਨੇ ਰਿਜਰਵ ਪ੍ਰਾਈਸ 9.58 ਕਰੋੜ ਰੁਪਏ ਰੱਖ ਕੇ ਜੋ ਟੈਂਡਰ ਲਾਏ, ਉਸ ਵਿਚ 3 ਕੰਪਨੀਆਂ ਨੇ ਦਿਲਚਸਪੀ ਵਿਖਾਈ। ਇਨ੍ਹਾਂ ਟੈਂਡਰਾਂ ਦੀ ਟੈਕਨੀਕਲ ਬਿੱਡ ਮਾਰਚ ਮਹੀਨੇ ਵਿਚ ਹੀ ਖੋਲ੍ਹੀ ਗਈ, ਜਿਸ ਨੂੰ ਇਸ ਮਾਮਲੇ ਵਿਚ ਬਣੀ ਕਮੇਟੀ ਨੇ ਮਨਜ਼ੂਰੀ ਦੇ ਦਿੱਤੀ। ਪਤਾ ਲੱਗਾ ਹੈ ਕਿ ਇਸ ਮਾਮਲੇ ਵਿਚ ਨਗਰ ਨਿਗਮ ਕਮਿਸ਼ਨਰ ਵੀ ਕੰਪਨੀ ਦੇ ਪ੍ਰਤੀਨਿਧੀਆਂ ਨਾਲ ਗੱਲ ਆਦਿ ਕਰ ਚੁੱਕੇ ਹਨ ਅਤੇ ਇਨ੍ਹਾਂ ਟੈਂਡਰਾਂ ਨੂੰ ਵੱਖ-ਵੱਖ ਮਨਜ਼ੂਰੀਆਂ ਵੀ ਮਿਲ ਚੁੱਕੀਆਂ ਹਨ ਪਰ ਫਿਰ ਵੀ ਫਾਈਨਾਂਸ਼ੀਅਲ ਬਿੱਡ ਖੋਲ੍ਹ ਕੇ ਇਨ੍ਹਾਂ ਟੈਂਡਰਾਂ ਨੂੰ ਅਲਾਟ ਕਰਨ ਵਿਚ ਦੇਰੀ ਵਰਤੀ ਜਾ ਰਹੀ ਹੈ। ਇਨ੍ਹੀਂ ਦਿਨੀਂ ਜਲੰਧਰ ਨਿਗਮ ਜਬਰਦਸਤ ਆਰਥਿਕ ਸੰਕਟ ਦਾ ਸ਼ਿਕਾਰ ਹੈ ਅਤੇ ਇਸ ਕੋਲ ਆਪਣੇ ਕਰਮਚਾਰੀਆਂ ਨੂੰ ਤਨਖਾਹ ਦੇਣ ਤਕ ਦੇ ਪੈਸੇ ਨਹੀਂ ਹੁੰਦੇ। ਅਜਿਹੀ ਹਾਲਤ ਵਿਚ ਜੇਕਰ ਨਿਗਮ ਹਰ ਮਹੀਨੇ ਇਕ ਕਰੋੜ ਰੁਪਏ ਦਾ ਨੁਕਸਾਨ ਝੱਲਦਾ ਹੈ ਤਾਂ ਇਸ ਨੂੰ ਬਿਲਕੁਲ ਸਹੀ ਨਹੀਂ ਠਹਿਰਾਇਆਜਾ ਸਕਦਾ। ਨਗਰ ਨਿਗਮ ਨੇ ਇਸ ਸਾਲ ਮਾਰਚ ਮਹੀਨੇ ਵਿਚ ਜਿਹੜਾ ਟੈਂਡਰ ਲਾਇਆ ਸੀ, ਜਿਸ ਨੂੰ ਲੈਣ ਲਈ 3 ਕੰਪਨੀਆਂ ਨੇ ਦਿਲਚਸਪੀ ਦਿਖਾਈ, ਉਹ ਟੈਂਡਰ ਅਗਲੇ 7 ਸਾਲਾਂ ਲਈ ਹੈ। ਇਸ ਟੈਂਡਰ ਵਿਚ ਨਵੰਬਰ ਮਹੀਨੇ ਤੋਂ 33 ਯੂਨੀਪੋਲਸ ਦੀਆਂ ਆਈਟਮਾਂ ਵੀ ਜੁੜ ਜਾਣਗੀਆਂ, ਜਿਸ ਨਾਲ ਇਸ ਟੈਂਡਰ ਦੀ ਰਿਜਰਵ ਪ੍ਰਾਈਸ ਸਾਲਾਨਾ 10.60 ਕਰੋੜ ਰੁਪਏ ਹੋ ਜਾਵੇਗੀ। ਜੇਕਰ 3 ਕੰਪਨੀਆਂ ਵਿਚਕਾਰ ਮੁਕਾਬਲੇਬਾਜੀ ਹੁੰਦੀ ਹੈ ਤਾਂ ਇਹ ਟੈਂਡਰ ਲੱਗਭਗ 12 ਕਰੋੜ ਰੁਪਏ ਸਾਲਾਨਾ ਵਿਚ ਅਲਾਟ ਹੋਵੇਗਾ। ਹਰ ਸਾਲ ਇਸ ਵਿਚ 5 ਫੀਸਦੀ ਦਾ ਵਾਧਾ ਹੋਵੇਗਾ। ਇਸ ਹਿਸਾਬ ਨਾਲ ਅਗਲੇ 7 ਸਾਲਾਂ ਦੌਰਾਨ ਨਿਗਮ ਨੂੰ 100 ਕਰੋੜ ਰੁਪਏ ਤੋਂ ਜ?ਆਦਾ ਆਉਣਗੇ ਪਰ ਟੈਂਡਰ ਅਲਾਟਮੈਂਟ ਵਿਚ ਹੋ ਰਹੀ ਦੇਰੀ ਨਾਲ ਨਿਗਮ ਦਾ ਰੈਵੇਨਿਊ ਪ੍ਰਭਾਵਿਤ ਹੋਣ ਲੱਗਾ ਹੈ। ਇਸ ਦੇਰੀ ਕਾਰਨ ਇਹ ਖਦਸ਼ਾ ਵੀ ਪ੍ਰਗਟਾਇਆ ਜਾਣ ਲੱਗਾ ਹੈ ਕਿ ਕਿਤੇ ਸੱਤਾ ਧਿਰ ਦੇ ਕਿਸੇ ਆਗੂ ਦਾ ਇਸ ਦੇ ਪਿੱਛੇ ਹੱਥ ਤਾਂ ਨਹੀਂ। ਜਿਹੜਾ ਇਸ਼ਤਿਹਾਰਾਂ ਦਾ ਟੈਂਡਰ ਲੈਣ ਲਈ ਪਹਿਲਾਂ ਤੋਂ ਲੱਗੇ ਟੈਂਡਰ ਵਿਚ ਦਬਾਅ ਅਤੇ ਅੜਿੱਕਾ ਪਾ ਰਿਹਾ ਹੈ। ਇਹ ਵੀ ਹੋ ਸਕਦਾ ਹੈ ਕਿ ਨਾਜਾਇਜ ਇਸ਼ਤਿਹਾਰ ਲਾਉਣ ਵਾਲਾ ਮਾਫੀਆ ਇਸ ਦੇ ਪਿੱਛੇ ਹੋਵੇ।